ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 10 | Issue 37 | 23 September 2020 to 29 September 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਅਮਰੀਕੀ ਲੋਕ ਨਫਰਤ ਭਰੇ ਭਾਸ਼ਣਾਂ ਨੂੰ ਰੱਦ ਕਰਕੇ ਵੋਟ ਪਾਉਣ: ਪ੍ਰਿੰਸ ਹੈਰੀ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਬਰਤਾਨੀਆ ਦੇ ਸ਼ਾਹੀ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਤੋਂ ਵੱਖ ਹੋ ਕੇ ਆਪਣੀ ਪਤਨੀ ਨਾਲ ਰਹਿ ਰਹੇ ਪ੍ਰਿੰਸ ਹੈਰੀ ਨੇ ਅਮਰੀਕੀ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ "ਨਫਰਤ ਭਰੇ ਭਾਸ਼ਣਾਂ ਨੂੰ ਰੱਦ ਕਰਕੇ' ਆਉਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿਚ ਵੋਟ ਪਾਉਣ।

ਅਮਰੀਕੀ ਟੈਲੀਵਿਜ਼ਨ ਚੈਨਲ 'ਤੇ ਜਦੋਂ ਹੈਰੀ ਨੇ ਇਹ ਬਿਆਨ ਦਿੱਤਾ ਤਾਂ ਉਹਨਾਂ ਨਾਲ ਉਹਨਾਂ ਦੀ ਪਤਨੀ ਮੇਘਨ ਵੀ ਮੌਜੂਦ ਸੀ।

ਹੈਰੀ ਅਤੇ ਮੇਘਨ ਦੇ ਬੁਲਾਰੇ ਨੇ ਬਾਅਦ ਵਿਚ ਸਪਸ਼ਟ ਕਰਦਿਆਂ ਕਿਹਾ ਕਿ ਇਹ ਬਿਆਨ ਕਿਸੇ ਪਾਰਟੀ ਦੇ ਸਮਰਥਨ ਜਾਂ ਕਿਸੇ ਦੇ ਵਿਰੋਧ ਵਿਚ ਨਹੀਂ ਦਿੱਤਾ ਗਿਆ, ਮਹਿਜ਼ ਲੋਕਾਂ ਨੂੰ ਸਿਆਣਪ ਨਾਲ ਵੋਟ ਪਾਉਣ ਲਈ ਕਿਹਾ ਹੈ।

ਅਮਰੀਕਾ ਵਿਚ ਅਗਲੇ ਰਾਸ਼ਟਰਪਤੀ ਦੀ ਚੋਣ ਲਈ 3 ਨਵੰਬਰ ਨੂੰ ਵੋਟਾਂ ਪੈਣੀਆਂ ਹਨ ਅਤੇ ਮੁੱਖ ਮੁਕਾਬਲਾ ਮੌਜੂਦਾ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਸਾਬਕਾ ਉਪ ਰਾਸ਼ਟਰਪਤੀ ਜੋਇ ਬਿਡੇਨ ਦਰਮਿਆਨ ਹੈ।

ਪ੍ਰਿੰਸ ਹੈਰੀ ਅਤੇ ਉਹਨਾਂ ਦੀ ਪਤਨੀ ਇਸ ਸਮੇਂ ਅਮਰੀਕਾ ਦੇ ਕੈਲੀਫੋਰਨੀਆ ਵਿਚ ਰਹਿ ਰਹੇ ਹਨ। ਸ਼ਾਹੀ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਤੋਂ ਵੱਖ ਹੋਣ ਮਗਰੋਂ ਇਸ ਜੋੜੇ ਦੀ ਇਹ ਪਹਿਲੀ ਟੀਵੀ ਮੁਲਾਕਾਤ ਸੀ।



ਉਹਨਾਂ ਅਮਰੀਕੀਆਂ ਨੂੰ ਨਕਾਰਾਤਮਕ ਆਨਲਾਈਨ ਸਮਗਰੀ ਤੋਂ ਦੂਰ ਰਹਿਣ ਅਤੇ ਇਸਨੂੰ ਉਹਨਾਂ ਦੀ ਸਕਾਰਾਤਮਕ ਸੋਚ 'ਤੇ ਭਾਰੂ ਨਾ ਪੈਣ ਦੇਣ ਦੀ ਸਲਾਹ ਦਿੱਤੀ। 36 ਸਾਲਾ ਪ੍ਰਿੰਸ ਹੈਰੀ ਨੇ ਕਿਹਾ ਕਿ ਅਮਰੀਕੀ ਨਾਗਰਿਕ ਨਾ ਹੋਣ ਕਾਰਨ ਉਹ ਇਸ ਵਾਰ ਅਮਰੀਕੀ ਚੋਣਾਂ ਵਿਚ ਵੋਟ ਨਹੀਂ ਪਾ ਸਕਣਗੇ ਅਤੇ ਉਹਨਾਂ ਦੱਸਿਆ ਕਿ ਉਹਨਾਂ ਅੱਜ ਤਕ ਬਰਤਾਨੀਆ ਵਿਚ ਵੀ ਕਦੇ ਵੋਟ ਨਹੀਂ ਪਾਈ।

ਭਾਵੇਂ ਕਿ ਬਰਤਾਨੀਆ ਵਿਚ ਸ਼ਾਹੀ ਪਰਿਵਾਰ ਵੋਟ ਪਾ ਸਕਦਾ ਹੈ ਪਰ ਨਿਰਪੱਖ ਰਹਿਣ ਦੀ ਮਨਸ਼ਾ ਨਾਲ ਸ਼ਾਹੀ ਪਰਿਵਾਰ ਵੋਟ ਨਹੀਂ ਪਾਉਂਦਾ।

ਸ਼ਾਹੀ ਪਰਿਵਾਰ ਦੇ ਵੋਟ ਪਾਉਣ ਨੂੰ ਗੈਰ ਸੰਵਿਧਾਨਕ ਮੰਨਿਆ ਜਾਂਦਾ ਹੈ।

# ਕਿਸਾਨੀ ਦੇ ਮੋਰਚੇ 'ਤੇ ਪੰਜਾਬ ਅਤੇ ਦਿੱਲੀ ਦੀ ਜੰਗ ਸ਼ੁਰੂ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਰਤ ਦੀ ਕੇਂਦਰੀ ਸਰਕਾਰ ਵੱਲੋਂ ਬਣਾਏ ਜਾ ਰਹੇ ਕਿਸਾਨ ਵਿਰੋਧੀ ਕਾਨੂੰਨਾਂ ਖਿਲਾਫ ਪੰਜਾਬ ਨੇ ਇਕ ਸੁਰ ਹੋ ਕੇ ਦਿੱਲੀ ਦੀ ਸੱਤਾ ਖਿਲਾਫ ਸੰਘਰਸ਼ ਸ਼ੁਰੂ ਕਰ ਦਿੱਤਾ ਹੈ। ਹਲਾਂਕਿ ਭਾਰਤ ਦੀ ਪਾਰਲੀਮੈਂਟ ਵਿਚ ਆਪਣੇ ਬਹੁਮਤ ਅਤੇ ਗੁੰਡਾਗਰਦੀ ਦੇ ਜ਼ੋਰ 'ਤੇ ਭਾਰਤ ਸਰਕਾਰ ਦੀ ਸੱਤਾਧਾਰੀ ਧਿਰ ਭਾਜਪਾ ਨੇ ਕਿਸਾਨ ਵਿਰੋਧੀ ਬਿੱਲ ਪਾਸ ਕਰਵਾ ਲਏ ਹਨ, ਪਰ ਪੰਜਾਬ ਦੇ ਕਿਸਾਨ ਇਹਨਾਂ ਕਾਨੂੰਨਾਂ ਤੋਂ ਬਾਗੀ ਹੋ ਕੇ ਸੜਕਾਂ 'ਤੇ ਉਤਰੇ ਹੋਏ ਹਨ। ਕਿਸਾਨ ਸੰਘਰਸ਼ ਦਾ ਅਗਲਾ ਨਿਸ਼ਾਨਾ ਭਾਰਤੀ ਰੇਲ ਦੀਆਂ ਪਟੜੀਆਂ ਮਿਥਿਆ ਗਿਆ ਹੈ।

1 ਅਕਤੂਬਰ ਤੋਂ ਪੰਜਾਬ ਵਿਚ ਭਾਰਤੀ ਰੇਲਾਂ ਦਾ ਚੱਕਾ ਜਾਮ

ਮੋਗਾ ਵਿਚ ਅੱਜ ਪੰਜਾਬ ਦੀਆਂ 31 ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਇਕੱਤਰਤਾ ਹੋਈ। ਇਸ ਇਕੱਤਰਤਾ ਵਿਚ ਸੰਘਰਸ਼ ਦੀ ਅਗਲੇਰੀ ਰੂਪ ਰੇਖਾ ਸਬੰਧੀ ਵਿਚਾਰ ਕੀਤੀ ਗਈ। ਕਿਸਾਨ ਜਥੇਬੰਦੀਆਂ ਨੇ ਐਲਾਨ ਕੀਤਾ ਕਿ ਜੇ ਸਰਕਾਰ ਇਹ ਕਿਸਾਨ ਵਿਰੋਧੀ ਕਾਨੂੰਨ ਬਣਾਉਣ ਤੋਂ ਪਿੱਛੇ ਨਹੀਂ ਹਟੀ ਤਾਂ 1 ਅਕਤੂਬਰ ਤੋਂ ਪੰਜਾਬ ਵਿਚ ਅਣਮਿੱਥੇ ਸਮੇਂ ਲਈ ਭਾਰਤੀ ਰੇਲਾਂ ਰੋਕ ਦਿੱਤੀਆਂ ਜਾਣਗੀਆਂ। ਕਿਸਾਨ ਜਥੇਬੰਦੀਆਂ ਨੇ ਫੈਸਲਾ ਕੀਤਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਦਬਾਅ ਪਾਇਆ ਜਾਵੇਗਾ ਕਿ ਤੁਰੰਤ ਪੰਜਾਬ ਦਾ ਵਿਧਾਨ ਸਭਾ ਸੈਸ਼ਨ ਬੁਲਾ ਕੇ ਇਹਨਾਂ ਤਿੰਨੇ ਭਾਰਤੀ ਬਿੱਲਾਂ ਨੂੰ ਰੱਦ ਕੀਤਾ ਜਾਵੇ। ਕਿਸਾਨ ਯੂਨੀਅਨਾਂ ਨੇ ਪੰਜਾਬ ਦੇ ਭਾਜਪਾ



ਆਗੂਆਂ ਦੇ ਘਰ ਘੇਰਨ ਅਤੇ ਇਹਨਾਂ ਦੇ ਬਾਈਕਾਟ ਦਾ ਸੱਦਾ ਦਿੱਤਾ ਹੈ। ਇਸ ਤੋਂ ਇਲਾਵਾ ਬੈਠਕ ਵਿਚ ਫੈਸਲਾ ਕਰਕੇ ਪੰਜਾਬ ਦੀਆਂ ਸਮੂਹ ਗ੍ਰਾਮ ਸਭਾਵਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਇਹਨਾਂ ਭਾਰਤੀ ਬਿੱਲਾਂ ਨੂੰ ਰੱਦ ਕਰਨ ਦਾ ਮਤਾ ਪਾਸ ਕਰਨ।

ਜ਼ਿਕਰਯੋਗ ਹੈ ਕਿ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ 25 ਸਤੰਬਰ ਨੂੰ ਕਿਸਾਨ ਵਿਰੋਧੀ ਭਾਰਤੀ ਬਿੱਲਾਂ ਖਿਲਾਫ ਪੰਜਾਬ ਬੰਦ ਦਾ ਸੱਦਾ ਦਿੱਤਾ ਗਿਆ ਹੈ। ਇਸ ਸੱਦੇ ਦਾ ਸਿੱਖ ਜਥੇਬੰਦੀਆਂ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਦਲ ਖ਼ਾਲਸਾ, ਯੂਨਾਈਟਿਡ ਅਕਾਲੀ ਦਲ ਆਦਿ ਵੱਲੋਂ ਸਮਰਥਨ ਕੀਤਾ ਗਿਆ ਹੈ। ਵਿਦਿਆਰਥੀ ਜਥੇਬੰਦੀ ਸੱਥ ਨੇ ਪੰਜਾਬ ਦੇ ਸਮੂਹ ਵਿਦਿਆਰਥੀਆਂ ਨੂੰ ਕਿਸਾਨ ਮੋਰਚਿਆਂ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

### 25 ਨੂੰ ਪਨਬਸ ਕਾਮਿਆਂ ਵੱਲੋਂ ਬੱਸਾਂ ਦੇ ਚੱਕਾ ਜਾਮ

ਕਿਸਾਨ ਮਾਰੂ ਖੇਤੀ ਆਰਡੀਨੈਂਸਾਂ/ਬਿੱਲਾਂ ਨੂੰ ਰੱਦ ਕਰਵਾਉਣ ਲਈ ਕਿਸਾਨਾਂ ਵਲੋਂ 25 ਸਤੰਬਰ ਨੂੰ ਦਿੱਤੇ ਪੰਜਾਬ ਬੰਦ ਦੇ ਸੱਦੇ ਨੂੰ ਹਮਾਇਤ ਦਿੰਦਿਆਂ ਪਨਬਸ ਕਾਮਿਆਂ ਨੇ ਬੱਸਾਂ ਦਾ ਚੱਕਾ ਜਾਮ ਕਰਕੇ ਕਿਸਾਨਾਂ ਦੇ ਧਰਨਿਆਂ 'ਚ ਸ਼ਮੂਲੀਅਤ ਕਰਨ ਦਾ ਐਲਾਨ ਕੀਤਾ ਹੈ।

ਬਜ਼ਾਰਾਂ ਵਿਚ ਕਿਸਾਨ ਕਰ ਰਹੇ ਨੇ ਮਾਰਚ

25 ਸਤੰਬਰ ਦੇ ਪੰਜਾਬ ਬੰਦ ਦਾ ਸੱਦਾ ਦੇਣ ਲਈ ਕਿਸਾਨਾਂ ਵੱਲੋਂ ਪੰਜਾਬ ਭਰ ਵਿਚ ਬਜ਼ਾਰਾਂ ਅੰਦਰ ਮਾਰਚ ਕੀਤੇ ਜਾ ਰਹੇ ਹਨ। 5 ਸਤੰਬਰ ਨੂੰ ਦਿੱਤੇ ਬੰਦ ਦੇ ਸੱਦੇ 'ਤੇ ਬਾਜ਼ਾਰਾਂ 'ਚ ਦੁਕਾਨਦਾਰਾਂ ਨੂੰ ਦੁਕਾਨਾਂ ਬੰਦ ਰੱਖਣ ਅਤੇ ਸੰਘਰਸ਼ ਵਿੱਚ ਕਿਸਾਨਾਂ ਦਾ ਸਾਥ ਦੇਣ ਅਪੀਲ ਕਰਦਿਆਂ ਨਾਅਰੇਬਾਜ਼ੀ ਕੀਤੀ ਜਾ ਰਹੀ ਹੈ। ਬੰਦ ਵਿਚ ਚੱਕਾ ਜਾਮ ਕਰੇਗਾ ਬਾਦਲ ਦਲ

ਕਿਸਾਨਾਂ ਦੇ ਰੋਹ ਦਾ ਸਾਹਮਣਾ ਕਰ ਰਹੇ ਭਾਜਪਾ ਦੇ ਭਾਈਵਾਲ ਬਾਦਲ ਦਲ ਨੇ ਭਾਵੇਂ ਕਿ ਹਰਸਿਮਰਤ ਕੌਰ ਬਾਦਲ ਦੇ ਅਸਤੀਫੇ ਨਾਲ ਆਪਣੀ ਖਲ ਬਚਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਉਹਨਾਂ ਵੱਲੋਂ 25 ਸਤੰਬਰ ਨੂੰ ਚੱਕਾ ਜਾਮ ਕਰਨ ਦੇ ਦਿੱਤੇ ਗਏ ਸੱਦੇ 'ਤੇ ਕਈ ਸਵਾਲ ਖੜੇ ਹੋ ਰਹੇ ਹਨ। ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਕਿਸਾਨ ਸੰਘਰਸ਼ ਦੇ ਸਮਰਥਨ ਬਿਚਚ 25 ਸਤੰਬਰ ਨੂੰ ਚੱਕਾ ਜਾਮ ਕਰਨ ਦਾ ਐਲਾਨ ਕੀਤਾ ਹੈ ਜਦਕਿ ਉਸ ਤੋਂ ਪਹਿਲਾਂ ਹੀ ਸਮੂਹਿਕ ਤੌਰ 'ਤੇ ਪੰਜਾਬ ਵਿਚ ਇਸ ਦਿਨ ਬੰਦ ਦਾ ਐਲਾਨ ਹੋ ਚੁੱਕਿਆ ਸੀ। ਇਸ ਤੋਂ ਇਲਾਵਾ ਬਾਦਲ ਦਲ ਵੱਲੋਂ 1 ਅਕਤੂਬਰ ਨੂੰ ਤਿੰਨੇ ਤਖ਼ਤਾਂ ਅਕਾਲ ਤਖਤ ਸਾਹਿਬ, ਦਮਦਮਾ ਸਾਹਿਬ ਤੇ ਕੇਸਗੜ੍ਹ ਸਾਹਿਬ ਤੋਂ ਮੋਹਾਲੀ ਤਕ 'ਕਿਸਾਨ ਮਾਰਚ' ਕੱਢਣ ਅਤੇ ਉੱਥੇ ਕਿਸਾਨਾਂ ਦੇ ਹੱਕ ਵਿਚ ਰੈਲੀ ਕਰਨ ਦਾ ਐਲਾਨ ਕੀਤਾ ਗਿਆ ਹੈ।

# ਕਿਸਾਨੀ ਤੋਂ ਬਾਅਦ ਭਾਰਤ ਦੀ ਪਾਰਲੀਮੈਂਟ ਨੇ ਮਾਂ-ਬੋਲੀ ਪੰਜਾਬੀ ਦੀ ਮੌਤ ਦੇ ਬਿੱਲ 'ਤੇ ਦਸਤਖ਼ਤ ਕੀਤੇ

**ਅੰਮ੍ਰਿਤਸਰ ਟਾਈਮਜ਼ ਬਿਊਰ :** ਕਿਸਾਨੀ ਬਿੱਲਾਂ ਤੋਂ ਬਾਅਦ ਭਾਰਤ ਦੀ ਪਾਰਲੀਮੈਂਟ ਤੋਂ ਪੰਜਾਬੀਆਂ ਲਈ ਨਵਾਂ ਮਾਰੂ ਫੈਸਲਾ ਵੀ ਪਾਸ ਕਰ ਦਿੱਤਾ ਗਿਆ ਹੈ। ਭਾਰਤ ਦੀ ਪਾਰਲੀਮੈਂਟ ਨੇ ਅੱਜ ਬੁੱਧਵਾਰ ਨੂੰ ਜੰਮੂ-ਕਸ਼ਮੀਰ ਦੇ ਭਾਸ਼ਾ ਬਿੱਲ -2020 ਨੂੰ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਵਿਚ ਪੰਜ ਭਾਸ਼ਾਵਾਂ ਹਿੰਦੀ, ਅੰਗਰੇਜ਼ੀ, ਉਰਦੂ, ਕਸ਼ਮੀਰੀ ਅਤੇ ਡੋਗਰੀ ਨੂੰ ਕੇਂਦਰੀ ਸ਼ਾਸਤ ਪ੍ਰਦੇਸ਼ ਦੀ ਅਧਿਕਾਰਤ ਭਾਸ਼ਾ ਦਾ ਦਰਜਾ ਦਿੱਤਾ ਗਿਆ ਹੈ ਅਤੇ ਜੰਮੂ ਕਸ਼ਮੀਰ ਵਿਚ ਰਹਿੰਦੇ ਲੱਖਾਂ ਪੰਜਾਬੀਆਂ ਦੀ ਮਾਂ-ਬੋਲੀ ਪੰਜਾਬੀ ਨੂੰ ਖਤਮ ਕਰ ਦਿੱਤਾ ਗਿਆ ਹੈ। ਭਾਰਤ ਸਰਕਾਰ ਦੇ ਇਸ ਪੰਜਾਬੀ ਵਿਰੋਧੀ ਫੈਸਲਾ ਦਾ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਅਤੇ ਸਮਾਜਿਕ ਜਥੇਬੰਦੀਆਂ ਅਤੇ ਜੰਮੂ ਕਸ਼ਮੀਰ ਦੀਆਂ ਸਿੱਖ ਜਥੇਬੰਦੀਆਂ ਤੇ ਪੰਜਾਬੀ ਸਾਹਿਤਕ ਸੰਸਥਾਵਾਂ ਨੇ ਸਖ਼ਤ ਵਿਰੋਧ ਕੀਤਾ ਸੀ, ਪਰ ਕੇਂਦਰ ਸਰਕਾਰ ਨੇ ਇਸ ਵਿਰੋਧ ਦੀ ਕੋਈ ਪ੍ਰਵਾਹ ਨਹੀਂ ਕੀਤੀ।

ਬਿੱਲ 'ਤੇ ਰਾਜ ਸਭਾ ਵਿੱਚ ਬਹਿਸ ਤੋਂ ਬਾਅਦ ਇਸ ਨੂੰ ਪਾਸ ਕਰ ਦਿੱਤਾ ਗਿਆ। ਲੋਕ ਸਭਾ ਇਸ ਨੂੰ ਪਹਿਲਾਂ ਹੀ ਪਾਸ ਕਰ ਚੁੱਕਾ ਹੈ। ਗ੍ਰਹਿ ਰਾਜ ਮੰਤਰੀ ਜੀ. ਕਿਸ਼ਨ ਰੈਡੀ ਨੇ ਕਿਹਾ ਮੰਤਰੀ ਨੇ ਕਿਹਾ ਕਿ ਜੰਮੂ-ਕਸ਼ਮੀਰ ਵਿੱਚ ਪੰਜਾਬੀ ਭਾਸ਼ਾ ਬੋਲਣ ਵਾਲੇ ਲੋਕਾਂ ਦੀ ਗਿਣਤੀ 1.78 ਪ੍ਰਤੀਸ਼ਤ ਹੈ ਅਤੇ ਪੰਜਾਬੀ ਨੂੰ ਜੰਮੂ ਕਸ਼ਮੀਰ ਵਿਚੋਂ ਖਤਮ ਕਰਨ ਦਾ ਇਸ ਅਧਾਰ 'ਤੇ ਪ੍ਰਬੰਧ ਕਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਧਾਰਾ 370 ਤੋੜਨ ਤੋਂ ਪਹਿਲਾਂ ਵਾਲੇ ਜੰਮੂ ਕਸ਼ਮੀਰ ਦੇ ਸੰਵਿਧਾਨ ਵਿਚ ਪੰਜਾਬੀ ਭਾਸ਼ਾ ਇਕ ਸਰਕਾਰੀ ਭਾਸ਼ਾ ਵਜੋਂ ਸ਼ਾਮਲ ਸੀ। ਸ਼੍ਰੋਮਣੀ ਅਕਾਲੀ ਦਲ ਦੇ ਨਰੇਸ਼ ਗੁਜਰਾਲ ਨੇ ਕਿਹਾ ਕਿ ਇਸ ਬਿੱਲ ਵਿੱਚ ਪੰਜਾਬੀ ਨੂੰ ਸ਼ਾਮਲ ਨਾ ਕਰਨਾ ਮੰਦਭਾਗਾ ਹੈ। ਜੰਮੂ ਕਸ਼ਮੀਰ ਦੇ ਸੰਵਿਧਾਨ ਵਿੱਚ ਵੀ ਪੰਜਾਬੀ ਅਧਿਕਾਰਤ ਭਾਸ਼ਾ ਸੀ।

ਜੰਮੂ ਕਸ਼ਮੀਰ ਦੀ ਪਾਰਟੀ ਪੀਡੀਪੀ ਦੇ ਆਗੂ ਮੀਰ ਮੋਹੰਮਦ ਫੈਜ਼ ਨੇ ਕਿਹਾ ਕਿ ਇਸ ਬਿੱਲ ਵਿਚ ਪੰਜਾਬੀ, ਗੁੱਜਰੀ ਅਤੇ ਪਹਾੜੀ ਭਾਸ਼ਾਵਾਂ ਨੂੰ ਵੀ ਸ਼ਾਮਲ ਕੀਤਾ ਜਾਵੇ। ਕਿਸਾਨ ਬਿੱਲਾਂ ਕਾਰਨ ਵਿਰੋਧੀ ਧਿਰ ਨੇ ਸੰਸਦ ਦੀਆਂ ਕਾਰਵਾਈਆਂ ਦਾ ਬਾਈਕਾਟ ਕੀਤਾ ਹੋਇਆ ਹੈ ਜਿਸ ਨਾਲ ਭਾਜਪਾ ਨੂੰ ਇਹ ਬਿੱਲ ਪਾਸ ਕਰਾਉਣ ਵਿਚ ਕੋਈ ਦਿੱਕਤ ਨਹੀਂ ਹੋਈ।

ਮਰਦਮਸ਼ੁਮਾਰੀ CALIFORNIA ALL 2020

# ਅੱਜ ਹੀ ਮਰਦਮਸ਼ੁਮਾਰੀ ਨੂੰ ਪੂਰਾ ਕਰੋ

CENSUS 2020 BE COUNTED, CALIFORNIA

ਮਰਦਮਸ਼ੁਮਾਰੀ ਨੌਂ ਸਵਾਲਾਂ ਵਾਲਾ ਇੱਕ ਸਾਧਾਰਨ ਸਰਵੇਖਣ ਹੁੰਦਾ ਹੈ ਜੋ ਕਿ ਹਰ ਦਸ ਸਾਲਾਂ ਬਾਅਦ ਕੀਤਾ ਜਾਂਦਾ ਹੈ ਅਤੇ ਮਹੱਤਵਪੂਰਨ ਭਾਈਚਾਰਾ ਸੇਵਾਵਾਂ ਲਈ ਫੈਡਰਲ ਫੰਡ ਵਿੱਤ ਨਿਰਧਾਰਤ ਕਰਦਾ ਹੈ।

**ਮਰਦਮਸ਼ੁਮਾਰੀ ਇਹ ਇਹ ਨਿਸ਼ਚਿਤ ਕਰਨ ਵਿਚ ਮਦਦ ਕਰੇਗੀ ਕਿ ਸਾਡੇ ਪਰਿਵਾਰਾਂ ਤੱਕ ਕਿੰਨੇ ਅਰਬਾਂ ਡਾਲਰ ਪਹੁੰਚਾਏ ਜਾਣਗੇ।**

ਮੈਡੀਕਲ ਕੇਅਰ

ਬੱਚਿਆਂ ਦਾ ਭੋਜਨ ਸਹਾਇਤਾ

ਸਕੂਲ ਅਤੇ ਹਾਊਸਿੰਗ

ਕਈ ਕੰਪਨੀਆਂ ਇਹ ਫ਼ੈਸਲਾ ਲੈਣ ਲਈ ਮਰਦਮਸ਼ੁਮਾਰੀ ਦੀ ਜਾਂਚ ਕਰਦੀਆਂ ਹਨ ਕਿ ਕਿਸ ਜਗ੍ਹਾ ਅਜਿਹੇ ਨਵੇਂ ਕਾਰੋਬਾਰ ਖੋਲ੍ਹੇ ਜਾਣ ਜੋ ਸਥਾਨਕ ਭਾਈਚਾਰਿਆਂ ਵਿੱਚ ਰੁਜ਼ਗਾਰ ਪੈਦਾ ਕਰਨ ਵਿੱਚ ਮਦਦ ਕਰਦੇ ਹਨ।

## ਕੈਲੀਫੋਰਨੀਆ ਕੋਲ ਜਵਾਬ ਦੇਣ ਦੇ ਤਿੰਨ ਵਿਕਲਪ ਹੋਣਗੇ

**ਆਨਲਾਈਨ**
**my2020census.gov**

**ਫ਼ੋਨ ਦੁਆਰਾ**
**844-330-2020**

**ਡਾਕ ਰਾਹੀਂ**
ਅੱਜ ਹੀ ਮਰਦਮਸੁਮਾਰੀ ਨੂੰ ਪੂਰਾ!

ਹਰ ਕਿਸੇ ਲਈ ਮਰਦਮਸ਼ੁਮਾਰੀ ਦਾ ਜਵਾਬ ਦੇਣਾ ਲਾਜ਼ਮੀ ਹੈ। ਸਾਰੇ ਕੈਲੀਫੋਰਨੀਆ ਵਾਸੀਆਂ ਦੇ ਕੁੱਝ ਮੁੱਢਲੇ ਅਧਿਕਾਰ ਹੁੰਦੇ ਹਨ ਅਤੇ ਹਰ ਭਾਈਚਾਰੇ ਦਾ ਅਧਿਕਾਰ ਹੈ ਕਿ ਮਹੱਤਵਪੂਰਨ ਭਾਈਚਾਰਾ ਸੇਵਾਵਾਂ ਮਿਲਣ।

**ਹਰੇਕ ਵਿਅਕਤੀ ਲਈ ਆਪਣੇ ਮਰਦਮਸ਼ੁਮਾਰੀ ਫਾਰਮ ਨੂੰ ਪੂਰਾ ਕਰਨਾ ਮਹੱਤਲਪੂਰਨ ਹੈ ਅਤੇ ਸਤੰਬਰ 30 ਤੋਂ ਪਹਿਲਾਂ ਪੂਰਾ ਕਰੋ।**

---

ਕਾਨੂੰਨ ਅਨੁਸਾਰ ਤੁਹਾਡੇ ਸਾਰੇ ਜਵਾਬ ਗੁਪਤ ਰੱਖੇ ਜਾਂਦੇ ਹਨ।

---

CaliforniaCensus.org

@CACensus

# ਸਕੋਪ ਨੇ ਅਮਰੀਕੀ ਚੋਣਾਂ ਸਬੰਧੀ ਆਪਣੀ ਨੀਤੀ ਸ਼ਪੱਸ਼ਟ ਕੀਤੀ

ਸਰਬੱਤ ਦਾ ਭਲਾ
SCOPE
Sikh Community Organized for Political Engagement.

**ਯੂਨੀਅਨ ਸਿਟੀ/ਏ.ਟੀ.ਨਿਊਜ਼:** ਅਮਰੀਕਾ ਦੇ ਰਾਸ਼ਟਰਪਤੀ ਦੀਆਂ ਚੋਣਾਂ ਹਰ 4 ਸਾਲ ਬਾਅਦ ਹੁੰਦੀਆਂ ਹਨ ਅਤੇ ਇਸ ਨਵੰਬਰ ਵਿੱਚ ਰਾਸ਼ਟਰਪਤੀ ਦੇ ਨਾਲ-ਨਾਲ ਸ਼ਹਿਰਾਂ ਅਤੇ ਕਾਊਂਟੀਆਂ ਦੇ ਅਹੁਦੇਦਾਰ ਵੀ ਚੁਣੇ ਜਾਂਦੇ ਹਨ। ਕੈਲੇਫੋਰਨੀਆਂ ਦੇ ਬੇ ਏਰੀਆ ਵਿੱਚ ਸਿੱਖਾਂ ਵੱਲੋਂ ਅਮਰੀਕਨ ਸਿਆਸਤ ਵਿੱਚ ਵੀ ਕਾਫ਼ੀ ਦਿਲਚਸਪੀ ਦਿਖਾਈ ਜਾਂਦੀ ਹੈ ਅਤੇ ਉੱਥੇ ਸਕੋਪ (ਸਿੱਖ ਕਮਿਊਨਿਟੀ ਆਰਗੇਨਾਈਜ਼ਡ ਫਾਰ ਪੌਲੀਟੀਕਲ ਇੰਗੇਜ਼ਮੈਂਟ) ਨਾਮ ਦੀ ਜੱਥੇਬੰਦੀ ਨੇ ਕੁੱਝ ਅਹਿਮ ਫ਼ੈਸਲੇ ਲੈਂਦੇ ਹੋਏ ਐਲਾਨ ਕੀਤੇ ਹਨ ਜੋ ਇਸਪ੍ਰਕਾਰ ਹਨ:

ਦੁਨੀਆਂ ਦੀ ਸਿਆਸਤ ਵਿੱਚ ਸਿੱਖਾਂ ਨੂੰ ਗੁਰੂ ਨਾਨਕ ਪਾਤਿਸ਼ਾਹ ਦੇ ਸਿਧਾਂਤ ਨੂੰ ਅਪਣਾਉਂਦੇ ਹੋਏ ਸਰਬੱਤ ਦੇ ਭਲੇ ਦੇ ਮੁੱਖ ਮੰਤਵ ਲਈ ਅੱਗੇ ਆਉਣਾ ਚਾਹੀਦਾ ਹੈ ਅਤੇ ਕਿਸੇ ਭੇਦ ਭਾਵ ਦੇ ਯੋਗ ਉਮੀਦਵਾਰਾਂ ਦੀ ਮਦਦ ਕਰਨੀ ਚਾਹੀਦੀ ਹੈ।

ਜਿਹੜੇ ਸਿੱਖ ਅਮਰੀਕਨ ਸਿਆਸਤ ਵਿੱਚ ਜਾਣਾ ਚਾਹੁੰਦੇ ਹਨ ਉਹਨਾਂ ਨੂੰ ਗੁਰਦੁਆਰਿਆਂ ਦੀ ਸਿਆਸਤ ਤੋਂ ਦੂਰ ਰਹਿ ਕੇ ਸਾਰੇ ਧੜਿਆਂ ਤੋਂ ਮਦਦ ਲੈਣੀ ਚਾਹੀਦੀ ਹੈ। ਉਹਨਾਂ ਵੱਲੋਂ ਸਾਰੇ ਧੜਿਆਂ ਨੂੰ ਬਰਾਬਰ ਸਮਝਦੇ ਹੋਏ ਕਿਸੇ ਇੱਕ ਧੜੇ ਦਾ ਪੱਖ ਨਹੀਂ ਪੂਰਨਾ ਚਾਹੀਦਾ।

ਜੇ ਕਿਧਰੇ ਸਿੱਖ ਉਮੀਦਵਾਰ ਯੋਗ ਨਾਂ ਹੋਵੇ ਅਤੇ ਗ਼ੈਰਸਿੱਖ ਸਿੱਖ ਏਜੰਡੇ ਨੂੰ ਪ੍ਰਵਾਣ ਕਰਨ ਲਈ ਸਹਿਮਤ ਹੋਵੇ ਤਾਂ ਗ਼ੈਰਸਿੱਖ ਦੀ ਮਦਦ ਵੀ ਕੀਤੀ ਜਾ ਸਕਦੀ ਹੈ।

ਸਕੋਪ ਦੀ ਸੈਂਟਰ ਕਮੇਟੀ ਹਰ ਉਮੀਦਵਾਰ ਨੂੰ ਮਿਲਕੇ ਹੀ ਭਵਿੱਖ ਬਾਰੇ ਵਿਚਾਰਾਂ ਜਾਂ ਮਦਦ ਦਾ ਫੈਸਲਾ ਲਏਗੀ। ਸਕੋਪ ਵੱਲੋਂ ਭਾਈ ਕਸ਼ਮੀਰ ਸਿੰਘ ਸ਼ਾਹੀ ਨੇ ਬੋਲਦੇ ਹੋਏ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਸਕੋਪ ਕਿਹੜੇ ਉਮੀਦਵਾਰਾਂ ਨੂੰ ਇੰਡਰੋਸ ਕਰਦੀ ਹੈ, ਉਸ ਦੀ ਲਿਸਟ ਜਾਰੀ ਕੀਤੀ ਜਾਵੇਗੀ। ਉਹਨਾਂ ਨੇ ਸ਼ਪੱਸ਼ਟ ਕੀਤਾ ਕਿ ਉਹਨਾਂ ਦਾ ਟੀਚਾ ਸਿਰਫ ਸਿੱਖ ਉਮੀਦਵਾਰਾਂ ਦੀ ਜਿੱਤ ਲਈ ਮਦਦ ਕਰਨਾ ਹੀ ਨਹੀਂ ਸਗੋਂ ਸਿੱਖ ਏਜੰਡੇ ਤੇ ਕੌਣ ਪਹਿਰਾ ਦਿੰਦਾ ਹੈ ਅਤੇ ਯੋਗਤਾ ਦੇ ਅਧਾਰ ਤੇ ਹੀ ਮਦਦ ਕੀਤੀ ਜਾਏਗੀ।

# ਸੈਂਟਰਲ ਵੈਲੀ ਫਰਿਜ਼ਨੋ ਵਿੱਚ ਰੀਪਬਲਿਕ ਪਾਰਟੀ ਦੇ ਉਮੀਦਵਾਰ ਡੇਵਿੰਡ ਵਲਡਿਉ ਲਈ ਫੰਡ ਰੇਜ਼ਰ

## ਚਰਨਜੀਤ ਬਾਠ ਅਤੇ ਅਜੀਤ ਗਿੱਲ ਨੇ ਕੀਤਾ ਸਪਾਂਸਰ

**ਫਰਿਜ਼ਨੋ, (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਸੈਂਟਰਲ ਵੈਲੀ ਫਰਿਜ਼ਨੋ ਦੇ ਬਿਜ਼ਨਸਮੈਨ ਅਜੀਤ ਸਿੰਘ ਗਿੱਲ ਅਤੇ ਫਾਰਮਰ ਚਰਨਜੀਤ ਸਿੰਘ ਬਾਠ ਵੱਲੋਂ ਆਪਣੇ ਸਹਿਯੋਗੀ ਨਿੱਕ ਸਹੋਤਾ, ਮਨਦੀਪ ਸਿੰਘ ਅਤੇ ਹੋਰਨਾ ਦੇ ਸਹਿਯੋਗ ਨਾਲ ਏ. ਜੀ. ਸੈਂਟਰ ਕਰੰਦਰਜ਼ ਵਿਖੇ ਅਮਰੀਕਾ ਅੰਦਰ ਨਵੰਬਰ ਮਹੀਨੇ ਆ ਰਹੀ ਚੋਣ ਲਈ ਕਾਂਗਰਸ ਦੇ ਰੀਪਬਲਿਕ ਪਾਰਟੀ ਵੱਲੋਂ ਉਮੀਦਵਾਰ ਡੇਵਿੰਡ ਵਲਡਿਉ ਲਈ ਫੰਡ ਇਕੱਤਰ ਕੀਤਾ ਗਿਆ। ਜਿਸ ਸਮੇਂ ਇਲਾਕੇ ਦੀਆਂ ਸਿਰਕੱਢ ਸ਼ਖ਼ਸੀਅਤਾਂ ਅਤੇ ਫਾਰਮਰ ਹਾਜ਼ਰ ਹੋਏ।

ਇਸ ਸਮੇਂ ਸਟੇਜ਼ ਦੀ ਸ਼ੁਰੂਆਤ ਨੌਜਵਾਨ ਆਗੂ ਨਿੱਕ ਸਹੋਤਾ ਨੇ ਸਭ ਨੂੰ ਜੀ ਆਇਆਂ ਕਹਿਣ ਨਾਲ ਕੀਤੀ। ਜਦ ਕਿ ਫੰਡ ਰੇਜ਼ਰ ਦੇ ਮੁੱਖ ਪ੍ਰਬੰਧਕਾਂ ਵਿੱਚੋਂ ਅਜੀਤ ਸਿੰਘ ਗਿੱਲ ਨੇ ਡੇਵਿੰਡ ਵਲਡਿਉ ਨੂੰ 'ਜੀ ਆਇਆਂ ਕਹਿੰਦੇ ਹੋਏ' ਸਮੁੱਚੇ ਭਾਈਚਾਰੇ ਨਾਲ ਜੁੜੀਆਂ ਸਮੱਸਿਆਵਾਂ ਬਾਰੇ ਦੱਸਿਆ। ਇਸੇ ਤਰਾਂ ਚਰਨਜੀਤ ਸਿੰਘ ਬਾਠ ਨੇ ਸਥਾਨਕ ਖੇਤੀ-ਬਾੜੀ ਸਬੰਧੀ ਵਿਚਾਰਾਂ ਕਰਦੇ ਹੋਏ ਸਮਰਥਨ ਦੇਣ ਦੀ ਵਚਨਬੱਧਤਾ ਪ੍ਰਗਟਾਈ। ਇਸੇ ਤਰਾਂ ਬਾਕੀ ਬੁਲਾਰਿਆਂ ਵਿੱਚ ਮਨਦੀਪ ਸਿੰਘ, ਹਰਜਿੰਦਰ ਢਿੱਲੋਂ, ਰੂਬੀ ਧਾਲੀਵਾਲ, ਨੈਨਦੀਪ ਚੰਨ ਅਤੇ ਹੋਰ ਅਮੈਰੀਕਨ ਭਾਈਚਾਰੇ ਦੇ ਹਾਜ਼ਰ ਲੋਕਾਂ ਨੇ ਵਿਚਾਰਾਂ ਦੀ ਸਾਂਝ ਪਾਈ।

ਜਦਕਿ ਆਪਣੇ ਮੁੱਖ ਭਾਸ਼ਨ ਵਿੱਚ ਬੋਲਦਿਆਂ ਡੇਵਿੰਡ ਵਲਡਿਉ ਨੇ ਹਾਜ਼ਰੀਨ ਦੀਆਂ ਸਮੱਸਿਆਵਾਂ ਨੂੰ ਹਰ ਸੰਭਵ ਤਰੀਕੇ ਨਾਲ ਹੱਲ ਕਰਨ ਦਾ ਵਾਅਦਾ ਕੀਤਾ। ਇਸੇ ਤਰਾਂ ਇੰਮੀਗ੍ਰੇਸ਼ਨ ਦੇ ਮਸਲੇ ਬਾਰੇ ਵੀ ਸਮੱਸਿਆਵਾਂ 'ਤੇ ਵਿਚਾਰਾਂ ਹੋਈਆਂ।

ਇਸ ਸਮੇਂ ਪੰਜਾਬੀ ਭਾਈਚਾਰੇ ਤੋਂ ਬਿਨਾਂ ਅਮੈਰੀਕਨ ਭਾਈਚਾਰੇ ਦੇ ਫਾਰਮਰ, ਬਿਜ਼ਨਸ ਆਗੂ ਅਤੇ ਰਾਜਨੀਤੀ ਵਿੱਚ ਦਿਲਚਸਪੀ ਰੱਖਣ ਵਾਲੀਆਂ ਬਹੁਤ ਸਾਰੀਆਂ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਜਦਕਿ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਆਪਣੀ ਯੋਗਤਾ ਅਨੁਸਾਰ ਫੰਡ ਇਕੱਤਰਤਾ ਵਿੱਚ ਵੱਧ ਚੜ ਕੇ ਹਿੱਸਾ ਪਾਇਆ ਗਿਆ।

ਅੰਤ ਡੇਵਿੰਡ ਵਲਡਿਉ ਨੇ ਹਾਜ਼ਰੀਨ ਨੂੰ ਸਹਿਯੋਗ ਦੀ ਅਪੀਲ ਕਰਦੇ ਹੋਏ ਧੰਨਵਾਦ ਕੀਤਾ। ਪ੍ਰੋਗਰਾਮ ਦੌਰਾਨ ਪ੍ਰਬੰਧਕਾਂ ਵੱਲੋਂ ਸਭ ਹਾਜ਼ਰੀਨ ਲਈ ਖਾਣੇ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ।

# ਨਿੱਕ ਸਹੋਤਾ ਵੱਲੋਂ ਸਿਲਮਾ ਸਕੂਲ ਬੋਰਡ ਦੀ ਚੋਣ ਲਈ ਵੋਟਰਾਂ ਨੂੰ ਅਪੀਲ




**ਫਰਿਜ਼ਨੋ, (ਨੀਟਾ ਮਾਛੀਕੇ/ਕੁਲਵੰਤ ਧਾਲੀਆਂ):** ਅਮਰੀਕਾ ਵਿੱਚ ਤਿੰਨ ਨਵੰਬਰ ਨੂੰ ਵੋਟਾਂ ਪੈਣ ਜਾ ਰਹੀਆ ਹਨ। ਇਹਨਾਂ ਚੋਣਾਂ ਦੌਰਾਨ ਵੱਖੋ ਵੱਖ ਅਸਾਮੀਆਂ ਲਈ ਪੰਜਾਬੀ ਉਮੀਦਵਾਰ ਵੀ ਆਪੋ ਆਪਣੀ ਕਿਸਮਤ ਅਜ਼ਮਾ ਰਹੇ ਹਨ। ਇਸੇ ਕੜੀ ਤਹਿਤ ਫਰਿਜ਼ਨੋ ਦੇ ਲਾਗਲੇ ਸ਼ਹਿਰ ਸਿਲਮਾ ਤੋਂ ਇੰਜੀਨੀਅਰ ਨਰਿੰਦਰ ਸਿੰਘ ਸਹੋਤਾ (ਨਿੱਕ ਸਹੋਤਾ) ਵੀ ਸਿਲਮਾ ਸਕੂਲ ਬੋਰਡ ਏਰੀਆ 2 ਲਈ ਟਰੱਸਟੀ ਦੀ ਚੋਣ ਲੜ ਰਹੇ ਹਨ। ਕੋਵਿੱਡ 19 ਦੇ ਚੱਲਦਿਆਂ ਪਿਛਲੇ ਦਿਨੀਂ ਸਿਲਮਾ ਵਿਖੇ ਆਪਣੇ ਦਫਤਰ ਵਿੱਚ ਉਹਨਾਂ ਗਿਣਤੀ ਦੇ ਆਪਣੇ ਸਪੋਰਟਰਾਂ ਨਾਲ ਮੀਟਿੰਗ ਕੀਤੀ ਅਤੇ ਮੀਡੀਏ ਜ਼ਰੀਏ ਪੰਜਾਬੀ ਭਾਈਚਾਰੇ ਨੂੰ ਵੋਟਾਂ ਵਿੱਚ ਉਹਨਾਂ ਦੀ ਮੱਦਦ ਕਰਨ ਦੀ ਅਪੀਲ ਕੀਤੀ। ਉਹਨਾਂ ਕਿਹਾ ਕਿ ਸਕੂਲ ਬੋਰਡ ਵਿੱਚ ਬਹੁਤ ਕੁਝ ਐਸਾ ਹੈ, ਜਿਸਨੂੰ ਠੀਕ ਕਰਨ ਦੀ ਜ਼ਰੂਰਤ ਹੈ। ਉਹਨਾਂ ਕਿਹਾ ਕਿ ਸਭ ਤੋ ਪਹਿਲਾ ਮੇਰੀ ਕੋਸ਼ਿਸ਼ ਹੋਵੇਗੀ ਕਿ ਸਕੂਲ ਬੋਰਡ ਲਈ ਬਰਾਬਰ ਫੰਡ ਮਿਲਣ, ਬੇਰੁਜ਼ਗਾਰ ਅਧਿਆਪਕਾਂ ਨੂੰ ਕੰਮ ਤੇ ਰੱਖਿਆ ਜਾਵੇ, ਬੱਚਿਆਂ ਨੂੰ ਕੋਵਿੱਡ ਕਰਕੇ ਇੰਟਰਨੈਂਟ ਦੀ ਮੁਸ਼ਕਲ ਨਾ ਆਵੇ, ਅਤੇ ਨਾਲੇ ਉਹਨਾਂ ਕਿਹਾ ਕਿ ਮੈ ਪਹਿਲ ਦੇ ਅਧਾਰ ਤੇ ਸਿਲਮਾ ਸਕੂਲ ਬੋਰਡ ਦੇ ਸਕੂਲਾਂ ਵਿੱਚ ਪੰਜਾਬੀ ਕਲਾਸ ਸ਼ੁਰੂ ਕਰਵਾਉਣ ਲਈ ਸਿਰਤੋੜ ਯਤਨ ਕਰਾਂਗਾ 'ਤਾਂ ਕਿ ਸਾਡੀ ਨਵੀਂ ਪੀੜੀ ਨੂੰ ਪੰਜਾਬੀਅਤ ਨਾਲ ਜੋੜਿਆ ਜਾ ਸਕੇ। ਉਹਨਾਂ ਵੋਟਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਮੈ ਪਿਛਲੇ ਤੀਹ ਸਾਲ ਤੋਂ ਫਰਿਜ਼ਨੋ ਏਰੀਏ ਵਿੱਚ ਰਹਿ ਰਿਹਾ ਹਾਂ ਅਤੇ ਵੱਖੋ ਵੱਖ ਕਲੱਬਾਂ ਅਤੇ ਸੰਸਥਾਵਾਂ ਜ਼ਰੀਏ ਕਮਿਊਨਟੀ ਦੀ ਸੇਵਾ ਕਰ ਰਿਹਾ ਹਾਂ। ਉਹਨਾਂ ਕਿਹਾ ਕਿ ਮੈ ਰੋਟਰੀ ਕਲੱਬ ਦਾ ਸਾਬਕਾ ਪ੍ਰਧਾਨ ਵੀ ਰਿਹਾ ਹਾਂ ਅਤੇ ਓਦੋਂ ਤੋਂ ਹੀ ਅਸੀਂ ਸਿਲਮਾ ਸਕੂਲ ਬੋਰਡ ਦੇ ਬੱਚਿਆਂ ਦੀ ਮੱਦਦ ਕਰਦੇ ਆ ਰਹੇ ਹਾਂ। ਉਹਨਾ ਦੱਸਿਆ ਕਿ ਉਹ ਤਕਰੀਬਨ ਤੇਰਾਂ ਸਾਲ ਦੀ ਉਮਰ ਵਿੱਚ ਅਮਰੀਕਾ ਆਇਆ ਸੀ, ਇੱਥੇ ਆਣ ਕੇ ਫਰਿਜ਼ਨੋ ਏਰੀਏ ਤੋਂ ਸਕੂਲਿੰਗ ਕੀਤੀ 'ਤੇ ਉਸ ਸਮੇਂ ਮੇਰੇ ਜੂੜਾ ਰੱਖਿਆ ਹੁੰਦਾ ਸੀ 'ਤੇ ਸਕੂਲ ਵਿੱਚ ਬਹੁਤ ਵਾਰੀ ਬੂਲਿੰਗ ਦਾ ਸ਼ਿਕਾਰ ਵੀ ਹੋਣਾ ਪਿਆ। ਉਹਨਾਂ ਕਿਹਾ ਕਿ ਹੋਰ ਕਿਸੇ ਸਟੂਡੈਂਟ ਨੂੰ ਮੇਰੇ ਵਰਗੇ ਹਲਾਤਾਂ ਵਿੱਚੋਂ ਨਾ ਲੰਘਣਾ ਪਵੇ ਇਸ ਕਰਕੇ ਮੈ ਸਕੂਲ ਬੋਰਡ ਦੇ ਟਰੱਸਟੀ ਦੀ ਚੋਣ ਲੜ ਰਿਹਾ ਹਾਂ ਅਤੇ ਮੈਨੂੰ ਉਮੀਦ ਹੈ ਕਿ ਕਮਿਉਨਟੀ ਮੈਨੂੰ ਆਪਣੀ ਅਵਾਜ਼ ਦੇ ਤੌਰ ਤੇ ਜ਼ਰੂਰ ਚੁਣ ਕੇ ਭੇਜੇਗੀ ਅਤੇ ਅਗਰ ਕਿਸੇ ਨੂੰ ਕੋਈ ਸ਼ੰਕਾ ਹੋਵੇ ਉਹ ਮੇਰੀ ਪ੍ਰੋਫਾਇਲ VOTE4SAHOTA.COM ਤੇ ਜਾ ਕੇ ਨਵਿੱਰਤ ਕਰ ਸਕਦਾ ਹੈ।

# ਅਦਾਲਤ ਵੱਲੋਂ ਐਚ-1ਬੀ ਤੇ ਐਚ-4 ਭਾਰਤੀ ਵਰਕਰਾਂ ਨੂੰ ਕੋਈ ਰਾਹਤ ਦੇਣ ਤੋਂ ਨਾਂਹ

**ਵਾਸ਼ਿੰਗਟਨ (ਹੁਸਨ ਲੜੋਆ ਬੰਗਾ):** ਭਾਰਤੀ ਮੂਲ ਦੇ ਇਕ ਅਮਰੀਕਨ ਜੱਜ ਅਮਿਤ ਮਹਿਤਾ ਨੇ ਐਚ-1 ਬੀ ਤੇ ਐਚ-4 ਭਾਰਤੀ ਵਰਕਰਾਂ ਨੂੰ ਮੁੱਢਲੇ ਤੌਰ 'ਤੇ ਕੋਈ ਰਾਹਤ ਦੇਣ ਤੋਂ ਨਾਂਹ ਕਰ ਦਿੱਤੀ ਹੈ ਜੋ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਲਾਈ ਪਾਬੰਦੀ ਕਾਰਨ ਭਾਰਤ ਵਿਚ ਰੁਕੇ ਹੋਏ ਹਨ ਤੇ ਅਮਰੀਕਾ ਆਉਣ ਲਈ ਇਜਾਜ਼ਤ ਦੇਣ ਦੀ ਮੰਗ ਕਰ ਰਹੇ ਹਨ। ਇਸ ਸਬੰਧੀ ਪਟੀਸ਼ਨ ਅਟਾਰਨੀ ਬਾਰਡਲੇ ਬਨੀਅਸ ਨੇ ਚੰਦਨ ਪਾਂਡਾ ਤੇ 168 ਹੋਰ ਭਾਰਤੀਆਂ ਵੱਲੋਂ ਦਾਇਰ ਕੀਤੀ ਹੈ ਜੋ ਅਮਰੀਕਾ ਵਿਚ ਕੰਮ ਕਰਦੇ ਸਨ ਪਰ ਵੱਖ ਵੱਖ ਕਾਰਨਾਂ ਕਾਰਨ ਭਾਰਤ ਵਾਪਿਸ ਚਲੇ ਗਏ ਸਨ। ਇਹ ਭਾਰਤੀ ਹੁਣ ਰਾਸ਼ਟਰਪਤੀ ਵੱਲੋਂ ਲਾਈ ਪਾਬੰਦੀ ਕਾਰਨ ਅਮਰੀਕਾ ਨਹੀਂ ਆ ਸਕਦੇ। ਇਥੇ ਵਰਣਨਯੋਗ ਹੈ ਕਿ ਇਸ ਸਾਲ 22 ਜੂਨ ਨੂੰ ਰਾਸ਼ਟਰਪਤੀ ਨੇ ਇਕ ਹੁਕਮ ਰਾਹੀਂ ਐਚ-1ਬੀ ਤੇ ਐਚ-4 ਵੀਜ਼ਾਧਾਰਕਾਂ ਦੇ ਜੀਵਨ ਸਾਥੀਆਂ ਦਾ ਅਮਰੀਕਾ ਵਿਚ ਦਾਖਲਾ 31 ਦਸੰਬਰ 2020 ਤੱਕ ਮੁਲਵਤੀ ਕਰ ਦਿੱਤਾ ਸੀ।

# ਮੈਨਟੀਕਾ ਨਿਵਾਸੀ ਜਗਰੂਪ ਸਿੰਘ ਦੇਹਲ ਦਾ ਕਰੋਨਾ ਦੀ ਲਪੇਟ ਵਿੱਚ ਆਉਣ ਕਾਰਨ ਦੇਹਾਂਤ

**ਮੈਨਟੀਕਾ (ਨੀਟਾ ਮਾਛੀਕੇ/ਕੁਲਵੰਤ ਧਾਲੀਆਂ):** ਮੈਨਟੀਕਾ ਨਿਵਾਸੀ ਦੇਹਲ ਪਰਿਵਾਰ ਨੂੰ ਪਿਛਲੇ ਦਿਨੀਂ ਉਸ ਵਕਤ ਗਹਿਰਾ ਸਦਮਾ ਲੱਗਾ ਜਦੋਂ ਪਰਿਵਾਰ ਦਾ ਮੋਢੀ ਜਗਰੂਪ ਸਿੰਘ ਦੇਹਲ 49 ਸਾਲ ਦੀ ਉਮਰੇ ਕੋਵਿੱਡ 19 ਨਾਲ ਜੂਝਦਿਆਂ ਪਿਛਲੇ ਦਿਨੀਂ ਆਪਣੀ ਸੰਸਾਰਕ ਯਾਤਰਾ ਪੂਰੀ ਕਰਦਿਆਂ ਗੁਰੂ ਮਹਾਰਾਜ ਦੇ ਚਰਨਾਂ ਵਿੱਚ ਜਾ ਬਿਰਾਜਿਆ। ਜਗਰੂਪ ਸਿੰਘ ਦੇਹਲ ਦਾ ਜਨਮ ਫ਼ਰਵਰੀ 1971 ਵਿੱਚ ਪੰਜਾਬ ਦੇ ਪਿੰਡ ਪਾਸਲਾ ਜਿਲਾ ਜਲੰਧਰ ਵਿੱਚ ਸਵਰਗਵਾਸੀ ਸਰਦਾਰ ਸੋਹਣ ਸਿੰਘ ਅਤੇ ਮਾਤਾ ਗੁਰਮੀਤ ਕੌਰ ਦੇ ਘਰ ਹੋਇਆ।

ਜਗਰੂਪ ਸਿੰਘ ਦੋ ਭੈਣਾਂ ਸਰਬਜੀਤ ਕੌਰ ਤੇ ਕਮਲਜੀਤ ਕੌਰ ਦਾ ਇੱਕਲੌਤਾ ਭਾਈ ਸੀ। ਜਗਰੂਪ ਸਿੰਘ ਦੇਹਲ ਲਗਭਗ 21 ਸਾਲ ਦੀ ਉੱਮਰ ਵਿੱਚ ਆਪਣੇ ਅਤੇ ਪਰਿਵਾਰ ਦੇ ਉੱਜਲ ਭਵਿੱਖ ਦੀ ਆਸ ਨਾਲ 1992 ਵਿੱਚ ਅਮਰੀਕਾ ਆਇਆ ਸੀ, ਅਤੇ ਇੱਥੇ ਕੈਲੀਫੋਰਨੀਆ ਦੇ ਬੇ-ਏਰੀਏ ਵਿੱਚ ਟੈਕਸੀ ਚਲਾਉਣੀ ਸ਼ੁਰੂ ਕੀਤੀ ਅਤੇ ਢਾਡੀ ਜੰਗੀਰ ਸਿੰਘ ਮਸਤ ਨਾਲ ਸੰਗਤ ਕਰਨ ਦਾ ਮੌਕਾ ਮਿਲਿਆ 'ਤੇ ਅੰਮ੍ਰਿਤਧਾਰੀ ਹੋ ਗਿਆ।

ਇਸੇ ਦੌਰਾਨ ਉਸ ਦਾ ਮੇਲ ਸ. ਸੁਖਮਿੰਦਰ ਸਿੰਘ ਮਾਂਗਟ ਹੋਰਾਂ ਨਾਲ ਹੋਇਆ ਅਤੇ 1995 ਵਿੱਚ ਕਮਰਸ਼ੀਅਲ ਲਾਈਸੰਸ ਲੈ ਕੇ ਟਰੱਕ ਚਲਾਉਣਾ ਸ਼ੁਰੂ ਕੀਤਾ ਤੇ ਲਗਾਤਾਰ ਹੁਣ ਤੱਕ ਟਰੱਕ ਬਿਜਨਸ ਵਿੱਚ ਹੀ ਰਿਹਾ। 1996 ਵਿੱਚ ਜਗਰੂਪ ਸਿੰਘ ਦੇਹਲ ਦਾ ਵਿਆਹ ਬੀਬੀ ਜਤਿੰਦਰ ਕੌਰ ਨਾਲ ਹੋਇਆ ਅਤੇ ਦੋ ਮੁੰਡਿਆ ਦੀ ਦਾਤ ਵਾਹਿਗੁਰੂ ਨੇ ਬਖ਼ਸ਼ੀ ਤੇ ਜ਼ਿੰਦਗੀ ਪਰਿਵਾਰਕ ਰੂਪ ਵਿੱਚ ਸ਼ੁਰੂ ਹੋ ਗਈ ਅਤੇ ਸੰਨ 2001 ਵਿੱਚ ਮੈਨਟੀਕਾ ਕੈਲੀਫੋਰਨੀਆ ਵਿੱਚ ਬਹੁਤ ਸੁੰਦਰ ਘਰ ਖ਼ਰੀਦਿਆ ਤੇ ਬੜੀ ਖ਼ੁਸ਼ੀ ਤੇ ਆਸ ਨਾਲ ਬੇ-ਏਰੀਏ ਦੇ ਹੇਵਰਡ ਸ਼ਹਿਰ ਤੋ ਮੈਨਟੀਕਾ ਆ ਕਿ ਆਪਣੇ ਨਵੇਂ ਘਰੇ ਰਹਿਣਾ ਸ਼ੁਰੂ ਕੀਤਾ। ਢਾਡੀ ਜੰਗੀਰ ਸਿੰਘ ਮਸਤ ਦੇ ਸੰਪਰਕ ਵਿਚ ਆਉਣ ਉਪਰੰਤ ਪੂਰਾ ਪਰਿਵਾਰ ਅੰਮ੍ਰਿਤਧਾਰੀ ਹੋ ਗਿਆ, ਜ਼ਿੰਦਗੀ ਮਸਤ ਚਾਲ ਚੱਲ ਰਹੀ ਸੀ ਕਿ ਪਰਿਵਾਰ ਤੇ ਅਚਾਨਕ ਕਹਿਰ ਦਾ ਪਹਾੜ ਡਿੱਗਿਆ ਜਿਸ ਨੇ ਸਮੁੱਚੇ ਭਾਈਚਾਰੇ ਨੂੰ ਸੁੰਨ ਕਰ ਦਿੱਤਾ। ਇਸ ਹੱਸਦੇ ਵਸਦੇ ਮਿਹਨਤੀ ਪਰਿਵਾਰ ਦੇ ਮੁੱਖੀ ਜਗਰੂਪ ਸਿੰਘ ਦੇਹਲ ਨੂੰ ਕਰੋਨਾ ਨਾਮ ਦੀ ਭਿਆਨਕ ਬਿਮਾਰੀ ਨੇ ਅਜੇਹਾ ਘੇਰ ਲਿਆ ਕਿ ਉਹ ਸਦਾ ਲਈ ਅਲਵਿਦਾ ਆਖ ਗਿਆ। ਜਗਰੂਪ ਸਿੰਘ ਦੇਹਲ ਨੂੰ ਲਗਭਗ ਮਹੀਨਾ ਡਾਕਟਰਜ਼ ਹਸਪਤਾਲ ਮਨਟੀਕਾ ਵਿੱਚ ਰੱਖ ਕਿ ਇਲਾਜ ਕੀਤਾ ਗਿਆ ਜਿੱਥੇ ਉਹ ਪੂਰੀ ਹੋਸ਼ ਹਵਾਸ ਵਿੱਚ ਸੀ ਪਰ ਅਚਾਨਕ ਪਿਛਲੇ ਹਫ਼ਤੇ ਫੇਫੜਿਆਂ ਵਿੱਚ ਨੁਕਸ ਪੈ ਜਾਣ



ਤੇ ਯੂ. ਸੀ. ਸੈਨਫਰਾਂਸਿਸਕੋ ਸ਼ਿਫ਼ਟ ਕੀਤਾ ਗਿਆ ਜਿੱਥੇ ਓਹਨਾ ਨੇ ਲੰਗਜ ਵਿੱਚ ਸਵੀਅਰ ਇੰਨਫੈਕਸ਼ਨ ਹੋਣ ਕਰਕੇ ਲੰਗਜ਼ ਟਰਾਂਸਪਲਾਂਟ ਕਰਨ ਦਾ ਪਰਸੀਜਰ ਚੱਲ ਰਿਹਾ ਸੀ, ਪਰ ਇਸ ਤੋਂ ਪਹਿਲਾਂ ਟੈਸਟ ਹੋਣੇ ਜ਼ਰੂਰੀ ਸਨ ਜੋ ਕੀਤੇ ਤੇ ਸਹੀ ਹੋਏ, ਪਰ ਕਿਸਮਤ ਨੂੰ ਇਹ ਮਨਜ਼ੂਰ ਨਹੀਂ ਸੀ ਸਰਜਰੀ ਤੋ ਪਹਿਲਾ ਹੀ ਹੱਸਮੁੱਖ, ਗੁਰਸਿੱਖ ਨੌਜਵਾਨ ਨੂੰ ਸਟਰੋਕ ਹੋ ਗਿਆ ਤੇ ਦਿਮਾਗ ਵਿੱਚ ਖ਼ੂਨ ਪੈਣ ਨਾਲ ਜ਼ਿੰਦਗੀ ਮੌਤ ਦੀ ਲੜਾਈ ਵਿੱਚ ਮੌਤ ਮੂਹਰੇ ਹਾਰ ਗਿਆ। ਗੁਰੂ ਮਹਾਰਾਜ ਅੱਗੇ ਅਰਦਾਸ ਹੈ ਕਿ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖ਼ਸ਼ਣ ਤੇ ਪਰਿਵਾਰ ਨੂੰ ਇਸ ਮਾੜੇ ਸਮੇਂ ਵਿੱਚੋਂ ਨਿਕਲ਼ਣ ਦੀ ਹਿੰਮਤ ਤੇ ਭਾਣਾ ਮੰਨਣ ਦਾ ਬੱਲ ਬਖ਼ਸ਼ਣ।

ਜਗਰੂਪ ਸਿੰਘ ਦੇਹਲ ਦੀ ਦੇਹ ਦੇ ਅੰਤਮ ਸਸਕਾਰ Park View Cemetery & Funeral Home 3661 French camp rd Manteca ca 95336 ਵਿਖੇ ਆਉਣ ਵਾਲੇ 27 ਸਤੰਬਰ ਦਿਨ ਐਤਵਾਰ ਨੂੰ ਸਵੇਰੇ 10 ਵਜੇ ਕੀਤਾ ਜਾਵੇਗਾ। ਅਤੇ ਵਿੱਛੜੀ ਰੂਹ ਲਈ ਧੁਰ ਕੀ ਬਾਣੀ ਦੇ ਪਾਠਾਂ ਦੇ ਭੋਗ ਤੇ ਅਰਦਾਸ ਸ਼ਾਮੀਂ 2 ਵਜੇ ਗੁਰਦਵਾਰਾ ਸਾਹਿਬ ਸਟਾਕਟਨ 1930 S Sikh Temple St, Stockton, CA 95206 ਵਿਖੇ ਹੋਵੇਗੀ।

ਕਿਸੇ ਕਿਸਮ ਦੀ ਹੋਰ ਜਾਣਕਾਰੀ ਲੈਣ ਲਈ ਪਰਿਵਾਰਕ ਮਿੱਤਰ ਜਿਹੜੇ ਇਸ ਦੁੱਖ ਦੀ ਘੜੀ ਪਰਿਵਾਰ ਨਾਲ ਰਲ ਕੇ ਪਰਿਵਾਰਕ ਫਰਜ਼ਾਂ ਦੀ ਪੂਰਤੀ ਕਰ ਰਹੇ ਹਨ, ਤੁਸੀਂ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ।

**ਗੁਲਭਿੰਦਰ ਸਿੰਘ ਭਿੰਦਾ** -209-487-3699
**ਸੁਖਮਿੰਦਰ ਸਿੰਘ ਮਾਂਗਟ** 209-456-2000
**ਜਾਂ ਹਰਮਿੰਦਰ ਸਿੰਘ ਸਮਾਣਾ** 209-481-7750

# ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਅਮੈਰੀਕਨ ਸਿੱਖ ਕਾਕਸ ਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਨਿਊਯਾਰਕ ਨੇ ਅਮਰੀਕੀ ਸੈਨੇਟਰਾਂ ਤੇ ਯੂਸਰਫ ਦਾ ਹਾਰਦਿਕ ਧੰਨਵਾਦ ਕੀਤਾ

**ਵਾਸ਼ਿੰਗਟਨ ਡੀ.ਸੀ. (ਬਲਵਿੰਦਰਪਾਲ ਸਿੰਘ ਖਾਲਸਾ):** ਏਜੀਪੀਸੀ, ਅਮੈਰੀਕਨ ਸਿੱਖ ਕਾਕਸ ਕਮੇਟੀ ਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਨਿਊਯਾਰਕ ਨੇ ਅਮਰੀਕੀ ਸੈਨੇਟ ਦੇ ਉਨਾਂ 14 ਸੈਨੇਟਰਾਂ ਦਾ ਹਾਰਦਿਕ ਧੰਨਵਾਦ ਕੀਤਾ ਹੈ ਜਿਨਾਂ ਨੇ ਅਮਰੀਕਾ ਦੇ ਵਿਦੇਸ਼ ਮੰਤਰੀ ਭਾਵ ਸੈਕਟਰੀ ਆਫ ਸਟੇਟ ਦੇ ਮੁਖੀ ਜਨਾਬ ਪਮਪੇਉ ਨੂੰ ਪਾਰਟੀ ਲਾਇਨ ਤੋਂ ਉਪਰ ਉਠ ਕੇ ਇਕ ਜਬਰਦਸਤ ਚਿੱਠੀ ਲਿਖਕੇ ਇਹ ਮੰਗ ਕੀਤੀ ਹੈ ਕਿ ਭਾਰਤ ਨੂੰ ਉਹਨਾਂ ਦੇਸ਼ਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਜਾਵੇ ਜੋ ਮਨੁੱਖੀ ਅਧਿਕਾਰਾਂ ਦਾ ਘਾਣ ਕਰਦਿਆਂ ਘੱਟ ਗਿਣਤੀਆਂ ਦੇ ਧਰਮਾਂ ਦੀ ਅਜਾਦੀ ਦੀ ਸੁਰਖਿਆ ਵਾਸਤੇ ਕੁਝ ਨਹੀਂ ਕਰਦੇ ਬਲਕਿ ਹਰ ਕਿਸਮ ਦੇ ਜੁਲਮਾਂ ਨੂੰ ਵਧਣ ਫੁਲੱਣ ਦੇ ਮੌਕੇ ਪ੍ਰਦਾਨ ਕਰਦੇ ਹਨ ਤੇ ਦੋਸ਼ੀਆਂ ਨੂੰ ਸਜਾਵਾਂ ਤੋਂ ਬਚਾ ਕੇ ਹੋਰ ਜੁਲਮ ਕਰਨ ਦੀ ਖੁੱਲ ਦੇਂਦੇ ਹਨ, ਜਿਸ ਨਾਲ ਘਟ ਗਿਣਤੀਆਂ ਦਾ ਜਿਊਣਾ ਔਖੇ ਤੋਂ ਔਖਾ ਬਣਦਾ ਜਾਂਦਾ ਹੈ ਤੇ ਉਹ ਘੱਟ ਗਿਣਤੀਆਂ ਧਰਮ ਦੀ ਪੂਰੀ ਅਜਾਦੀ ਮਾਨਣ ਵਿਚ ਨਾਕਾਮ ਰਹਿੰਦੀਆਂ ਹਨ।

ਜਿਨਾਂ ਸੈਨੇਟਰਾਂ ਨੇ ਇਹ ਚਿੱਠੀ ਲਿਖੀ ਹੈ, ਉਹ ਇਸ ਤਰਾਂ ਹਨ : ਰਿਪਬਲੀਕਨ ਸੈਨੇਟਰ ਜੇਮਜ ਲੈਂਕਫੋਰਡ James Lankford (R-Oklahoma), ਕਰਿਸ ਕੂਨਜ Chris Coons (D-Delaware), ਚੱਕ ਗਰੈਸਲੀ Chuck Grassley (R-Iowa), ਮਾਰਕੋ ਰੂਬੀਉ Marco Rubio (R-Florida), ਲਿੰਡਸੇ ਗਰੈਹਮ Lindsey Graham (R-South Carolina), ਥਾਮ ਟਿਲੀਸ Thom Tillis (R-North Carolina), ਟਿਮ ਸਕਾਟ Tim Scott (R-South Carolina), ਜੌਨੀ ਅਰਨਸਟ Joni Ernst (R-Iowa), ਜੈਕੀ ਰੋਜਨ Jacky Rosen (D-Nevada), ਕੈਵਿਨ ਕਰੈਮਰ Kevin Cramer (R-North Dakota), ਰੋਜਰ ਵਿਕਰ Roger Wicker (R-Mississippi), ਸਟੀਵ ਡੇਨਸ Steve Daines (R-Montana), ਡੈਮੋਕਰੈਟਿਕ ਕਰਿਸ ਵੈਨ ਹੋਲਨ Chris Van Hollen (D-Maryland), and ਜੋ ਮੈਨਚਿਨ Joe Manchin (D-West Virginia). United States Commission for International Religious Freedom (USCIRF), a federal commission, ਧਾਰਮਿਕ ਅਜਾਦੀਆਂ ਬਾਰੇ ਅਮਰੀਕਾ ਦਾ ਅੰਤਰਰਾਸ਼ਟਰੀ ਕਮਿਸ਼ਨ ਜੋ ਵੀ ਸੁਝਾਅ ਕਾਂਗਰਸ ਜਾਂ ਸੈਨੇਟ ਨੂੰ ਪੇਸ਼ ਕਰਦਾ ਹੈ, ਉਹ ਆਪਣੇ ਆਪ ਵਿਚ ਸਦਾ ਹੀ ਸੰਸਾਰ ਦੇ ਲੋਕਰਾਜਾਂ ਦੇ ਪਲੇਟਫਾਰਮ ਉਤੇ ਬਹੁਤ ਮਹੱਤਵਪੂਰਨ ਹੁੰਦਾ ਹੈ।

ਜਨਾਬ ਪਮਪੇਉ ਜੇ ਇਸ ਚਿੱਠੀ ਦੇ ਸੁਝਾਅ ਨਾਲ ਸਹਿਮਤ ਨਹੀਂ ਹੁੰਦੇ ਤਾਂ ਉਹਨਾਂ ਨੂੰ ਅਮਰੀਕੀ ਕਾਂਗਰਸ ਨੂੰ ਸਰਕਾਰੀ ਤੌਰ ਤੇ ਸੂਚਿਤ ਕਰਨਾ ਹੋਵੇਗਾ। ਚੌਦਾਂ ਸੈਨੇਟਰਾਂ ਦੀ ਚਿੱਠੀ ਅਮਰੀਕੀ ਪੱਧਰ ਅਤੇ ਅੰਤਰਰਾਸ਼ਟਰੀ ਪੱਧਰ ਉਤੇ ਭਾਰਤ ਵਿਰੁੱਧ ਬਹੁਤ ਜਬਰਦਸਤ ਰੋਸ ਹੈ ਤੇ ਪ੍ਰਭਾਵਸ਼ਾਲੀ ਸੰਦੇਸ਼ ਵੀ। ਨਸਲਕੁਸ਼ੀ ਨੂੰ ਰੋਕਣ ਵਾਸਤੇ ਸਾਂਝ (Coalition to Stop Genocide in India) ਜੋ ਅਮਰੀਕਾ ਵਿਚਲੀ ਜਥੇਬੰਦੀ ਹੈ ਨੇ ਵੀ ਇਸ ਚਿੱਠੀ ਵਾਸਤੇ ਸੈਨੇਟਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ ਹੈ।

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਜਸਵੰਤ ਸਿੰਘ ਹੋਠੀ, ਏਜੀਪੀਸੀ ਦੇ ਕੋਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ, ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਨਿਊਯਾਰਕ ਦੇ ਕੋਆਰਡੀਨੇਟਰ ਸਰਦਾਰ ਹਿੰਮਤ ਸਿੰਘ ਤੇ ਅਮਰੀਕੀ ਸਿੱਖ ਕਾਕਸ ਕਮੇਟੀ ਦੇ ਡਾਇਰੈਕਟਰ ਸਰਦਾਰ ਹਰਪ੍ਰੀਤ ਸਿੰਘ ਸੰਧੂ ਨੇ ਸੈਨੇਟਰਾਂ ਤੇ ਯੂਸਰਫ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਹੈ ਕਿ ਭਾਰਤ ਉਤੇ ਉਨਾਂ ਦੇਸ਼ਾਂ ਦੀ ਤਰਜ ਤੇ ਆਰਥਿਕ ਪਾਬੰਦੀਆਂ ਲੱਗਣ, ਜੋ ਫਾਸ਼ਿਜਮ ਨੂੰ ਵਧਾਂਦੇ ਹਨ ਤੇ ਨਸਲਕੁਸ਼ੀ ਨੂੰ ਉਤਸ਼ਾਹਿਤ ਕਰਦੇ ਹਨ।

ਭਾਰਤ ਨੂੰ ਵਿਸ਼ੇਸ਼ ਸਮੱਸਿਆ ਭਰਿਆ Country of Particular Concern ਦੇਸ਼ ਐਲਾਨਿਆ ਜਾਵੇ, ਦੋਸ਼ੀ ਪੁਲੀਸ ਅਫਸਰਾਂ ਦੇ ਅਮਰੀਕੀ ਦਾਖਲੇ ਤੇ ਪਾਬੰਦੀ ਲਾ ਦਿੱਤੀ ਜਾਵੇ।

# ਬਰਤਾਨੀਆ ’ਚ ਸਿੱਖ ’ਤੇ ਚਾਰ ਗੋਰਿਆਂ ਨੇ ਕੀਤਾ ਹਮਲਾ, ਤਾਲਿਬਾਨੀ ਕਹਿ ਕੇ ਦਸਤਾਰ ਲਾਹੁਣ ਦੀ ਕੋਸ਼ਿਸ਼

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਬਰਤਾਨੀਆ ਦੇ ਬਰਕਸ਼ਾਇਰ ਵਿਚ ਸਿੱਖ ਕਾਰ ਚਾਲਕ ਉੱਤੇ ਚਾਰ ਗੋਰਿਆਂ ਨੇ ਹਮਲਾ ਕੀਤਾ ਅਤੇ ਉਸਨੂੰ ਗੰਭੀਰ ਜ਼ਖਮੀ ਕਰ ਦਿੱਤਾ। ਗੋਰਿਆਂ ਨੇ ਸਿੱਖ ’ਤੇ ਨਸਲੀ ਟਿੱਪਣੀ ਕਰਦਿਆਂ ਉਸਨੂੰ ਤਾਲਿਬਾਨੀ ਕਿਹਾ।



41 ਸਾਲਾ ਵਿਨੀਤ ਸਿੰਘ ਪੰਜਾਬ ਦਾ ਜੰਮਪਲ ਹੈ। ਉਸਨੇ ਪੁਲਿਸ ਨੂੰ ਦੱਸਿਆ ਕਿ ਇਹਨਾਂ ਗੋਰਿਆਂ ਨੇ ਉਸਦੇ ਨੱਕ ਵਿਚ ਜ਼ਬਰਦਸਤੀ ਕੋਈ ਨਸ਼ੀਲਾ ਪਦਾਰਥ ਸੁੰਘਾਇਆ ਅਤੇ ਉਸਦੀ ਦਸਤਾਰ ਉਤਾਰਨ ਦੀ ਕੋਸ਼ਿਸ਼ ਕੀਤੀ।

ਇਹ ਚਾਰੇ ਇਕ ਕੈਸੀਨੋ ਤੋਂ ਸਿੰਘ ਦੀ ਕਾਰ ਵਿਚ ਸਵਾਰ ਹੋਏ ਸਨ। ਵਿਨੀਤ ਸਿੰਘ ਨੇ ਦੱਸਿਆ ਕਿ ਇਹਨਾਂ ਵਿਚੋਂ ਇਕ ਬਰੈਮਲੇ ਕੋਲ ਕਾਰ ਵਿਚੋਂ ਉਤਰਿਆ ਅਤੇ ਉਸਨੇ ਡਰਾਈਵਰ ਤਾਕੀ ਕੋਲ ਆ ਕੇ ਸਿੰਘ ਨੂੰ ਕੁੱਝ ਸੁੰਘਣ ਲਈ ਕਿਹਾ। ਜਦੋਂ ਸਿੰਘ ਨੇ ਧਰਮ ਵਿਚ ਨਸ਼ਾ ਵਰਜਿਤ ਹੋਣ ਦੀ ਗੱਲ ਕਹੀ ਤਾਂ ਉਸਨੇ ਜ਼ਬਰਦਸਤੀ ਸਿੰਘ ਦਾ ਮਾਸਕ ਚੁੱਕ ਕੇ ਨੱਕ ਵਿਚ ਸੁੰਘਾਉਣ ਦੀ ਕੋਸ਼ਿਸ਼ ਕੀਤੀ।

ਵਿਨੀਤ ਸਿੰਘ ਨੇ ਕਿਹਾ ਕਿ ਇਕ ਗੋਰੇ ਨੇ ਉਸਨੂੰ ਕਿਹਾ ਕਿ ਉਹ ਕਾਰ ਚਲਾਵੇਗਾ। ਸਿੰਘ ਵੱਲੋਂ ਇਨਕਾਰ ਕਰ ਦਿੱਤਾ ਤਾਂ ਉਹ ਕਾਰ ਦੀ ਭੰਨ ਤੋੜ ਕਰਨ ਲੱਗੇ। ਸਿੰਘ ਨੇ ਕਿਹਾ ਕਿ ਉਦੋਂ ਉਸਨੇ ਮੇਰੀ ਦਸਤਾਰ ਨੂੰ ਹੱਥ ਪਾ ਕੇ ਉਤਾਰਨ ਦੀ ਕੋਸ਼ਿਸ਼ ਕੀਤੀ। ਸਿੰਘ ਨੇ ਦੱਸਿਆ ਕਿ ਉਸਨੇ ਪੁਲਿਸ ਨੂੰ ਫੋਨ ਕਰਨ ਦੀ ਕੋਸ਼ਿਸ਼ ਕੀਤੀ ਪਰ ਉਸ ਜਗਾ ਨੈਟਵਰਕ ਨਹੀਂ ਸੀ। ਵਿਨਤੀ ਸਿੰਘ ਨੇ ਦੱਸਿਆ ਕਿ ਉਹਨਾਂ ਗੋਰਿਆਂ ਨੇ ਇਸ ਤੋਂ ਬਾਅਦ ਉਸਨੂੰ ਪਿਛਲੀਆਂ ਸੀਟਾਂ ਤੋਂ ਮਾਰਨਾ ਸ਼ੁਰੂ ਕਰ ਦਿੱਤਾ। ਵਿਨੀਤ ਨੇ ਦੱਸਿਆ ਕਿ ਉਹਨਾਂ ਪੁੱਛਿਆ, “ਕੀ ਤੂੰ ਤਾਲਿਬਾਨੀ ਹੈ ? ਵਿਨੀਤ ਸਿੰਘ ਨੇ ਜਵਾਬ ਦਿੱਤਾ, “ਨਹੀਂ। ਮੈਂ ਸਿੱਖ ਹਾਂ” ਅਤੇ ਉਸਨੇ ਉਹਨਾਂ ਨੂੰ ਦੱਸਿਆ ਕਿ ਦਸਤਾਰ ਉਸਦੇ ਧਰਮ ਦਾ ਹਿੱਸਾ ਹੈ ਅਤੇ ਉਹ ਉਸਦੀ ਦਸਤਾਰ ਨੂੰ ਹੱਥ ਨਾ ਲਾਉਣ।

ਪੁਲਿਸ ਵੱਲੋਂ ਵਿਨੀਤ ਸਿੰਘ ਦੀ ਰਿਪੋਰਟ ’ਤੇ ਜਾਂਚ ਕੀਤੀ ਜਾ ਰਹੀ ਹੈ। ਬਰਤਾਨੀਆ ਵਿਚ ਸਿੱਖ ਮੈਂਬਰ ਪਾਰਲੀਮੈਂਟ ਤਨਮਨਜੀਤ ਸਿੰਘ ਢੇਸੀ ਨੇ ਇਸ ਹਮਲੇ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਲੋਕਾਂ ਦੀ ਅਜਿਹੇ ਹਮਲਿਆਂ ਪਿਛਲੀ ਮਾਨਸਿਕਤਾ ਨੂੰ ਸਮਝਣਾ ਚਾਹੀਦਾ ਹੈ। ਉਹਨਾਂ ਪੁਲਿਸ ਤੋਂ ਮੰਗ ਕੀਤੀ ਕਿ ਇਹ ਹਮਲਾ ਕਰਨ ਵਾਲੇ ਨਸਲਵਾਦੀਆਂ ਨੂੰ ਗ੍ਰਿਫਤਾਰ ਕਰਨ ਲਈ ਪੁਲਿਸ ਪੂਰੀ ਵਾਹ ਲਾਵੇ।

# ਭਾਰਤੀ ਮੂਲ ਦੇ ਦੋ ਵਿਦਿਆਰਥੀਆਂ ਨੇ ਜਿੱਤਿਆ ਕੌਮਾਂਤਰੀ ਯੰਗ ਈਕੋ ਹੀਰੋ ਇਨਾਮ



**ਕੈਲੀਫੋਰਨੀਆ, (ਹੁਸਨ ਲੜੋਆ ਬੰਗਾ):** ਕੈਲੀਫੋਰਨੀਆ ਦੇ ਦੋ ਨਬਾਲਗ ਭਾਰਤੀ ਮੂਲ ਦੇ ਅਮਰੀਕੀ ਵਿਦਿਆਰਥੀਆਂ ਅਦਰਸ਼ ਅੰਬਾਤੀ ਤੇ ਇਸ਼ਾਨ ਗੋਇਲ ਨੇ 2020 ਇਟੰਰਨੈਸ਼ਨਲ ਯੰਗ ਈਕੋ ਹੀਰੋ ਇਨਾਮ ਜਿੱਤਿਆ ਹੈ। ਕੈਲੀਫੋਰਨੀਆ ਦੇ ਸੈਨਹੋਜੇ ਸ਼ਹਿਰ ਵਿਚ ਰਹਿੰਦੇ ਇਨਾਂ ਦੋਨਾਂ ਵਿਦਿਆਰਥੀਆਂ ਦੀ ਉਮਰ 15 ਸਾਲ ਹੈ। ਐਕਸ਼ਨ ਫਾਰ ਨੇਚਰ ਆਰਗੇਨਾਈਜੇਸ਼ਨ ਵੱਲੋਂ ਕੀਤੇ ਐਲਾਨ ਅਨੁਸਾਰ ਚੁਣੇ ਗਏ ਕੁਲ 17 ਯੰਗ ਵਾਤਾਵਰਣ ਕਾਰਕੁੰਨਾਂ ਵਿਚ ਅਦਰਸ਼ ਅੰਬਾਤੀ ਤੇ ਇਸ਼ਾਨ ਗੋਇਲ ਨੂੰ ਸ਼ਾਮਿਲ ਕੀਤਾ ਗਿਆ ਹੈ। ਕੌਮਾਂਤਰੀ ਯੰਗ ਈਕੋ ਹੀਰੋ ਇਨਾਮ ਲਈ 8 ਤੋਂ 16 ਸਾਲਾਂ ਦੇ ਨਬਾਲਗਾਂ ਦੀ ਚੋਣ ਕੀਤੀ ਜਾਂਦੀ ਹੈ।

# ਸੁਪਰੀਮ ਕੋਰਟ ਦੀ ਜੱਜ ਰੂਥ ਬੇਡਰ ਗਿਨਜਬਰਗ ਦਾ 87 ਸਾਲ ਦੀ ਉਮਰ ਵਿਚ ਦੇਹਾਂਤ



**ਵਾਸ਼ਿੰਗਟਨ, (ਹੁਸਨ ਲੜੋਆ ਬੰਗਾ):** ਲਿੰਗ ਬਰਾਬਰਤਾ ਲਈ ਸ਼ੰਘਰਸ਼ੀਲ ਰਹੀ ਸੁਪਰੀਮ ਕੋਰਟ ਦੀ ਜੱਜ ਰੂਥ ਬੇਡਰ ਗਿਨਜਬਰਗ ਦਾ 87 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ। ਉਹ ਦੂਸਰੀ ਔਰਤ ਹੈ ਜਿਸ ਨੇ ਦੇਸ਼ ਦੀ ਸਰਬ ਉੱਚ ਅਦਾਲਤ ਵਿਚ ਜੱਜ ਦੀਆਂ ਸੇਵਾਵਾਂ ਨਿਭਾਈਆਂ ਹਨ। ਉਹ ਕੈਂਸਰ ਤੋਂ ਪੀੜਤ ਸੀ ਇਸ ਦੇ ਬਾਵਜੂਦ ਉਹ ਜੱਜ ਵਜੋਂ ਸੇਵਾਵਾਂ ਨਿਭਾਉਂਦੀ ਰਹੀ। ਇਸ ਸਾਲ ਜੁਲਾਈ ਵਿਚ ਉਸ ਨੇ ਐਲਾਨ ਕੀਤਾ ਸੀ ਕਿ ਜਦੋਂ ਤੱਕ ਉਹ ਪੂਰੀ ਮੁਸਤੈਦੀ ਨਾਲ ਕੰਮ ਕਰਦੀ ਰਹੇਗੀ ਓਦੋਂ ਤੱਕ ਉਹ ਅਦਾਲਤ ਵਿਚ ਬਣੀ ਰਹੇਗੀ।

# ਡਾਕਟਰ ’ਤੇ ਬੰਦੂਕ ਤਾਣਨ ਵਾਲਾ ਪੁਲਿਸ ਅਧਿਕਾਰੀ ਬਿਨਾਂ ਤਨਖਾਹ ਹ.ਫਤੇ ਲਈ ਮੁਅੱਤਲ




**ਕੈਲੀਫੋਰਨੀਆ, (ਹੁਸਨ ਲੜੋਆ ਬੰਗਾ):** ਕੋਲੋਰਾਡੋ ਦੇ ਇਕ ਪੁਲਿਸ ਅਧਿਕਾਰੀ ਨੂੰ ਭਾਰਤੀ ਮੂਲ ਦੇ ਇਕ ਅਮਰੀਕੀ ਡਾਕਟਰ ਉਪਰ ਬੰਦੂਕ ਤਾਣਨ ਦੇ ਮਾਮਲੇ ਵਿਚ ਇਕ ਹ.ਫਤੇ ਲਈ ਮੁਅੱਤਲ ਕਰ ਦਿੱਤਾ ਗਿਆ ਹੈ। ਔਰਾਰਾ ਪੁਲਿਸ ਵਿਭਾਗ ਦੇ ਇਕ ਬੁਲਾਰੇ ਨੇ ਦੱਸਿਆ ਕਿ ਪੁਲਿਸ ਅਫਸਰ ਜਸਟਿਨ ਹੈਂਡਰਸਨ ਨੂੰ ਮੁਅੱਤਲੀ ਦੇ ਸਮੇ ਦੀ ਤਨਖਾਹ ਨਹੀਂ ਮਿਲੇਗੀ। ਉਸ ਨੂੰ ਆਪਣੇ ਵਿਹਾਰ ਵਿਚ ਸੁਧਾਰ ਵਾਸਤੇ ਟਰੇਨਿੰਗ ਵਿਚ ਵੀ ਸ਼ਾਮਿਲ ਹੋਣਾ ਪਵੇਗਾ। ਇਹ ਘਟਨਾ ਬਹੁਤ ਚਰਚਿਤ ਹੋਈ ਸੀ। ਡਾਕਟਰ ਪੀ ਜੇ ਪਰਮਾਰ ਵੱਲੋਂ ਰਾਹ ਵਿਚ ਖੜੀ ਪੁਲਿਸ ਅਧਿਕਾਰੀ ਦੀ ਕਾਰ ਨੂੰ ਪਾਸੇ ਕਰਨ ਲਈ ਜਦੋਂ ਹਾਰਨ ਮਾਰਿਆ ਗਿਆ ਤਾਂ ਗੁੱਸੇ ਵਿਚ ਆਏ ਪੁਲਿਸ ਅਧਿਕਾਰੀ ਨੇ ਉਸ ਉਪਰ ਬੰਦੂਕ ਤਾਣ ਲਈ ਤੇ ਉਸ ਨੂੰ ਆਪਣੀ ਕਾਰ ਵਿਚ ਹੀ ਬੈਠੇ ਰਹਿਣ ਲਈ ਕਿਹਾ। ਡਾਕਟਰ ਦਾ ਕਹਿਣਾ ਹੈ ਕਿ ਗੋਰੇ ਪੁਲਿਸ ਅਧਿਕਾਰੀ ਨੇ ਨਸਲ ਕਾਰਨ ਮੇਰੇ ਨਾਲ ਬਦਤਮੀਜ਼ੀ ਕੀਤੀ ਹੈ। ਉਨਾਂ ਕਿਹਾ ਸੀ ਕਿ ਪੁਲਿਸ ਨੂੰ ਖੁਲ ਦਿੱਤੀ ਹੋਈ ਹੈ, ਉਹ ਜੋ ਚਾਹੁੰਦੀ ਹੈ ਕਰਦੀ ਹੈ। ਪਰਮਾਰ ਦੇ ਵਕੀਲ ਡੇਵਿਡ ਲੇਨ ਨੇ ਕਿਹਾ ਹੈ ਕਿ ਉਹ ਪੁਲਿਸ ਅਧਿਕਾਰੀ ਵੱਲੋਂ ਕੀਤੀ ਧੱਕੇਸ਼ਾਹੀ ਵਿਰੁੱਧ ਸੰਘੀ ਅਦਾਲਤ ਵਿਚ ਪਟੀਸ਼ਨ ਦਾਇਰ ਕਰ ਰਹੇ ਹਨ।

# ਸੜਕ ਦਾ ਨਾਂ ਜਾਰਜ ਫਲਾਇਡ ਰੱਖੇ ਜਾਣ ਲਈ ਸਿਟੀ ਕੌਂਸਲ ਨੇ ਦਿੱਤੀ ਪ੍ਰਵਾਨਗੀ

**ਕੈਲੀਫੋਰਨੀਆ, (ਹੁਸਨ ਲੜੋਆ ਬੰਗਾ):** ਮਿਨੀਆਪੋਲਿਸ ਸਿਟੀ ਕੌਂਸਲ ਨੇ ਸਰਬਸੰਮਤੀ ਨਾਲ ਉਸ ਤਜਵੀਜ਼ ਨੂੰ ਪ੍ਰਵਾਨ ਕਰ ਲਿਆ ਹੈ ਜਿਸ ਤਹਿਤ ਸ਼ਹਿਰ ਦੀ ਇਕ ਸੜਕ ਦਾ ਨਾਂ ਜਾਰਜ ਫਲਾਇਡ ਰੱਖਿਆ ਜਾਵੇਗਾ ਜਿਸ ਦੀ ਇਸ ਸਾਲ 25 ਮਈ ਨੂੰ ਇਕ ਪੁਲਿਸ ਅਧਿਕਾਰੀ ਵੱਲੋਂ ਆਪਣੇ ਗੋਡੇ ਨਾਲ ਉਸ ਦੀ ਧੌਣ ਦਬਾਉਣ ਕਾਰਨ ਮੌਤ ਹੋ ਗਈ ਸੀ। ਮਿਨੀਆਪੋਲਿਸ ਦੇ ਡਾਇਰੈਕਟਰ ਪਬਲਿਕ ਵਰਕਸ ਰੋਬਿਨ ਹੁਚਸਨ ਨੇ ਕਿਹਾ ਹੈ ਕਿ ਇਹ ਫੈਸਲਾ ਜਾਰਜ ਫਲਾਇਡ ਨੂੰ ਸਨਮਾਨ ਦੇਣ ਲਈ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਸੜਕ ਦਾ ਨਾਂ ਜਾਰਜ ਫਲਾਇਡ ਰਖਣ ਨਾਲ ਇਸ ਸੜਕ ਉਪਰ ਪੈਂਦੇ ਘਰਾਂ ਦੇ ਪਤਿਆਂ ਵਿਚ ਕੋਈ ਫਰਕ ਨਹੀਂ ਪਵੇਗਾ। ਇਹ ਸੜਕ 38 ਵੀਂ ਸਟਰੀਟ ਏ ਤੇ ਸ਼ਿਕਾਗੋ ਐਵਨਿਊ ਦੇ ਅੰਦੂਰਨੀ ਹਿੱਸੇ ਵਿਚ ਆਉਂਦੀ ਹੈ। ਇਥੇ ਵਰਣਨਯੋਗ ਹੈ ਕਿ ਜਾਰਜ ਫਲਾਇਡ ਦੀ ਮੌਤ ਤੋਂ ਬਾਅਦ ਕਾਲੇ ਲੋਕਾਂ ਵੱਲੋਂ ਵੱਡੀ ਪੱਧਰ ਉਪਰ ਪ੍ਰਦਰਸ਼ਨਾਂ ਦਾ ਸਿਲਸਲਾ ਸ਼ੁਰੂ ਹੋਇਆ ਸੀ ਜੋ ਅੱਜ ਵੀ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu
Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.
Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਵਾਪਰੀ ਘਟਨਾ ਦੀ ਯੂਨਾਈਟਿਡ ਖ਼ਾਲਸਾ ਦਲ ਵੱਲੋਂ ਸਖ਼ਤ ਨਿਖੇਧੀ

## ਪੰਥਕ ਆਗੂ ਭਾਈ ਨਰਾਇਣ ਸਿੰਘ ਦੇ ਵਿਚਾਰਾਂ ਦਾ ਜ਼ੋਰਦਾਰ ਸਮਰਥਨ

**ਲੰਡਨ /ਏ.ਟੀ.ਨਿਊਜ਼:** ਸੱਚਖੰਡ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਵਾਪਰੀ ਹਿਰਦੇਵੇਧਕ ਘਟਨਾ ਬਹੁਤ ਹੀ ਅਫ਼ਸੋਸ ਜਨਕ ਵਰਤਾਰਾ ਹੈ। ਇਸ ਨਾਲ ਦੁਨੀਆ ਭਰ ਵਿੱਚ ਵੱਸਦੇ ਸਿੱਖਾਂ ਦੇ ਮਨਾਂ ਨੂੰ ਭਾਰੀ ਠੇਸ ਪਹੁੰਚੀ ਹੈ । ਪਹਿਲਾਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 328 ਪਾਵਨ ਪਵਿੱਤਰ ਸਰੂਪ ਲਾਪਤਾ( ਗ਼ਾਇਬ) ਕਰਨ ਦੇ ਦੋਸ਼ ਵਿੱਚ ਘਿਰੀ ਹੋਈ ਹੈ । ਸਿੱਖ ਕੌਮ ਦੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਵੱਡੀ ਪੱਧਰ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਣੇ ਅਨਜਾਣੇ ਅਪਣਾਈ ਗਈ ਲਾਪਰਵਾਹੀ ਗੁਸਤਾਖ਼ੀ ਨਾ ਹੋਣ ਦੀ ਬਜਾਏ ਇੱਕ ਬੱਜਰ ਗੁਨਾਹ ਨਜ਼ਰ ਆਉਣ ਲੱਗ ਪਿਆ ਹੈ ਜੋ ਕਿ ਸਿੱਖ ਕੌਮ ਬਰਦਾਸ਼ਤ ਕਰਨ ਦੇ ਯੋਗ ਨਹੀਂ ਹੈ ।

ਯੂਨਾਈਟਿਡ ਖ਼ਾਲਸਾ ਦਲ ਯੂ.ਕੇ. ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਜਿੱਥੇ ਟਾਸਕ ਫੋਰਸ ਵੱਲੋਂ ਰੋਸਮਈ ਤਰੀਕੇ ਨਾਲ ਧਰਨੇ ਤੇ ਬੈਠੇ ਸਿੱਖਾਂ ਦੀ ਕੀਤੀ ਕੁੱਟਮਾਰ ਦੀ ਸਖ਼ਤ ਨਿਖੇਧੀ ਕੀਤੀ ਗਈ ਹੈ ਉੱਥੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਅਜਿਹੇ ਧਰਨਿਆਂ ਜਾਂ ਮੁਜ਼ਾਹਰਿਆਂ ਨੂੰ ਵੀ ਸਹੀ ਨਹੀਂ ਆਖਿਆ ਗਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਸਮੇਤ



ਜਿਹੜੇ ਲੋਕ ਇਸ ਬੇਅਦਬੀ ਵਾਸਤੇ ਜ਼ਿੰਮੇਵਾਰ ਹਨ, ਉਨਾਂ ਘਰਾਂ ਮੂਹਰੇ ਰੋਸ ਮੁਜ਼ਾਹਰੇ ਕਰਨੇ ਉਚਿੱਤ ਹਨ ਬਲਕਿ ਉਨਾਂ ਨੂੰ ਖ਼ਾਲਸਾਈ ਰਵਾਇਤਾਂ ਅਨੁਸਾਰ ਸਜਾ ਦੇਣੀ ਜ਼ਿਆਦਾ ਵਾਜਬ ਅਤੇ ਜ਼ਰੂਰੀ ਹੈ । ਪਰ ਸ੍ਰੀ ਦਰਬਾਰ ਸਾਹਿਬ ਵਿਖੇ ਅਜਿਹੀ ਕਾਰਵਾਈ ਦੁਨੀਆ ਭਰ ਵਿੱਚ ਸਿੱਖ ਕੌਮ ਦਾ ਅਕਸ ਖ਼ਰਾਬ ਕਰਨ ਦਾ ਜਿੱਥੇ ਕਾਰਨ ਬਣਦੀ ਹੈ ਉੱਥੇ ਗੈਰ ਸਿੱਖਾਂ ਤੇ ਅਜਿਹੀ ਕਾਰਵਾਈ ਬਹੁਤ ਹੀ ਗ਼ਲਤ ਅਸਰ ਪਾਉਂਦੀਆਂ ਹਨ। ਯੂਨਾਈਟਿਡ ਖ਼ਾਲਸਾ ਦਲ ਯੂ,ਕੇ ਵੱਲੋਂ ਸਮੂਹ ਪੰਥਕ ਅਖਵਾਉਣ ਵਾਲੀਆਂ ਧਿਰਾਂ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਕਿਸੇ ਕਿਸਮ ਦੀ ਸਿਆਸਤ ਕਰਨ ਤੋਂ ਗੁਰੇਜ਼ ਦੀ ਸਨਿਮਰ ਅਪੀਲ ਕੀਤੀ ਗਈ ਹੈ। ਯੂਨਾਈਟਿਡ ਖ਼ਾਲਸਾ ਯੂ.ਕੇ. ਵੱਲੋਂ ਸਮੂਹ ਸਿੱਖ ਜਥੇਬੰਦੀਆਂ ਵੱਲੋਂ 17 ਸਤੰਬਰ ਨੂੰ ਬੁਲਾਈ ਇਕੱਤਰਤਾ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕਰਦਿਆਂ ਪੰਥਕ ਆਗੂ ਭਾਈ ਨਰਾਇਣ ਸਿੰਘ ਚੌੜਾ ਵੱਲੋਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਹਰ ਹੀਲੇ ਬਰਕਰਾਰ ਰੱਖਣ ਦੇ ਵਿਚਾਰਾਂ ਦਾ ਤਹਿ ਦਿਲੋਂ ਸਵਾਗਤ ਅਤੇ ਜ਼ੋਰਦਾਰ ਸਮਰਥਨ ਕੀਤਾ।

## ਭਾਈ ਹਰਨਾਮ ਸਿੰਘ ਸ੍ਰੀ ਨਗਰ ਵਾਲਿਆਂ ਦੇ ਵਿਛੋੜੇ ਤੇ ਬੀਬੀ ਬਲਜੀਤ ਕੌਰ ਖਾਲਸਾ ਵਲੋਂ ਦੁੱਖ ਦਾ ਪ੍ਰਗਟਾਵਾ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਭਾਈ ਹਰਨਾਮ ਸਿੰਘ ਸ੍ਰੀ ਨਗਰ ਵਾਲੇ ਜੋ ਬੀਤੇ ਦਿਨ ਸਦੀਵੀ ਵਿਛੋੜਾ ਦੇ ਗਏ ਸਨ ਪ੍ਰਤੀ ਬੀਬੀ ਬਲਜੀਤ ਕੌਰ ਖਾਲਸਾ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਉਹਨਾਂ ਕਿਹਾ ਕਿ ਭਾਈ ਹਰਨਾਮ ਸਿੰਘ ਜੀ ਨੇ ਆਪਣਾ ਸਾਰਾ ਜੀਵਨ ਗੁਰਬਾਣੀ ਨਾਲ ਜੁੜ ਬਤੀਤ ਕੀਤਾ। ਅਜਿਹੀ ਸਖਸ਼ੀਅਤ ਦਾ ਜਾਣਾ ਸਿੱਖ ਪੰਥ ਲਈ ਬਹੁਤ ਘਾਟੇ ਵਾਲੀ ਗੱਲ ਹੈ। ਬੀਬੀ ਬਲਜੀਤ ਕੌਰ ਖਾਲਸਾ ਨੇ ਕਿਹਾ ਕਿ ਪ੍ਰਸਿੱਧ ਕੀਰਤਨੀਏ ਭਾਈ ਹਰਨਾਮ ਸਿੰਘ ਸ੍ਰੀ ਨਗਰ ਵਾਲਿਆਂ ਦਾ ਸਾਰੇ ਕੀਰਤਨੀਏ ਭਾਈਚਾਰੇ ਵਿੱਚ ਬੇਹੱਦ ਸਤਿਕਾਰ ਸੀ। ਭਾਈ ਹਰਨਾਮ ਸਿੰਘ ਸ੍ਰੀ ਨਗਰ ਵਾਲਿਆਂ ਦਾ ਜਨਮ 4 ਦਸੰਬਰ ਨੂੰ 1962 ਨੂੰ ਬਰਨਾਲਾ (ਸੰਗਰੂਰ) ਵਿਖੇ ਹੋਇਆ ਸੀ ਅਤੇ ਉਹ ਇਸ ਵੇਲੇ ਬਸਤੀਆਂ ਲਾਗੇ ਜਲੰਧਰ ਰਹਿੰਦੇ ਸਨ। ਉਹਨਾਂ ਨੇ ਅਮਰੀਕਾ, ਕੈਨੇਡਾ, ਨਿਊਜ਼ੀਲੈਂਡ, ਮਾਸਕੋ, ਥਾਈਲੈਂਡ, ਆਸਟਰੇਲੀਆ, ਫ੍ਰਾਂਸ, ਬੈਲਜ਼ੀਅਮ, ਨੀਦਰਲੈਂਡ, ਮਲੇਸ਼ੀਆ, ਇੰਡੋਨੇਸ਼ੀਆ, ਪਾਕਿਸਤਾਨ, ਸਿੰਗਾਪੋਰ, ਡੁਬਈ, ਮਸਕਟ, ਨੇਪਾਲ, ਹਾਂਗਕਾਂਗ, ਬੰਗਲਾਦੇਸ਼ ਅਤੇ ਇੰਗਲੈਂਡ ਆਦਿ ਦੇਸ਼ਾਂ ਦੇ ਵਿਚ ਕੀਰਤਨ ਕਰਕੇ ਸੰਗਤਾਂ ਨੂੰ ਬਾਣੀ ਨਾਲ ਜੋੜਿਆ। ਉਨਾਂ ਨੇ ਗੁਰਮਤਿ ਸੰਗੀਤ ਡਿਪਲੋਮਾ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਤੋਂ ਹਾਸਿਲ ਕੀਤਾ ਹੋਇਆ ਸੀ। ਉਹ 30 ਸਾਲਾਂ ਤੋਂ ਕੀਰਤਨ ਕਰ ਰਹੇ ਸਨ ਅਤੇ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਸਨ।

## ਬੀਬੀ ਸ਼ਵਿੰਦਰ ਕੌਰ ਗਰੇਵਾਲ ਨੇ ਅਕਾਲ ਚਲਾਣਾ ਕੀਤਾ



**ਅੰਮ੍ਰਿਤਸਰ ਟਾਈਮਜ਼ ਬਿਊਰੋ:** ਬੀਬੀ ਸ਼ਵਿੰਦਰ ਕੌਰ ਗਰੇਵਾਲ 20 ਸਤੰਬਰ ਵਾਲੇ ਦਿਨ ਇਸ ਸੰਸਾਰ ਨੂੰ ਅਲਵਿਦਾ ਕਹਿ ਕੇ ਅਕਾਲ ਚਲਾਣਾ ਕਰ ਗਏ। ਉਹਨਾਂ ਦਾ ਜਨਮ 26 ਮਾਰਚ, 1931 ਨੂੰ 41 ਚੱਕ ਲਾਇਲਪੁਰ, (ਲਹਿੰਦੇ ਪੰਜਾਬ) ਪਾਕਿਸਤਾਨ ਵਿਚ ਹੋਇਆ ਸੀ। ਉਹਨਾਂ ਦਾ ਪਰਿਵਾਰ ਲੁਧਿਆਣਾ ਜ਼ਿਲੇ ਦੀ ਜਗਰਾਓਂ ਤਹਿਸੀਲ ਦੇ ਗਾਗਰਾ ਪਿੰਡ ਵਿਚ ਵਸਿਆ ਹੋਇਆ ਹੈ।ਬੀਬੀ ਸ਼ਵਿੰਦਰ ਕੌਰ ਆਪਣੇ ਪਿੱਛੇ 3 ਧੀਆਂ (ਸੁਖਜਿੰਦਰ ਕੌਰ, ਬਰਿੰਦਰ ਕੌਰ, ਹਰਮਿੰਦਰ ਕੌਰ) ਅਤੇ ਪੁੱਤਰ ਮਹਿੰਦਰ ਪਾਲ ਸਿੰਘ ਨੂੰ ਛੱਡ ਗਏ ਹਨ। ਇਹਨਾਂ ਦਾ ਪਰਿਵਾਰ 8 ਪੋਤੇ-ਪੋਤੀਆਂ ਅਤੇ 9 ਪੜਪੋਤੇ-ਪੜਪੋਤੀਆਂ ਦਾ ਭਰਿਆ ਫੁੱਲਿਆ ਟੱਬਰ ਹੈ।ਬੀਬੀ ਸ਼ਵਿੰਦਰ ਕੌਰ ਗਰੇਵਾਲ ਦਾ ਅੰਤਿਮ ਸੰਸਕਾਰ ਤੇ ਅੰਤਿਮ ਅਰਦਾਸ 25 ਸਤੰਬਰ, 2020 ਨੂੰ ਉਲੀਕੇ ਗਏ ਹਨ। ਕੋਰੋਨਾਵਾਇਰਸ ਦੀਆਂ ਪਾਬੰਦੀਆਂ ਦੇ ਚਲਦਿਆਂ ਸਿਰਫ ਪਰਿਵਾਰਕ ਮੈਂਬਰ ਹੀ ਸ਼ਾਮਲ ਹੋਣਗੇ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਸੈਕਰਾਮੈਂਟੋ ਵਿੱਚ ਪੰਜਾਬੀ ਦੇ 'ਚੀਨਾ ਜਿਊਲਰਜ਼' ਵਿੱਚੋਂ ਲੁਟੇਰਿਆਂ ਨੇ ਕੀਤੀ ਕਰੋੜਾਂ ਦੀ ਲੁੱਟ



**ਕੈਲੀਫੋਰਨੀਆ (ਹੁਸਨ ਲੜੋਆ ਬੰਗਾ):** ਸੈਕਰਾਮੈਂਟੋ, ਕੈਲੀਫੋਰਨੀਆਂ ਦੇ ਮਸ਼ਹੂਰ ਸੁਨਿਆਰੇ 'ਚੀਨਾ ਜਿਊਲਰਜ਼' ਨੂੰ ਬੜੇ ਢੰਗ ਨਾਲ ਲੁਟਿਆ ਗਿਆ। ਇਸ ਦੌਰਾਨ ਚੋਰ ਕਰੋੜਾਂ ਦਾ ਸੋਨਾ ਤੇ ਗਹਿਣੇ ਲੁੱਟ ਕੇ ਲੈ ਗਏ। ਇਸ ਚੋਰੀ ਨੂੰ ਚੋਰਾਂ ਨੇ ਬੜੀ ਤਰਤੀਬ ਨਾਲ ਅੰਜਾਮ ਦਿੱਤਾ। ਚੋਰਾਂ ਦੀ ਇਹ ਕਰੀਬ ਮਿਲੀਅਨ ਡਾਲਰ ਦੀ ਚੋਰੀ ਕੈਮਰਿਆਂ ਵਿੱਚ ਵੀ ਕੈਦ ਹੋ ਗਈ। ਪੁਲਿਸ ਅਨੁਸਾਰ ਲੁਟੇਰੇ ਰਾਤ 11-12 ਵਜੇ ਦਰਮਿਆਨ ਆਏ ਤੇ ਉਹ ਛੱਤ ਨੂੰ ਕਟਣ ਲੱਗੇ ਪਰ ਕਿਸੇ ਗੱਲ ਤੋਂ ਡਰ ਕੇ ਵਾਪਸ ਮੁੜ ਗਏ। ਫਿਰ ਦੁਬਾਰਾ 4 ਕੁ ਵਜੇ ਦਰਮਿਆਨ ਆਏ ਤੇ ਛੱਤ ਨੂੰ ਤਿੰਨਾਂ ਥਾਵਾਂ ਤੋਂ ਕੱਟ ਕੇ 4 ਜਣੇ ਅੰਦਰ ਵੜ ਗਏ। ਪਹਿਲਾਂ ਉਨਾਂ ਨੇ ਸਾਰੇ ਕੈਮਰੇ ਭੰਨੇ ਤੇ ਨਾਲ ਲਿਆਂਦੇ ਗੈਸ ਸਿਲੰਡਰ ਨਾਲ ਵੱਡਾ ਸੇਫ਼ ਕਟਕੇ ਕਰੋੜਾਂ ਦਾ ਮਾਲ ਲੈ ਗਏ। ਜਿਸ ਵਿਚ ਡਾਇਮੰਡ, ਸੋਨਾ, ਚਾਂਦੀ ਤੇ ਗਹਿਣੇ ਸ਼ਾਮਿਲ ਹਨ। ਲੁਟੇਰੇ ਪਿਛਲਾ ਦਰਵਾਜ਼ਾ ਕਟਕੇ ਬਾਹਰ ਨਿਕਲ ਗਏ। ਜਾਣਕਾਰੀ ਦਿੰਦਿਆਂ ਚੀਨਾ ਜਿਊਲਰ ਦੇ ਮਾਲਕ ਇੰਦਰਜੀਤ ਸਿੰਘ ਜੋ ਸਮਾਜਿਕ ਕੰਮਾਂ 'ਚ ਵੀ ਹਿੱਸਾ ਲੈਂਦੇ ਹਨ ਨੇ ਦੱਸਿਆ ਕਿ ਹਰ ਰੋਜ ਵਾਂਗ ਉਹ ਕੰਮ ਨਿਬੇੜ ਕਿ ਘਰ ਗਏ ਸਨ ਤੇ ਜਦੋਂ ਉਹ ਸਵੇਰੇ ਦੂਸਰੇ ਦਿਨ ਕੰਮ ਤੇ ਆਏ ਤਾਂ ਇਹ ਸਭ ਕੁਝ ਦੇਖ ਕੇ ਹੈਰਾਨ ਪ੍ਰੇਸ਼ਾਨ ਹੋ ਗਏ ਤੇ ਉਸਤੋਂ ਬਾਅਦ ਉਨਾਂ ਪੁਲਿਸ ਨੂੰ ਸੂਚਨਾ ਦਿੱਤੀ ਤੇ ਬਾਦ 'ਚ ਕਾਫੀ ਸਮਾਂ ਪੁਲਿਸ ਨੇ ਤਫਤੀਸ਼ ਕੀਤੀ ਤੇ ਅਜੇ ਵੀ ਪੁਲਿਸ ਤਫਤੀਸ਼ 'ਚ ਲੱਗੀ ਹੋਈ ਹੈ, ਥਾਂ ਥਾਂ ਤੋਂ ਫਿੰਗਰ ਪ੍ਰਿੰਟ ਲਏ ਗਏ ਹਨ। ਉਨਾਂ ਕਿਹਾ ਕਿ ਸਾਡਾ ਸਾਰਾ ਪਰਿਵਾਰ ਇਥੇ ਹੀ ਕੰਮ ਕਰਦਾ ਸੀ।

## ਰਿਵਰਸਾਈਡ ਨਿਵਾਸੀ ਸਿੱਧੂ ਪਰਿਵਾਰ ਨੂੰ ਸਦਮਾ

### 17 ਸਾਲਾ ਧੀ ਅਮਨੀਤ ਦਾ ਦਿਹਾਂਤ



**ਰਿਵਰਸਾਈਡ (ਨੀਟਾ ਮਾਛੀਕੇ/ਕੁਲਵੰਤ ਧਾਲੀਆਂ):** ਲਾਸ-ਏਂਜਲਸ ਦੇ ਨੇੜਲੇ ਸ਼ਹਿਰ ਰਿਵਰਸਾਈਡ ਨਿਵਾਸੀ ਬਲਜੀਤ ਸਿੰਘ ਸਿੱਧੂ ਅਤੇ ਬਲਰਾਜ ਕੌਰ ਸਿੱਧੂ (ਬਾਲੀ) ਨੂੰ ਪਿਛਲੇ ਦਿਨੀਂ ਉਸ ਵਕਤ ਭਾਰੀ ਸਦਮਾ ਪਹੁੰਚਿਆ ਜਦੋਂ ਉਹਨਾਂ ਦੀ 17 ਸਾਲ ਦੀ ਪਿਆਰੀ ਬੱਚੀ ਅਮਨੀਤ ਕੌਰ ਸਿੱਧੂ ਬੇਵਕਤ ਇਸ ਫ਼ਾਨੀ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਈ। ਸਵ. ਅਮਨੀਤ ਬਾਸਕਟਬਾਲ ਦੀ ਚੰਗੀ ਖਿਡਾਰਨ ਸੀ ਅਤੇ ਉਸਦਾ ਸੁਪਨਾ ਸੀ ਕਿ ਉਹ ਅਮਰੀਕਾ ਦੀ ਕਿਸੇ ਨੈਸ਼ਨਲ ਟੀਮ ਲਈ ਖੇਡੇ ਅਤੇ ਅਮਰੀਕਨ ਫੌਜ ਵਿੱਚ ਭਰਤੀ ਹੋਵੇ। ਲਾਕਡਾਊਨ ਦੇ ਚੱਲਦਿਆਂ ਗੇਮਾਂ ਬੰਦ ਸਨ, ਸਕੂਲ ਬੰਦ ਸਨ। ਇਸੇ ਦੌਰਾਨ ਉਸਦੇ ਕੋਚ ਦੀ ਮੌਤ ਹੋ ਗਈ, ਥੋੜੀ ਦੇਰ ਬਾਅਦ ਕੋਚ ਦੀ ਪਤਨੀ ਵੀ ਅਕਾਲ ਚਲਾਣਾ ਕਰ ਗਈ। ਇੱਕ ਮਾਮੂਲੀ ਸਕੂਲ ਦੇ ਟੈਸਟ ਵਿੱਚੋਂ ਫ਼ੇਲ ਹੋ ਗਈ। ਮਾੜੀ ਕਿਸਮਤ ਬੱਸ ਡਿਪਰੈਸ਼ਨ ਨੇ ਘੇਰ ਲਈ, ਅਤੇ ਕੁਝ ਦਿਨ ਥੋੜੀ ਚੁੱਪ ਚਾਪ ਰਹਿਣ ਉਪਰੰਤ ਮੌਤ ਨੂੰ ਗਲੇ ਲਗਾ ਗਈ। ਡਿਪਰੈਸ਼ਨ ਬੜੀ ਭੈੜੀ ਬਿਮਾਰੀ ਹੈ। ਅਗਰ ਬੱਚੇ ਸੁੰਨ-ਮੁੰਨ, ਚੁੱਪ ਚਾਪ ਰਹਿਣ ਤਾਂ ਉਹਨਾਂ ਨਾਲ ਗੱਲ ਕਰੋ। ਡਿਪਰੈਸ਼ਨ ਬਹੁਤ ਸਾਰੀਆਂ ਕੀਮਤੀ ਜਾਨਾਂ ਖਾ ਰਿਹਾ ਹੈ। ਬੱਚਿਆਂ ਨੂੰ ਇਸ ਤੋਂ ਜਾਗੁਰਕ ਕਰੋ। ਵਾਹਿਗੁਰੂ ਸਭ ਨੂੰ ਸੁਮੱਤ ਬਖ਼ਸ਼ੇ ਤੇ ਅਮਨੀਤ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ।

## ਵਿਸ਼ਾਲ ਆਮਿਨ ਦੱਖਣ ਏਸ਼ੀਆ ਦਾ ਹਵਾਬਾਜ਼ੀ ਪ੍ਰਤੀਨਿੱਧ ਨਿਯੁਕਤ



**ਵਾਸ਼ਿੰਗਟਨ (ਹੁਸਨ ਲੜੋਆ ਬੰਗਾ):** ਵਾਈਟ ਹਾਊਸ ਨੇ ਭਾਰਤੀ ਮੂਲ ਦੇ ਅਮਰੀਕੀ ਵਿਸ਼ਾਲ ਐਸ ਆਮਿਨ ਨੂੰ ਫੈਡਰੇਸ਼ਨ ਐਵੀਏਸ਼ਨ ਐਡਮਿਨਿਸਟ੍ਰੇਸ਼ਨ (ਐਫ ਏ ਏ) ਦਾ ਦੱਖਣ ਏਸ਼ੀਆ ਲਈ ਖੇਤਰੀ ਪ੍ਰਤੀਨਿੱਧ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਉਹ ਦੱਖਣ ਏਸ਼ੀਆ ਵਿਚ ਅਮਰੀਕੀ ਸਿਵਲ ਐਵੀਏਸ਼ਨ ਲਈ ਚੋਟੀ ਦਾ ਅਧਿਕਾਰੀ ਹੋਵੇਗਾ। ਵਾਈਟ ਹਾਊਸ ਵੱਲੋਂ ਜਾਰੀ ਬਿਆਨ ਅਨੁਸਾਰ ਵਿਸ਼ਾਲ ਕੌਮਾਂਤਰੀ ਹਵਾਬਾਜ਼ੀ ਸੁਰੱਖਿਆ ਨੂੰ ਮਜ਼ਬੂਤ ਕਰੇਗਾ ਤੇ ਇਸ ਸਬੰਧੀ ਲੋੜੀਂਦੇ ਕਦਮ ਚੁੱਕੇਗਾ। ਵਿਸ਼ਾਲ ਆਮਿਨ ਨੇ ਐਫ ਏ ਏ ਵਿਚ ਹਵਾਈ ਆਵਾਜਾਈ ਕੰਟਰੋਲਰ ਵਜੋਂ ਆਪਣਾ ਕੈਰੀਅਰ ਸ਼ੁਰੂ ਕੀਤਾ ਸੀ ਤੇ ਬਾਅਦ ਵਿਚ ਉਹਨਾਂ ਨੇ ਬਹੁਤ ਅਹਿਮ ਅਹੁਦਿਆਂ ਉਪਰ ਕੰਮ ਕੀਤਾ। ਉਹਨਾਂ ਨੇ ਅਮਰੀਕਨ ਏਅਰ ਫੋਰਸ ਵਿਚ ਵੀ 4 ਸਾਲ ਕੰਮ ਕੀਤਾ।

## ਭਾਰਤੀ ਫੌਜ ਨੇ ਮੰਨਿਆ ਕਿ ਫੌਜੀ ਅਫਸਪਾ ਦੀ ਨਜਾਇਜ਼ ਵਰਤੋਂ ਕਰਕੇ ਕਸ਼ਮੀਰੀਆਂ ਨੂੰ ਮਾਰਦੇ ਹਨ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਜੰਮੂ ਕਸ਼ਮੀਰ ਵਿਚ ਭਾਰਤੀ ਫੌਜੀਆਂ ਵੱਲੋਂ ਬਣਾਏ ਜਾਂਦੇ ਝੂਠੇ ਮੁਕਾਬਲਿਆਂ ਦੀ ਹੁਣ ਭਾਰਤੀ ਫੌਜ ਨੇ ਵੀ ਪੁਸ਼ਟੀ ਕਰ ਦਿੱਤੀ ਹੈ। ਆਸ਼ੀਮਪੋਰਾ ਵਿਚ 18 ਜੁਲਾਈ ਨੂੰ 'ਅੱਤਵਾਦੀ' ਦੱਸ ਕੇ ਭਾਰਤੀ ਫੌਜ ਨੇ ਤਿੰਨ ਕਸ਼ਮੀਰੀ ਨੌਜਵਾਨਾਂ ਨੂੰ ਕਤਲ ਕਰ ਦਿੱਤਾ ਸੀ, ਜਦਕਿ ਬਾਅਦ ਵਿਚ ਇਹ ਸੱਚ ਸਾਹਮਣੇ ਆਇਆ ਸੀ ਕਿ ਇਹ ਤਿੰਨ ਨੌਜਵਾਨ ਜੋ ਰਿਸ਼ਤੇਦਾਰ ਸਨ, ਦਿਹਾੜੀਦਾਰ ਮਜ਼ਦੂਰ ਸੀ ਅਤੇ ਰੁਜ਼ਗਾਰ ਲਈ ਆਪਣੇ ਰਾਜੌਰੀ ਵਿਚਲੇ ਆਪਣੇ ਪਿੰਡ ਤੋਂ ਕਸ਼ਮੀਰ ਵੱਲ ਰੁਜ਼ਗਾਰ ਲੱਭਣ ਜਾ ਰਹੇ ਸੀ। ਇਸ ਸਬੰਧੀ ਬੀਤੇ ਕੱਲ ਭਾਰਤੀ ਫੌਜ ਨੇ ਬਿਆਨ ਜਾਰੀ ਕਰਦਿਆਂ ਕਿਹਾ ਕਿ ਭਾਰਤੀ ਫੌਜੀਆਂ ਨੇ ਅਫਸਪਾ ਕਾਨੂੰਨ ਅਧੀਨ ਮਿਲੀਆਂ ਤਾਕਤਾਂ ਦੀ ਨਜਾਇਜ਼ ਵਰਤੋਂ ਕਰਦਿਆਂ ਇਹਨਾਂ ਮੁੰਡਿਆਂ ਨੂੰ ਕਤਲ ਕੀਤਾ। ਭਾਰਤੀ ਫੌਜ ਦੇ ਬੁਲਾਰੇ ਕਰਨਲ ਰਾਜੇਸ਼ ਕਾਲੀਆ ਨੇ ਬਿਆਨ ਵਿਚ ਕਿਹਾ ਕਿ ਆਸ਼ੀਮਪੋਰਾ ਘਟਨਾ ਸਬੰਧੀ ਫੌਜ ਵੱਲੋਂ ਜਾਂਚ ਪੂਰੀ ਕਰ ਲਈ ਗਈ ਹੈ। ਜਾਂਚ ਵਿਚ ਸਪਸ਼ਟ ਹੋਇਆ ਹੈ ਕਿ ਫੌਜੀਆਂ ਨੇ ਅਪਰੇਸ਼ਨ ਦੌਰਾਨ ਅਫਸਪਾ ਅਧੀਨ ਮਿਲੀਆਂ ਤਾਕਤਾਂ ਦੀ ਨਜਾਇਜ਼ ਵਰਤੋਂ ਕੀਤੀ।

ਫੌਜੀ ਬਿਆਨ ਵਿਚ ਹਲਾਂਕਿ ਮਾਰੇ ਗਏ ਕਸ਼ਮੀਰੀ ਨੌਜਵਾਨਾਂ ਨੂੰ ਅਜੇ ਵੀ 'ਅੱਤਵਾਦੀ' ਹੀ ਲਿਖਿਆ ਗਿਆ ਹੈ। ਬਿਆਨ ਵਿਚ ਕਿਹਾ ਗਿਆ ਕਿ ਮਰਨ ਵਾਲੇ ਤਿੰਨ ਨੌਜਵਾਨ ਇਮਤਿਆਜ਼ ਅਹਿਮਦ, ਅਬਰਾਰ ਅਹਿਮਦ ਅਤੇ ਮੋਹੱਮਦ ਇਬਰਾਰ ਰਾਜੌਰੀ ਨਾਲ ਸਬੰਧਿਤ ਸਨ ਅਤੇ ਇਹਨਾਂ ਦੀ ਡੀਐਨਏ ਰਿਪੋਰਟ ਉਡੀਕੀ ਜਾ ਰਹੀ ਹੈ। ਬਿਆਨ ਵਿਚ ਕਿਹਾ ਗਿਆ ਕਿ ਇਹਨਾਂ ਦੇ ਅੱਤਵਾਦੀ ਕਾਰਵਾਈ ਨਾਲ ਸਬੰਧਾਂ ਦੀ ਜਾਂਚ ਫਿਲਹਾਲ ਚੱਲ ਰਹੀ ਹੈ।

ਕਸ਼ਮੀਰ ਵਿਚ ਮਨੁੱਖੀ ਹੱਕਾਂ ਦੇ ਕਾਰਕੁੰਨ ਦਾ ਕਹਿਣਾ ਹੈ ਕਿ ਭਾਰਤੀ ਫੌਜੀ ਤਰੱਕੀਆਂ ਅਤੇ ਮੈਡਲ ਲੈਣ ਲਈ ਆਮ ਕਸ਼ਮੀਰੀਆਂ ਦੇ ਝੂਠੇ ਮੁਕਾਬਲੇ ਬਣਾਉਂਦੇ ਹਨ।

ਅਫਸਪਾ ਇਕ ਕਾਲਾ ਕਾਨੂੰਨ ਹੈ ਜੋ ਭਾਰਤੀ ਫੌਜ ਨੂੰ ਕਤਲ ਕਰਨ ਦੀਆਂ ਵਾਧੂ ਤਾਕਤਾਂ ਦਿੰਦਾ ਹੈ ਅਤੇ ਦੋਸ਼ੀ ਫੌਜੀਆਂ ਨੂੰ ਸਜ਼ਾਵਾਂ ਤੋਂ ਬਚਾਉਂਦਾ ਹੈ। ਭਾਰਤ ਵਿਚ ਅਫਸਪਾ ਅਤੇ ਯੂਏਪੀਏ ਵਰਗੇ ਕਈ ਕਾਲੇ ਕਾਨੂੰਨ ਲਾਗੂ ਹਨ ਜਿਹਨਾਂ ਨੂੰ ਖਾਸ ਕਰਕੇ ਧਾਰਮਿਕ ਘੱਟਗਿਣਤੀਆਂ ਜਿਵੇਂ ਕਸ਼ਮੀਰ, ਸਿੱਖ, ਨਾਗੇ ਅਤੇ ਹੋਰ ਸੰਘਰਸ਼ਸ਼ੀਲ ਕੌਮਾਂ ਦੇ ਮਨੁੱਖੀ ਹੱਕਾਂ ਨੂੰ ਦਬਾਉਣ ਲਈ ਵਰਤਿਆ ਜਾਂਦਾ ਹੈ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਓਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375

# ਹਜ਼ਾਰਾਂ ਹੀ ਸਿੱਖ ਨੌਜਵਾਨਾਂ ਦਾ ਕਾਤਲ ਆਪਣੀ ਵਾਰੀ ਆਉਣ ਤੇ ਪੰਜਾਬ ਦਾ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਹੋਇਆ ਭਗੌੜਾ

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਸ: ਬਲਵੰਤ ਸਿੰਘ ਮੁਲਤਾਨੀ ਕਤਲ ਕੇਸ ਵਿੱਚ ਮੁੱਖ ਤੌਰ ਤੇ ਅਪਰਾਧੀ (ਕਾਤਿਲ) ਪੰਜਾਬ ਪੁਲਿਸ ਦਾ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਗਿਣਿਆ ਗਿਆ। ਇਹ ਕੇਸ ਕਾਫ਼ੀ ਲੰਬੇ ਸਮੇਂ ਤੋਂ ਕੋਰਟਾਂ ਕਚਹਿਰੀਆਂ ਵਿੱਚ ਧੱਕੇ ਖਾ ਰਿਹਾ ਸੀ। ਪਰ ਆਖ਼ਿਰ ਇਸ ਕੇਸ ਦਾ ਪਿਛਲੇ ਦਿਨੀਂ ਅੰਤ ਹੋ ਗਿਆ।

ਜਿਸ ਵਿੱਚ ਸੁਮੇਧ ਸੈਣੀ ਨੂੰ 302 ਦੀ ਧਾਰਾ ਲਾ ਕੇ ਜੇਲ ਦੀਆਂ ਸਲਾਖਾਂ ਪਿੱਛੇ ਸੁੱਟਿਆ ਜਾਣਾ ਸੀ। ਪਰ ਆਪਣੇ ਵਕੀਲਾਂ ਰਾਹੀਂ ਹਾਈ ਕੋਰਟ ਵਿੱਚੋਂ ਦੋ ਦਿਨ ਲਈ ਸਮਾਂ ਅੱਗੇ ਪਵਾ ਗਿਆ।ਫਿਰ ਦੋ ਦਿਨ ਬਾਅਦ ਸੁਮੇਧ ਸੈਣੀ ਕੋਰਟ ਵਿੱਚ ਪੇਸ਼ ਹੋਣ ਦੀ ਬਜਾਏ ਭਗੌੜਾ ਹੋ ਗਿਆ। ਅੱਜ ਦੀ ਤਰੀਕ ਤੱਕ ਉਹ ਪੁਲਿਸ ਦੀ ਗ੍ਰਿਫ਼ਤ ਚੋਂ ਬਾਹਰ ਹੈ।

ਹੁਣ ਸੁਪਰੀਮ ਕੋਰਟ ਵਿੱਚੋਂ ਵੀ ਉਸਦੀ ਜ਼ਮਾਨਤ ਦੀ ਅਰਜ਼ੀ ਖ਼ਾਰਜ ਹੋ ਚੁੱਕੀ ਹੈ।ਇਸ ਕੇਸ ਵਿੱਚ ਵਾਪਰੀਆਂ ਇਨਾਂ ਸਾਰੀਆਂ ਘਟਨਾਵਾਂ ਨੂੰ ਦੇਖਦਿਆਂ ਇੰਝ ਮਹਿਸੂਸ ਹੁੰਦਾ ਹੈ ਕਿ ਆਮ ਲੋਕਾਂ ਵਾਸਤੇ ਕਾਨੂੰਨ ਹੋਰ ਹੈ ਤੇ ਸੁਮੇਧ ਸੈਣੀ ਵਰਗੇ ਲੋਕਾਂ ਵਾਸਤੇ ਕਾਨੂੰਨ ਹੋਰ ਹੈ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀ ਇਕਾਈ ਨੇ ਇਸ ਕੇਸ ਵਿੱਚ ਆਪਣਾ ਪ੍ਰਤੀਕਰਮ ਦਿੰਦਿਆਂ ਕਿਹਾ, ਕਿ ਇਕ ਸਮਾਂ ਅਜਿਹਾ ਸੀ ਜਦ ਸੁਮੇਧ ਸੈਣੀ ਵਰਗੇ ਅਨੇਕਾਂ ਪੁਲਿਸ ਅਫ਼ਸਰਾਂ ਨੇ ਲਾਲਚ ਵੱਸ ਆ ਕੇ ਸਿੱਖਾਂ ਦੇ ਖ਼ੂਨ ਨਾਲ ਹੋਲੀ ਖੇਡੀ ਤੇ ਆਪਣੇ ਅਹੁਦਿਆਂ ਦੀ ਵੀ ਦੁਰਵਰਤੋਂ ਕੀਤੀ ਗਈ ਸੀ।ਇਹ ਉਹੀ ਸੁਮੇਧ ਸੈਣੀ ਹੈ ਜਿਸ ਨੇ ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਹੋਰਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਕੋਹ ਕੋਹ ਕੇ ਮਾਰਿਆ ਸੀ।

ਹੋਰ ਵੀ ਹਜ਼ਾਰਾਂ ਪਰਿਵਾਰ ਹਨ ਜਿੰਨਾ ਦੇ ਮੈਂਬਰਾਂ ਨੂੰ ਤਸੀਹੇ ਦੇ ਕੇ ਖ਼ਤਮ ਕਰ ਦਿੱਤਾ ਤੇ ਅਨੇਕਾਂ ਲੋਕਾਂ ਦੇ ਪਰਿਵਾਰਾਂ ਨੂੰ ਮ੍ਰਿਤਕ ਦੇਹਾਂ ਵੀ ਅੰਤਿਮ ਸਸਕਾਰ ਕਰਨ ਨੂੰ ਨਹੀਂ ਮਿਲੀਆਂ। ਅੱਜ ਹਜ਼ਾਰਾਂ ਉਨਾਂ ਬੇਕਸੂਰਿਆਂ ਦੀਆਂ ਰੂਹਾਂ ਇਸ ਪਾਪੀ ਨੂੰ ਤੜਫ਼-ਤੜਫ਼ ਕੇ ਮਰਦਿਆਂ ਦੇਖਣਾ ਚਾਹੁੰਦੀਆਂ ਹਨ। ਸਿੱਖ ਨੌਜਵਾਨਾਂ ਨੂੰ ਭਗੌੜੇ ਕਰਾਰ ਦੇਣ ਵਾਲਾ ਅੱਜ ਖ਼ੁਦ ਭਗੌੜਾ ਹੋ ਕੇ ਕਿਸੇ ਖੁੱਡ ਵਿੱਚ ਲੁਕਿਆ ਬੈਠਾ ਹੈ।

ਅੱਜ ਮੁਲਤਾਨੀ ਪਰਿਵਾਰ ਨੇ,"ਟੀਸੀ ਦੇ ਬੇਰ ਨੂੰ ਹੱਥ ਪਾ ਕੇ ਤੋੜ ਸੁੱਟਿਆ ਹੈ" ਭਾਵੇਂ ਅਜੇ ਇਹ ਪੁਲਿਸ ਦੀ ਗ੍ਰਿਫ਼ਤ ਵਿੱਚੋਂ ਬਾਹਰ ਹੈ ਪਰ ਉਨਾਂ ਪਰਿਵਾਰਾਂ ਦੇ ਮਨਾਂ ਨੂੰ ਠੰਢ ਉਸੇ ਦਿਨ ਪਵੇਗੀ ਜਦ ਇਹ ਜੇਲਾਂ ਦੀਆਂ ਸਲਾਖ਼ਾਂ ਪਿੱਛੇ ਹੋਵੇਗਾ।

ਇੱਥੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀ ਜਥੇਬੰਦੀ ਦੇ ਮੈਂਬਰਾਂ ਨੇ ਵਿਸ਼ੇਸ਼ ਤੌਰ ਤੇ ਆਪਣੇ ਬਿਆਨ ਵਿੱਚ ਬਾਕੀ ਪੁਲਿਸ ਅਫਸਰਾਂ ਨੂੰ ਤਾੜਨਾ ਵੀ ਕੀਤੀ ਹੈ ਕਿ ਤੁਸੀਂ ਬਹੁ ਗਿਣਤੀ ਵਿੱਚ ਸਿੱਖ ਪਰਿਵਾਰਾਂ ਨਾਲ ਹੀ ਸਬੰਧ ਰੱਖਦੇ ਹੋ।

ਜਦ ਤੁਸੀਂ ਕਿਸੇ ਸਿੱਖ ਨੋਜਵਾਨ ਨੂੰ ਲੱਭਣਾ ਹੁੰਦਾ ਹੈ ਤਾਂ ਤੁਸੀਂ ਉਨਾਂ ਦੇ ਟੱਬਰਾਂ ਤੱਕ ਨੂੰ ਚੁੱਕ ਕੇ ਖੱਪਾ ਦਿੰਦੇ ਹੋ ਤੇ ਅੱਜ ਤੁਹਾਡੇ ਕੋਲੋਂ ਸੈਣੀ ਦਾ ਸੁਰਾਗ ਤੱਕ ਨਹੀਂ ਲੱਭਿਆ ਜਾ ਰਿਹਾ ਅਜੇ ਕੱਲ ਦੀ ਗੱਲ ਹੈ ਜਦ ਇਕ ਨਿਹੰਗ ਸਿੰਘ ਨੇ ਪੁਲਿਸ ਵਾਲੇ ਦਾ ਹੱਥ ਵੱਡਿਆਂ ਤਾਂ ਤੁਸੀਂ ਕਿਹੜੇ ਕਾਨੂੰਨ ਅਧੀਨ ਟੱਬਰਾਂ ਦੇ ਟੱਬਰ ਚੁੱਕ ਕੇ ਠਾਣਿਆਂ 'ਚ ਡੱਕ ਦਿੱਤੇ ਸਨ ਤੇ ਅੱਜ ਤੁਹਾਨੂੰ ਨਾਂ ਸੈਣੀ ਮਿਲ ਰਿਹਾ ਹੈ ਤੇ ਨਾਂ ਹੀ ਉਸਦਾ ਟੱਬਰ ਹੀ ਨਜ਼ਰ ਆ ਰਿਹਾ। ਇੱਥੇ ਦੂਹਰੀ ਨੀਤੀ ਕਿਉਂ ਅਪਣਾਈ ਜਾ ਰਹੀ ਹੈ।

ਯਾਦ ਰੱਖਿਓ ਰੱਬ ਦੇ ਘਰ ਦੇਰ ਹੋ ਸਕਦੀ ਹੈ ਪਰ ਅੰਧੇਰ ਨਹੀਂ ਹਿਸਾਬ ਕਿਤਾਬ ਇੱਥੇ ਹੀ ਹੋ ਜਾਣਾ ਹੈ ਸਭਦਾ।ਜੇ ਕਾਨੂੰਨ ਸਭ ਲਈ ਬਰਾਬਰ ਹੈ ਤਾਂ ਕਿਉਂ ਨਹੀਂ ਸੈਣੀ ਦਾ ਟੱਬਰ ਤੇ ਰਿਸ਼ਤੇਦਾਰ ਲਿਆ ਕੇ ਠਾਣਿਆਂ ਵਿੱਚ ਸੁੱਟੇ ਜਾਂਦੇ। ਇਹ ਸਿਰਫ਼ ਸਿੱਖਾਂ ਨਾਲ ਹੀ ਕਿਉਂ ਦੂਰ ਵਿਵਹਾਰ ਕੀਤਾ ਜਾਂਦਾ ਹੈ।

ਜਿੰਨਾ ਜਿੰਨਾ ਨੇ ਵੀ ਸਿੱਖ ਕੌਮ ਨਾਲ ਜ਼ਿਆਦਤੀ ਕੀਤੀ ਉਨਾਂ ਦਾ ਹਸ਼ਰ ਸੈਣੀ ਵਰਗਾ ਹੀ ਹੁੰਦਾ ਆਇਆ ਹੈ, ਤੇ ਹੁੰਦਾ ਰਹੇਗਾ। ਅੱਜ ਪੰਜਾਬ ਵਿੱਚ ਪੰਥਕ ਜਥੇਬੰਦੀਆਂ ਵੱਲੋਂ ਸੁਮੇਧ ਸੈਣੀ ਦੇ ਭਗੌੜਾ ਹੋਣ ਸਬੰਧੀ ਪਿੰਡਾਂ ਵਿੱਚ ਪੋਸਟਰ ਲਾਏ ਜਾ ਰਹੇ ਹਨ ਤੇ ਦੱਸਣ ਵਾਲੇ ਨੂੰ ਇਨਾਮ ਦਿੱਤੇ ਜਾਣਗੇ ।

ਇਕ ਸਮਾਂ ਸੀ ਜਦ ਪੁਲਿਸ ਵਾਲੇ ਸਿੱਖ ਨੌਜਵਾਨਾਂ ਦੇ ਪੋਸਟਰ ਲਾਇਆ ਕਰਦੇ ਸਨ। ਅੱਜ ਸੈਣੀ ਵਰਗਿਆਂ ਦੇ ਲੱਗ ਰਹੇ ਹਨ।

**ਵਲੋਂ :**

**ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ**

## ਸੁਪਰੀਮ ਕੋਰਟ ਨੇ ਸੁਮੇਧ ਸੈਣੀ ਦੀ ਗ੍ਰਿਫ਼ਤਾਰੀ 'ਤੇ ਇਕ ਮਹੀਨੇ ਦੀ ਰੋਕ ਲਾਈ

**ਅੰਮ੍ਰਿਤਸਰ ਟਾਈਮਜ਼ ਬਿਊਰੋ:** 29 ਸਾਲ ਪਹਿਲਾਂ ਸਿੱਖ ਨੌਜਵਾਨ ਬਲਵੰਤ ਸਿੰਘ ਮੁਲਤਾਨੀ ਨੂੰ ਅਗਵਾ ਕਰਕੇ ਕਤਲ ਕਰਨ ਦੇ ਦੋਸ਼ਾਂ 'ਚ ਨਾਮਜ਼ਦ ਅਤੇ ਗ੍ਰਿਫ਼ਤਾਰੀ ਤੋਂ ਬਚਣ ਲਈ ਭਗੌੜੇ ਹੋਏ ਫਿਰਦੇ ਪੰਜਾਬ ਪੁਲਿਸ ਦੇ ਸਾਬਕਾ ਪੁਲਿਸ ਮੁੱਖੀ ਸੁਮੇਧ ਸੈਣੀ ਨੂੰ ਭਾਰਤ ਦੀ ਸੁਪਰੀਮ ਕੋਰਟ ਨੇ ਵੱਡੀ ਰਾਹਤ ਦਿੱਤੀ ਹੈ। ਧਾਰਾ 302 ਵਿਚ ਅਗਾਊਂ ਜ਼ਮਾਨਤ ਲਈ ਸੁਪਰੀਮ ਕੋਰਟ 'ਚ ਸੈਣੀ ਵੱਲੋਂ ਦਰਜ ਅਰਜ਼ੀ 'ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਇਕ ਮਹੀਨੇ ਲਈ ਸੈਣੀ ਦੀ ਗ੍ਰਿਫ਼ਤਾਰੀ 'ਤੇ ਆਰਜ਼ੀ ਰੋਕ ਲਾ ਦਿੱਤੀ ਹੈ। ਅਦਾਲਤ ਨੇ ਸੈਣੀ ਨੂੰ ਪੁਲਿਸ ਜਾਂਚ ਵਿਚ ਸਹਿਯੋਗ ਦੇਣ ਦੇ ਹੁਕਮ ਵੀ ਜਾਰੀ ਕੀਤੇ ਹਨ। ਇਸ ਦੇ ਨਾਲ ਅਦਾਲਤ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਮਾਮਲੇ ਵਿੱਚ ਜੁਆਬ ਦਾਖਲ ਕਰਨ ਲਈ ਕਿਹਾ ਹੈ। ਸੁਪਰੀਮ ਕੋਰਟ ਦੇ ਜੱਜ ਜਸਟਿਸ ਅਸ਼ੋਕ ਭੂਸ਼ਣ, ਜਸਟਿਸ ਆਰ ਸੁਭਾਸ਼ ਰੈਡੀ ਅਤੇ ਜਸਟਿਸ ਐੱਮ.ਆਰ ਸ਼ਾਹ 'ਤੇ ਆਧਾਰਿਤ ਵਿਸ਼ੇਸ਼ ਬੈਂਚ ਨੇ ਅੱਜ ਸੈਣੀ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ 'ਤੇ ਸੁਣਵਾਈ ਕੀਤੀ। ਕਰੋਨਾ ਮਹਾਂਮਾਰੀ ਪ੍ਰਕੋਪ ਦੇ ਮੱਦੇਨਜ਼ਰ ਵੀਡੀਓ ਕਾਨਫਰੰਸਿੰਗ ਰਾਹੀਂ ਸੈਣੀ ਦੀ ਪਟੀਸ਼ਨ 'ਤੇ ਸੁਣਵਾਈ ਹੋਈ। ਸੁਮੇਧ ਸੈਣੀ ਵੱਲੋਂ ਬਹਿਸ ਵਿੱਚ ਹਿੱਸਾ ਲੈਂਦਿਆਂ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਅਦਾਲਤ ਵਿਚ ਕਿਹਾ, ਕਿ ਬਲਵੰਤ ਸਿੰਘ ਮੁਲਤਾਨੀ ਇਕ ਅਪਰਾਧੀ ਸੀ। ਦੂਜੇ ਪਾਸੇ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂ ਸੈਣੀ ਜ਼ਮਾਨਤ ਅਰਜ਼ੀ ਦਾ ਵਿਰੋਧ ਕਰਦਿਆਂ ਦਲੀਲਾਂ ਦਿੱਤੀਆਂ ਗਈਆਂ। ਸਿਖਰਲੀ ਅਦਾਲਤ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਫਿਲਹਾਲ ਸਾਬਕਾ ਡੀਜੀਪੀ ਦੀ ਗ੍ਰਿਫ਼ਤਾਰੀ 'ਤੇ ਰੋਕ ਲਗਾਉਂਦਿਆਂ ਸੈਣੀ ਨੂੰ ਪੁਲਿਸ ਜਾਂਚ ਵਿੱਚ ਪੂਰਾ ਸਹਿਯੋਗ ਦੇਣ ਲਈ ਕਿਹਾ ਹੈ।

When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ
WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ



GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)



ALL STATE HOMES
GURDIP KAUR
REAL ESTATE AGENT
&
MOBILE NOTARY PUBLIC
CALDRE. #02032641
EMAIL: realtorgurdip@gmail.com
PO BOX 231992
SACRAMENTO 95823
916-695-0035, 916-603-4437

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

Allstate
You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
Guru Nanak Sikh Temple
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਭਾਈ ਗਜਿੰਦਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 'ਜਲਾਵਤਨ ਸਿੱਖ ਯੋਧੇ' ਸਨਮਾਨ ਨਾਲ ਸਨਮਾਨਿਤ ਕੀਤਾ ਜਾਵੇਗਾ

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਸਿੱਖ ਕੌਮ ਦੇ ਸੰਘਰਸ਼ ਲੇਖੇ ਆਪਣੀ ਜ਼ਿੰਦਗੀ ਲਾਉਣ ਵਾਲੇ ਦਲ ਖ਼ਾਲਸਾ ਦੇ ਮੋਢੀ ਮੈਂਬਰ ਅਤੇ ਸਾਬਕਾ ਪ੍ਰਧਾਨ ਭਾਈ ਗਜਿੰਦਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਜਲਾਵਤਨ ਸਿੱਖ ਯੋਧੇ' ਦੇ ਸਨਮਾਨ ਨਾਮ ਸਨਮਾਨਿਤ ਕੀਤਾ ਜਾਵੇਗਾ। ਇਸ ਸਨਮਾਨ ਦੇਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇਕ ਵਿਸ਼ੇਸ਼ ਸਮਾਗਮ ਉਲੀਕਿਆ ਜਾਵੇਗਾ, ਜਿਸ ਦੀ ਤਰੀਕਾ ਦਾ ਜਲਦ ਹੀ ਐਲਾਨ ਕੀਤਾ ਜਾਵੇਗਾ।
ਦੱਸ ਦਈਏ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਭਾਈ ਗਜਿੰਦਰ ਸਿੰਘ ਸਮੇਤ 10 ਹੋਰ ਅਹਿਮ ਸਖਸ਼ੀਅਤਾਂ ਦਾ ਸਨਮਾਨ ਕੀਤਾ ਜਾਵੇਗਾ, ਜਿਹਨਾਂ ਨੂੰ ਪੰਥਕ ਸੇਵਾਵਾਂ ਬਦਲੇ ਵੱਖ-ਵੱਖ ਸਨਮਾਨ ਦਿੱਤੇ ਜਾਣਗੇ। ਇਹਨਾਂ ਸਖਸ਼ੀਅਤਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਇਹ ਸਨਮਾਨ ਹਾਸਲ ਕਰਨ ਲਈ ਪੱਤਰ ਭੇਜੇ ਗਏ ਹਨ।
ਭਾਈ ਗਜਿੰਦਰ ਸਿੰਘ ਅਜ਼ਾਦ ਸਿੱਖ ਰਾਜ 'ਖਾਲਿਸਤਾਨ' ਦੇ ਸੰਘਰਸ਼ ਦੇ ਇਕ ਸਿਰਕੱਢ ਆਗੂ ਹਨ ਜੋ ਦਲ ਖ਼ਾਲਸਾ ਜਥੇਬੰਦੀ ਦੇ ਚਾਰ ਸਿੰਘਾਂ ਸਮੇਤ 29 ਸੰਤਬਰ 1981 ਨੂੰ ਸਿੱਖਾਂ ਦੀਆਂ ਰਾਜਸੀ ਮੰਗਾਂ ਵਿਸ਼ਵ ਪੱਧਰ ਤਕ ਚੁੱਕਣ ਲਈ ਅਤੇ ਸਿੱਖ ਆਗੂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਜੇਲ ਤੋਂ ਰਿਹਾਈ ਲਈ ਇੰਡੀਅਨ ਏਅਰ ਲਾਈਨਜ਼ ਦਾ ਜਹਾਜ਼ ਅਗਵਾ ਕਰਕੇ ਲਾਹੌਰ ਲੈ ਗਏ ਸਨ।ਲਾਹੌਰ ਹਵਾਈ ਅੱਡੇ 'ਤੇ ਪਾਕਿਸਤਾਨ ਫੌਜ ਨੇ ਇਹਨਾਂ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ ਸੀ ਅਤੇ 1986 ਵਿਚ ਲਾਹੌਰ ਅਦਾਲਤ ਵੱਲੋਂ ਇਹਨਾਂ ਸਿੰਘਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।
ਭਾਈ ਗਜਿੰਦਰ ਸਿੰਘ ਅਤੇ ਉਹਨਾਂ ਦੇ ਸਾਥੀ ਸਿੰਘਾਂ ਵੱਲੋਂ ਕੀਤੀ ਇਸ ਕਾਰਵਾਈ ਨਾਲ ਸਿੱਖ ਸੰਘਰਸ਼ ਦੁਨੀਆ ਦੀ ਸਟੇਜ 'ਤੇ ਆ ਗਿਆ ਸੀ। 1994 ਵਿੱਚ ਰਿਹਾਅ ਹੋਣ ਮਗਰੋਂ ਭਾਈ ਗਜਿੰਦਰ ਸਿੰਘ ਜਲਾਵਤਨੀ ਕੱਟਦਿਆਂ ਪਾਕਿਸਤਾਨ ਹੀ ਰਹਿ ਰਹੇ ਹਨ। ਭਾਰਤ ਸਰਕਾਰ ਨੇ ਉਹਨਾਂ ਨੂੰ ਲੋੜੀਂਦੇ ਅੱਤਵਾਦੀਆਂ ਦੀ ਸੂਚੀ ਵਿਚ ਸ਼ਾਮਲ ਕੀਤਾ ਹੋਇਆ ਹੈ ਜਿਸ ਦਾ ਸਿੱਖ ਜਥੇਬੰਦੀਆਂ ਲਗਾਤਾਰ ਵਿਰੋਧ



ਕਰਦੀਆਂ ਆ ਰਹੀਆਂ ਹਨ।
ਦਲ ਖ਼ਾਲਸਾ ਦੇ ਬੁਲਾਰੇ ਨੇ ਦੱਸਿਆ ਕਿ ਰਿਹਾਈ ਤੋਂ ਬਾਅਦ ਜਲਾਵਤਨੀ ਭੋਗ ਰਹੇ ਇਸ ਸਿੱਖ ਆਗੂ ਨੇ ਨਵੰਬਰ 2017 ਵਿਚ ਸੰਯੁਕਤ ਰਾਸ਼ਟਰ ਕੋਲੋਂ ਆਪਣੀ ਮਰਜ਼ੀ ਵਾਲੇ ਦੇਸ਼ ਵਿਚ ਰਹਿਣ ਦੀ ਮੰਗ ਕੀਤੀ ਸੀ। ਇਸ ਵਰੇ ਭਾਰਤ ਵਿਚ ਭਾਈ ਗਜਿੰਦਰ ਸਿੰਘ ਦੇ ਫੇਸਬੁੱਕ ਪੇਜ਼ ਨੂੰ ਦੋ ਵਾਰ ਬੰਦ ਕੀਤਾ ਜਾ ਚੁੱਕਾ ਹੈ।
ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਭਾਈ ਗਜਿੰਦਰ ਸਿੰਘ ਦੀ ਇੰਗਲੈਂਡ ਵਾਸੀ ਧੀ ਬਿਕਰਮਜੀਤ ਕੌਰ ਅਤੇ ਜਥੇਬੰਦੀ ਦੇ ਮੁੱਖ ਦਫ਼ਤਰ ਵਿਖੇ ਪੱਤਰ ਭੇਜਿਆ ਗਿਆ ਹੈ, ਜਿਸ ਦੀ ਪੁਸ਼ਟੀ ਦਲ ਖ਼ਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕੀਤੀ ਹੈ। ਉਨਾਂ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਵੱਲੋਂ ਪ੍ਰਾਪਤ ਪੱਤਰ ਜਲਾਵਤਨ ਆਗੂ ਗਜਿੰਦਰ ਸਿੰਘ ਨੂੰ ਭੇਜ ਦਿੱਤਾ ਹੈ ਅਤੇ ਇਹ ਉਪਾਧੀ ਲੈਣ ਬਾਰੇ ਅੰਤਿਮ ਫ਼ੈਸਲਾ ਉਹੀ ਕਰਨਗੇ।
ਸ੍ਰੀ ਅਕਾਲ ਤਖ਼ਤ ਵੱਲੋਂ ਸਨਮਾਨੀਆਂ ਜਾਣ ਵਾਲੀਆਂ 11 ਸ਼ਖ਼ਸੀਅਤਾਂ ਵਿੱਚ ਦਮਦਮੀ ਟਕਸਾਲ ਦੇ ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਭਿੰਡਰਾਂਵਾਲੇ, ਗਿਆਨੀ ਬਲਵੰਤ ਸਿੰਘ ਕੋਠਾਗੁਰੂ, ਗਿਆਨੀ ਮੇਵਾ ਸਿੰਘ ਸਾਬਕਾ ਮੈਂਬਰ ਧਰਮ ਪ੍ਰਚਾਰ ਕਮੇਟੀ, ਬਾਬਾ ਚਰਨ ਸਿੰਘ ਬੀੜ ਸਾਹਿਬ ਵਾਲੇ (ਸਾਰੇ ਅਕਾਲ ਚਲਾਣਾ ਕਰ ਚੁੱਕੇ ਹਨ), ਡਾ. ਗੁਰਨਾਮ ਸਿੰਘ ਸਾਬਕਾ ਮੁਖੀ ਗੁਰਮਤਿ ਸੰਗੀਤ ਵਿਭਾਗ ਪੰਜਾਬੀ 'ਵਰਸਿਟੀ, ਭਾਈ ਹਰਸਿਮਰਨ ਸਿੰਘ ਅਨੰਦਪੁਰ ਸਾਹਿਬ, ਭਾਈ ਹਰਿੰਦਰ ਸਿੰਘ ਖਾਲਸਾ ਬਠਿੰਡਾ, ਡਾ. ਦਰਸ਼ਨ ਸਿੰਘ, ਗਿਆਨੀ ਗੁਰਬਚਨ ਸਿੰਘ ਮੁਕਤਸਰੀ ਤੇ ਬਾਬਾ ਇਕਬਾਲ ਸਿੰਘ ਬੜੂ ਸਾਹਿਬ ਦੇ ਨਾਂ ਸ਼ਾਮਲ ਹਨ।

## ਦਿੱਲੀ ਪੁਲਸ ਨੇ ਸਾਨੂੰ ਕੁੱਟਿਆ: ਬੇਅੰਤ ਸਿੰਘ ਦਾ ਪੋਤਾ ਰਵਨੀਤ ਬਿੱਟੂ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਪੰਜਾਬ ਵਿਚ ਦਿੱਲੀ ਦੀ ਸੱਤਾ ਦੇ ਇਸ਼ਾਰਿਆਂ 'ਤੇ ਸਿੱਖ ਨੌਜਵਾਨੀ ਦੇ ਲਹੂ ਦੀਆਂ ਨਹਿਰਾਂ ਵਗਾਉਣ ਵਾਲੇ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਅਤੇ ਲੁਧਿਆਣਾ ਹਲਕੇ ਤੋਂ ਲੋਕ ਸਭਾ ਮੈਂਬਰ ਰਵਨੀਤ ਬਿੱਟੂ ਨੇ ਅੱਜ ਭਾਰਤ ਦੀ ਲੋਕ ਸਭਾ ਵਿਚ ਦੁਹਾਈ ਪਾਈ ਕਿ ਉਸਨੂੰ ਅਤੇ ਉਸਦੇ ਸਾਥੀ ਕਾਂਗਰਸੀ ਮੈਂਬਰ ਪਾਰਲੀਮੈਂਟਾਂ ਨੂੰ ਦਿੱਲੀ ਪੁਲਿਸ ਨੇ ਘੇਰ ਕੇ ਕੁੱਟਿਆ। ਅੱਜ ਲੋਕ ਸਭਾ ਵਿਚ ਰਵਨੀਤ ਬਿੱਟੂ ਨੇ ਦਾਅਵਾ ਕੀਤਾ ਕਿ ਉਨਾਂ ਅਤੇ ਕਾਂਗਰਸ ਦੇ ਤਿੰਨ ਹੋਰ ਮੈਂਬਰ ਸੰਤੋਖ ਚੌਧਰੀ, ਜਸਬੀਰ ਸਿੰਘ ਗਿੱਲ ਅਤੇ ਗੁਰਜੀਤ ਸਿੰਘ ਔਜਲਾ ਨਾਲ ਦਿੱਲ ਪੁਲੀਸ ਦੇ ਮੁਲਾਜ਼ਮਾਂ ਨੇ ਸੋਮਵਾਰ ਨੂੰ ਸੰਸਦ ਭਵਨ ਦੇ ਨੇੜੇ ਬਦਸਲੂਕੀ ਕੀਤੀ। ਉਨਾਂ ਕਿਹਾ, ਅਸੀਂ ਕਿਸਾਨ ਮੁੱਦੇ 'ਤੇ ਮੋਮਬੱਤੀ ਮਾਰਚ ਕਰਕੇ ਹੋਏ ਵਿਜੈ ਚੌਕ ਜਾ ਰਹੇ ਸੀ। ਸਿਰਫ 10-15 ਮੀਟਰ ਚੱਲੇ ਹੋਵਾਂਗੇ ਕਿ 100 ਦੇ ਕਰੀਬ ਪੁਲੀਸ ਵਾਲੇ ਅਚਾਨਕ ਆ ਗਏ। ਉਨਾਂ ਨੂੰ ਲੱਗਿਆ ਕਿ ਕਿਧਰੇ ਕਿਸਾਨ ਆਏ ਹਨ। ਉਨਾਂ ਕਿਹਾ ਕਿ ਇਸ ਤੋਂ ਪਤਾ



ਲੱਗਦਾ ਹੈ ਕਿ ਇਹ ਲੋਕ ਕਿਸਾਨਾਂ ਤੋਂ ਕਿੰਨੇ ਡਰੇ ਹੋਏ ਹਨ। ਬਿੱਟੂ ਨੇ ਦੋਸ਼ ਲਾਇਆ ਕਿ ਉਹ ਮੋਮਬੱਤੀ ਜਗਾਉਣ ਲਈ ਵਿਜੇ ਚੌਕ ਜਾਣਾ ਚਾਹੁੰਦਾ ਸੀ ਪਰ ਪੁਲੀਸ ਨੇ ਚਾਰ ਸੰਸਦ ਮੈਂਬਰਾਂ ਨੂੰ ਬੁਰੀ ਤਰਾਂ ਕੁੱਟਿਆ। ਉਨਾਂ ਨੇ ਖੁਦ ਨੂੰ ਵੀ ਸੱਟਾਂ ਲੱਗਣ ਦਾ ਦਾਅਵਾ ਕੀਤਾ। ਇਸ 'ਤੇ ਸਪੀਕਰ ਨੇ ਕਿਹਾ ਕਿ ਉਨਾਂ ਨੂੰ ਬਿੱਟੂ ਤੇ ਚੌਧਰੀ ਦੇ ਪੱਤਰ ਮਿਲੇ ਹਨ ਤੇ ਉਨਾਂ ਮਾਮਲੇ ਦੀ ਰਿਪੋਰਟ ਮੰਗ ਲਈ ਹੈ। ਇਸ ਘਟਨਾ ਦੀ ਵੀਡੀਓ ਵੀ ਸਾਹਮਣੇ ਆਈ ਸੀ ਜਿਸ ਵਿਚ ਨਜ਼ਰ ਆ ਰਿਹਾ ਸੀ ਕਿ ਦਿੱਲੀ ਪੁਲਸ ਪੰਜਾਬ ਦੇ ਕਾਂਗਰਸੀ ਮੈਂਬਰ ਪਾਰਲੀਮੈਂਟਾਂ ਦਾ ਜਲੂਸ ਕੱਢਦਿਆਂ ਖਿੱਚ ਧੂਹ ਕਰ ਰਹੀ ਸੀ। ਦਿੱਲੀ ਪੁਲਸ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਾਣ ਲਈ ਉਹ ਰਾਹ ਖਾਲੀ ਕਰਵਾ ਰਹੇ ਸਨ ਕਿਉਂਕਿ ਮੋਦੀ ਦਾ ਕਾਫ਼ਲਾ ਅਚਾਨਕ ਹੀ ਇਧਰ ਆ ਰਿਹਾ ਸੀ। ਨਾਲ ਹੀ ਸੰਸਦ ਮੈਂਬਰਾਂ ਨੇ ਧਰਨੇ ਦੀ ਮਨਜ਼ੂਰੀ ਵੀ ਨਹੀਂ ਸੀ ਲਈ।

## ਪੰਜਾ ਸਾਹਿਬ (ਹਸਨ ਅਬਦਾਲ) ਦੀ ਸਿੱਖ ਬੱਚੀ ਆਪਣੇ ਮਾਪਿਆਂ ਕੋਲ ਸੁਰਖਿਅਤ ਘਰ ਪਹੁੰਚੀ- ਏਜੀਪੀਸੀ

**ਅਟਕ/ਏ.ਟੀ.ਨਿਊਜ਼:** ਗੁਰਦੁਆਰਾ ਪੰਜਾ ਸਾਹਿਬ ਨਾਲ ਸਬੰਧਤ ਡਾਕਟਰੀ ਅਮਲੇ ਦੇ ਸਰਦਾਰ ਪ੍ਰੀਤਮ ਸਿੰਘ ਦੀ ਬੇਟੀ ਬੁਲਬੁਲ ਕੌਰ ਪਾਕਿਸਤਾਨੀ ਪੰਜਾਬ ਪੁਲਿਸ ਦੀ ਮਿਹਨਤ ਤੇ ਉੱਦਮ ਨਾਲ ਵਾਪਸ ਆਪਣੇ ਘਰ ਸੁਰਖਿਅਤ ਪਹੁੰਚ ਗਈ ਹੈ। ਅਟਕ ਜਿਲੇ ਦੇ ਪੁਲਿਸ ਕਪਤਾਨ ਖਾਲਿਦ ਹਮਦਾਨੀ ਨੇ ਸਿੱਖ ਪਰਵਾਰ, ਸਰਕਾਰ, ਪੁਲਿਸ, ਦਾਰੁਲ ਅਮਾਨ ਦੇ ਪਰਵਾਰ ਨਾਲ ਜਿਥੇ ਲੜਕੀ ਰੱਖੀ ਸੀ ਸੰਪਰਕ ਕਰਕੇ ਅਦਾਲਤ ਨੂੰ ਦਸਿਆ ਕਿ ਲੜਕੀ ਨੂੰ ਉਸਦੀ ਮਰਜੀ ਨਾਲ



ਉਸਦੇ ਮਾਪਿਆਂ ਨਾਲ ਮਿਲਾ ਦਿਤਾ ਗਿਆ ਹੈ ਤੇ ਲੜਕੀ ਆਪਣੀ ਆਪਣੇ ਘਰ ਸੁਰਖਿਅਤ ਪਹੁੰਚ ਗਈ ਹੈ। ਭਾਈ ਪ੍ਰੀਤਮ ਸਿੰਘ ਨੇ ਪਾਕਿਸਤਾਨ ਸਰਕਾਰ, ਪਾਕਿਸਤਾਨ ਦੇ ਸੂਚਨਾ ਮਹਿਕਮੇ ਤੇ ਪੰਜਾਬ ਪੁਲਿਸ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਉਹ ਸਰਕਾਰੀ ਅਦਾਰਿਆਂ ਦੇ ਬਹੁਤ ਸ਼ੁਕਰਗੁਜਾਰ ਹਨ ਕਿ ਉਨਾਂ ਨੇ ਬਹੁਤ ਮਿਹਨਤ ਕਰਦਿਆਂ ਸਾਡੀ ਬੇਟੀ ਨੂੰ ਲੱਭ ਕੇ ਸਾਡੇ ਤੱਕ ਪੁਚਾ ਦਿੱਤਾ ਹੈ।
ਏਜੀਪੀਸੀ ਦੇ ਕੋਆਰਡੀਨੇਟਰ ਡਾਕਟਰ ਪ੍ਰਿਤਪਾਲ ਸਿੰਘ ਹੁਰਾਂ ਸਿੱਖ ਬੱਚੀ ਦੇ ਘਰ ਪਹੁੰਚਣ ਵਾਸਤੇ ਯੂ.ਕੇ. ਦੇ ਡਾਕਟਰ ਇਕਤਦਾਰ ਚੀਮਾ, ਪਾਕਿਸਤਾਨ ਸਰਕਾਰ, ਪਾਕਿਸਤਾਨ ਪੰਜਾਬ ਪੁਲਿਸ ਮਹਿਕਮੇ ਤੇ ਪਾਕਿਸਤਾਨੀ ਅਦਾਲਤੀ ਢਾਂਚੇ ਦਾ ਧੰਨਵਾਦ ਕੀਤਾ ਹੈ, ਜੋ ਪਾਕਿਸਤਾਨ ਦੀਆਂ ਘੱਟਗਿਣਤੀ ਕੌਮਾਂ ਦੇ ਪਰਵਾਰਾਂ ਦਾ ਪੂਰਾ ਖਿਆਲ ਰਖਦੇ ਹਨ। ਡਾਕਟਰ ਇਕਤਦਾਰ ਚੀਮਾ ਨੇ ਅਮਰੀਕਾ, ਯੂ.ਕੇ. ਤੇ ਪਾਕਿਸਤਾਨੀ ਮਹਿਕਮਿਆਂ ਵਿਚ ਤਾਲਮੇਲ ਬਣਾ ਕੇ ਸਿੱਖ ਪਰਵਾਰ ਦੀ ਬਹੁਤ ਮਦਦ ਕੀਤੀ ਹੈ।

# ਪੰਜਾਬ ਬਣ ਰਿਹਾ ਬਿਮਾਰੀਆਂ ਦਾ ਘਰ

### 40 ਫ਼ੀਸਦੀ ਲੋਕ ਓਵਰਵੇਟ ✪ ਪੀਜੀਆਈ ਨੇ ਕੀਤਾ ਖ਼ੁਲਾਸਾ ✪ ਓਵਰਵੇਟ ਲੋਕਾਂ 'ਚੋਂ 28 ਫ਼ੀਸਦੀ ਦੀ ਮੌਤ ਹੋ ਰਹੀ ਏ ਹਾਰਟ ਅਟੈਕ ਕਾਰਨ

**ਪਟਿਆਲਾ/ਅੰਮ੍ਰਿਤਸਰ ਟਾਈਮਜ਼ ਬਿਊਰੋ:** ਉੱਚੇ-ਲੰਮੇ ਛੈਲ-ਛਬੀਲੇ ਤੇ ਚੌੜੀਆਂ ਛਾਤੀਆਂ ਵਾਲੇ ਗੱਭਰੂਆਂ ਲਈ ਮਸ਼ਹੂਰ ਪੰਜਾਬ 'ਚ ਹੁਣ 40 ਫ਼ੀਸਦੀ ਲੋਕ ਓਵਰਵੇਟ ਹੋ ਚੁੱਕੇ ਹਨ। ਇਹੀ ਕਾਰਨ ਹੈ ਕਿ ਪੰਜਾਬ 'ਚ ਕਈ ਤਰਾਂ ਦੀਆਂ ਬਿਮਾਰੀਆਂ ਵੱਧ ਰਹੀਆਂ ਹਨ। ਪੀਜੀਆਈ ਨੇ ਇਸ ਗੱਲ ਦਾ ਖ਼ੁਲਾਸਾ ਕੀਤਾ ਹੈ। ਸੰਨ 2016 'ਚ ਪੰਜਾਬ 'ਚ ਕੀਤੇ ਸਰਵੇ ਵਿਚ ਵੀ ਇਹ ਅੰਕੜਾ 40 ਫ਼ੀਸਦੀ ਸੀ। ਚਾਰ ਸਾਲ ਬਾਅਦ ਵੀ ਪੰਜਾਬੀਆਂ ਦੀਆਂ ਆਦਤਾਂ 'ਚ ਕੋਈ ਵੱਡਾ ਬਦਲਾਅ ਨਹੀਂ ਆਇਆ ਹੈ। ਇਸ ਵਾਰ ਸਰਵੇ 'ਚ ਚੰਡੀਗੜ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਓਵਰਵੇਟ ਹੋਣ ਕਾਰਨ ਲੋਕਾਂ 'ਚ ਦਿਲ ਨਾਲ ਜੁੜੀਆਂ ਗੰਭੀਰ ਬਿਮਾਰੀਆਂ ਵੱਧ ਰਹੀਆਂ ਹਨ। ਸਰੀਰ ਦਾ ਸਾਧਾਰਨ ਨਾਲੋਂ ਵੱਧ ਭਾਰ ਹੋਣ ਕਾਰਨ ਪੰਜਾਬ ਤੇ ਚੰਡੀਗੜ ਦੇ ਲੋਕਾਂ 'ਚ ਹਾਰਟ ਅਟੈਕ ਦਾ ਖ਼ਤਰਾ ਵੱਧਦਾ ਜਾ ਰਿਹਾ ਹੈ। ਇਸ ਦਾ ਮੁੱਖ ਕਾਰਨ ਲੋਕਾਂ ਦਾ ਬਦਲਦਾ ਲਾਈਫ ਸਟਾਈਲ ਹੈ ਜਿਸ ਕਾਰਨ ਪਹਿਲਾਂ ਮੋਟਾਪਾ ਅਤੇ ਫਿਰ ਪਿੱਛੇ-ਪਿੱਛੇ ਕਈ ਬਿਮਾਰੀਆਂ ਆਉਂਦੀਆਂ ਹਨ। ਚਾਲ਼ੀ ਫ਼ੀਸਦੀ ਓਵਰਵੇਟ ਲੋਕਾਂ 'ਚੋਂ 28 ਫ਼ੀਸਦੀ ਦੀ ਮੌਤ ਹਾਰਟ ਅਟੈਕ ਕਾਰਨ ਹੋ ਰਹੀ ਹੈ। ਚੰਡੀਗੜ ਅਤੇ ਪੰਜਾਬ 'ਚ 30 ਫ਼ੀਸਦੀ ਲੋਕਾਂ ਦੇ ਦਿਲ ਕਮਜ਼ੋਰ ਹਨ। ਦਰਅਸਲ, ਸਰੀਰਕ ਤੌਰ 'ਤੇ ਤੰਦਰੁਸਤ ਦਿਸਣ ਵਾਲੇ ਪੰਜਾਬ ਦੇ ਲੋਕ ਅੰਦਰੋਂ ਖੋਖਲੇ ਹੁੰਦੇ ਜਾ ਰਹੇ ਹਨ। ਸਿਹਤ ਮਾਹਿਰਾਂ ਮੁਤਾਬਕ ਇਸ ਦਾ ਸਭ ਤੋਂ ਵੱਡਾ ਕਾਰਨ ਆਲਸ ਹੈ। ਇਹ ਖ਼ੁਲਾਸਾ ਪੀਜੀਆਈ ਦੇ ਸਕੂਲ ਆਫ ਪਬਲਿਕ ਹੈਲਥ ਵੱਲੋਂ ਪੰਜਾਬ ਦੇ 5 ਮੈਡੀਕਲ ਕਾਲਜਾਂ ਨਾਲ ਮਿਲ ਕੇ 2016 'ਚ ਕੀਤੇ ਸਰਵੇ ਵਿਚ ਕੀਤਾ ਗਿਆ ਸੀ। ਜੇਕਰ ਪਿਛਲੇ ਚਾਰ ਸਾਲਾਂ 'ਤੇ ਨਜ਼ਰ ਮਾਰੀਏ ਤਾਂ ਪੰਜਾਬ ਅਤੇ ਚੰਡੀਗੜ ਦੋਵਾਂ ਥਾਵਾਂ 'ਤੇ ਫਾਸਟ ਫੂਡ ਅਤੇ ਢਾਬਿਆਂ ਦਾ ਚਲਨ ਤੇਜ਼ੀ ਨਾਲ ਵਧਿਆ ਹੈ। ਪੰਜਾਬੀ ਲੋਕ ਸ਼ੁਰੂ ਤੋਂ ਹੀ ਬਾਹਰ ਖਾਣ-ਪੀਣ ਦੇ ਸ਼ੌਕੀਨ ਹਨ ਪਰ ਹੁਣ ਇਹ ਆਦਤ ਬਹੁਤ ਜ਼ਿਆਦਾ ਵੱਧ ਗਈ ਹੈ। ਸਿਆਣੇ ਕਹਿੰਦੇ ਹਨ 'ਜੈਸਾ ਅੰਨ ਵੈਸਾ ਮਨ।' ਢਾਬਿਆਂ 'ਚ ਇਸਤੇਮਾਲ ਹੋਣ ਵਾਲੇ ਕੈਮੀਕਲ ਸਰੀਰ ਨੂੰ ਖੋਖਲਾ ਕਰ ਰਹੇ ਹਨ। ਚਾਈਨੀਜ਼ ਖਾਣਿਆਂ 'ਚ ਇਸੇਤਮਾਲ ਹੋਣ ਵਾਲਾ ਅਜੀਨੋਮਾਟੋ ਬਹੁਤ ਖ਼ਤਰਨਾਕ ਹਦ ਤਕ ਵਰਤਿਆ ਜਾ ਰਿਹਾ ਹੈ। ਹੋਰ ਪਰੇਸ਼ਾਨੀ ਵਾਲੀ ਗੱਲ ਇਹ ਕਿ 13 ਫ਼ੀਸਦੀ ਤੋਂ ਵੱਧ ਲੋਕ ਸਿਗਰਟ ਅਤੇ 37 ਫ਼ੀਸਦੀ ਸ਼ਰਾਬ ਦੇ ਆਦੀ ਹਨ। ਜ਼ਿਆਦਾਤਰ ਲੋਕ ਕਸਰਤ ਜਾਂ ਸੈਰ ਨਹੀਂ ਕਰਦੇ, ਨਾ ਖਾਣ-ਪੀਣ ਸਰੀਰ ਦੀ ਲੋੜ ਦੇ ਅਨੁਸਾਰ ਹੈ। ਕੋਈ ਸਮਾਂ ਸੀ ਜਦੋਂ ਪੰਜਾਬੀ ਦੂਰੋਂ ਪਛਾਣੇ ਜਾਂਦੇ ਸਨ। ਕੱਦ-ਕਾਠ ਅਤੇ ਗੁੰਦਵੇਂ ਸਰੀਰ ਉਨਾਂ ਦੀ ਪਛਾਣ ਸਨ। ਫ਼ੌਜ ਦੀ ਭਰਤੀ 'ਚ ਸਭ ਤੋਂ ਅੱਗੇ ਪੰਜਾਬੀ ਹੀ ਹੁੰਦੇ ਸਨ। ਜਦੋਂਕਿ ਹੁਣ ਭਰਤੀ ਦੇਖਣ ਵਾਲਿਆਂ ਦੀ ਗਿਣਤੀ ਵੀ ਘਟੀ ਹੈ ਅਤੇ ਜਿਹੜੇ ਜਾਂਦੇ ਵੀ ਹਨ ਉਨਾਂ 'ਚੋਂ ਗਿਣਤੀ ਦੇ ਹੀ ਸਰੀਰਕ ਪ੍ਰੀਖਿਆ ਪਾਸ ਕਰਦੇ ਹਨ। ਜੇਕਰ ਇਹੀ ਹਾਲ ਰਿਹਾ ਤਾਂ ਆਉਣ ਵਾਲੇ ਸਮੇਂ 'ਚ ਪੰਜਾਬ ਬਿਮਾਰੀਆਂ ਦਾ ਘਰ ਬਣ ਜਾਵੇਗਾ।

## ਤੁਰਕੀ ਨੇ ਇਕ ਵਾਰ ਫੇਰ ਸੰਯੁਕਤ ਰਾਸ਼ਟਰ ਵਿਚ ਕਸ਼ਮੀਰੀਆਂ ਦੀ ਅਵਾਜ਼ ਚੁੱਕੀ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੇ ਇਜਲਾਸ ਵਿਚ ਬੋਲਦਿਆਂ ਤੁਰਕੀ ਦੇ ਰਾਸ਼ਟਰਪਤੀ ਰਿਸਿਪ ਤਾਇਪ ਏਰਡੋਗਨ ਨੇ ਕਸ਼ਮੀਰ ਵਿਚ ਭਾਰਤ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਦਾ ਮੁੱਦਾ ਚੁੱਕਿਆ।
ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੇ 75ਵੇਂ ਸੈਸ਼ਨ ਵਿਚ ਵੀਡੀਓ ਸੁਨੇਹੇ ਰਾਹੀਂ ਦੁਨੀਆ ਨੂੰ ਸੰਬੋਧਨ ਕਰਦਿਆਂ ਏਰਡੋਗਨ ਨੇ ਕਿਹਾ ਕਿ ਦੱਖਣੀ ਏਸ਼ੀਆ ਦੇ ਸ਼ਾਂਤੀ ਅਤੇ ਸਥਿਰਤਾ ਲਈ ਕਸ਼ਮੀਰ ਦਾ ਮਸਲਾ ਬਹੁਤ ਅਹਿਮ ਹੈ ਅਤੇ ਇਹ ਮਸਲਾ ਅਜੇ ਵੀ ਸੁਲਗ ਰਿਹਾ ਹੈ। ਉਹਨਾਂ ਕਿਹਾ ਕਿ ਭਾਰਤ ਵੱਲੋਂ ਜੰਮੂ ਕਸ਼ਮੀਰ ਨੂੰ ਮਿਲੇ ਖਾਸ ਦਰਜੇ ਨੂੰ ਖਤਮ ਕਰਨ ਤੋਂ ਬਾਅਦ ਹਾਲਾਤ ਹੋਰ ਵੀ ਗੰਭੀਰ ਬਣ ਗਏ ਹਨ। ਉਹਨਾਂ ਕਿਹਾ ਕਿ ਤੁਰਕੀ ਇਸ ਮਸਲੇ ਨੂੰ ਸੰਯੁਕਤ ਰਾਸ਼ਟਰ ਦੇ ਮਤੇ ਅਨੁਸਾਰ ਅਤੇ ਕਸ਼ਮੀਰ ਦੇ ਲੋਕਾਂ ਦੀਆਂ ਭਾਵਨਾਵਾਂ ਮੁਤਾਬਕ ਗੱਲਬਾਤ ਰਾਹੀਂ ਹੱਲ ਕਰਨ ਦੇ ਪੱਖ ਵਿਚ ਹੈ। ਭਾਰਤ ਨੇ ਤੁਰਕੀ ਦੇ ਇਸ ਬਿਆਨ 'ਤੇ ਇਤਰਾਜ਼ ਪ੍ਰਗਟ ਕਰਦਿਆਂ ਕਿਹਾ ਕਿ ਤੁਰਕੀ ਨੂੰ ਭਾਰਤ ਦੀ ਪ੍ਰਭੂਸੱਤਾ ਦਾ ਸਤਿਕਾਰ ਕਰਨਾ ਚਾਹੀਦਾ ਹੈ। ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਨੁਮਾਂਇੰਦੇ ਟੀ ਤੀਰੂਮੂਰਤੀ ਨੇ ਇਸ ਨੂੰ ਤੁਰਕੀ ਦਾ ਭਾਰਤੀ ਮਾਮਲਿਆਂ ਵਿਚ ਦਖਲ ਕਰਾਰ ਦਿੱਤਾ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਤੁਰਕੀ ਦੇ ਰਾਸ਼ਟਰਪਤੀ ਵੱਲੋਂ ਕਸ਼ਮੀਰੀਆਂ ਲਈ ਚੁੱਕੀ ਅਵਾਜ਼ ਦੀ ਸਿਫਤ ਕਰਦਿਆਂ ਕਿਹਾ ਕਿ ਤੁਰਕੀ ਨੇ ਇਕ ਵਾਰ ਫੇਰ ਕਸ਼ਮੀਰੀਆਂ ਦੇ ਹੱਕਾਂ ਲਈ ਕੌਮਾਂਤਰੀ ਮੰਚ 'ਤੇ ਅਵਾਜ਼ ਚੁੱਕੀ ਹੈ ਜੋ ਕਸ਼ਮੀਰੀਆਂ ਨੂੰ ਸਵੈ-ਨਿਰਣੇ ਦੇ ਹੱਕ ਲਈ ਚੱਲ ਰਹੇ ਸੰਘਰਸ਼ ਵਿਚ ਹੌਸਲਾ ਦਵੇਗੀ।

# ਖੇਤੀਬਾੜੀ ਬਿੱਲ ਕਿਸਾਨ ਵਿਰੋਧੀ ਕਿਵੇਂ ਹਨ ? ਵਿਸਥਾਰ ਵਿਚ ਪੜ੍ਹੋ

**- ਗੁਰਪ੍ਰੀਤ ਸਿੰਘ**

ਹਾਲ ਹੀ ਵਿੱਚ, ਕੋਰੋਨਾ ਦੇ ਚਲਦਿਆਂ, ਕੇਂਦਰ ਸਰਕਾਰ 3 ਖੇਤੀ ਆਰਡੀਨੈਂਸ ਲੈ ਕੇ ਆਈ ਹੈ, ਜਿਨਾਂ ਨੂੰ ਕੇਂਦਰ ਸਰਕਾਰ ਵੱਲੋਂ ਇੱਕ ਵੱਡਾ ਖੇਤੀਬਾੜੀ ਸੁਧਾਰ ਦੱਸਿਆ ਜਾ ਰਿਹਾ ਹੈ। ਪਰ ਇਸ ਵਿੱਚ ਕਿੰਨੀ ਸੱਚਾਈ ਹੈ, ਆਓ ਅਸੀਂ ਇੱਕ ਕਿਸਾਨ ਦੇ ਨਜ਼ਰੀਏ ਤੋਂ ਇਸਦਾ ਪੂਰੀ ਤਰਾਂ ਵਿਸ਼ਲੇਸ਼ਣ ਕਰੀਏ-

**1) ਪਹਿਲਾ ਆਰਡੀਨੈਂਸ ਹੈ - ਕਿਸਾਨ ਉਤਪਾਦ ਵਪਾਰ ਅਤੇ ਵਪਾਰਕ ਆਰਡੀਨੈਂਸ 2020**

ਇਸ ਦੇ ਤਹਿਤ ਕੇਂਦਰ ਸਰਕਾਰ 'ਇਕ ਦੇਸ਼, ਇਕ ਖੇਤੀਬਾੜੀ ਮੰਡੀ' ਬਣਾਉਣ ਦੀ ਗੱਲ ਕਰ ਰਹੀ ਹੈ। ਇਸ ਆਰਡੀਨੈਂਸ ਦੇ ਜ਼ਰੀਏ ਪੈਨ ਕਾਰਡ ਧਾਰਕ ਕਿਸੇ ਵੀ ਵਿਅਕਤੀ, ਕੰਪਨੀ, ਸੁਪਰ ਮਾਰਕੀਟ, ਕਿਸੇ ਵੀ ਕਿਸਾਨ ਦੇ ਖੇਤ, ਕੋਠੇ ਵਿਚ, ਘਰ ਵਿਚ, ਸੜਕ 'ਤੇ ਕਿਸੇ ਵੀ ਜਗਾਂ ਤੇ ਫਸਲ ਖਰੀਦ ਸਕਦੇ ਹਨ। ਕਿਸਾਨ ਆਪਣੀ ਫਸਲ ਨੂੰ ਕਿਸੇ ਵੀ ਸ਼ਹਿਰ, ਰਾਜ ਜਾਂ ਦੇਸ਼ ਦੇ ਕਿਸੇ ਵੀ ਕੋਨੇ ਵਿਚ ਵੀ ਲਿਜਾ ਕੇ ਵੇਚ ਸਕਦਾ ਹੈ। ਕੇਂਦਰ ਸਰਕਾਰ ਨੇ ਏਪੀਐਮਸੀ ਵਿਹੜੇ(ਮੰਡੀ ਬਾਜਾਰ) ਵਿੱਚ ਖੇਤੀਬਾੜੀ ਦੇ ਸਮਾਨ ਵੇਚਣ ਦੀ ਸ਼ਰਤ ਨੂੰ ਹਟਾ ਦਿੱਤਾ ਹੈ।ਮਹੱਤਵਪੂਰਨ ਗੱਲ ਇਹ ਹੈ ਕਿ ਖੇਤੀਬਾੜੀ ਦੇ ਸਾਮਾਨ ਦੀ ਖਰੀਦ ਜੋ ਕਿ ਏਪੀਐਮਸੀ ਮਾਰਕੀਟ ਤੋਂ ਬਾਹਰ ਹੋਵੇਗੀ ਕੋਈ ਟੈਕਸ ਜਾਂ ਡਿ ਟੀ ਨਹੀਂ ਲਗੇਗੀ। ਇਸਦਾ ਅਰਥ ਹੈ ਕਿ ਏਪੀਐਮਸੀ ਮਾਰਕੀਟ ਪ੍ਰਣਾਲੀ ਹੌਲੀ ਹੌਲੀ ਖ਼ਤਮ ਹੋ ਜਾਵੇਗੀ ਕਿਉਂਕਿ ਏਪੀਐਮਸੀ ਸਿਸਟਮ ਅਰਥਾਤ ਖੇਤੀਬਾੜੀ ਉਤਪਾਦਾਂ ਦੀਆਂ ਮੰਡੀਆਂ ਟੈਕਸਾਂ ਅਤੇ ਹੋਰ ਖਰਚਿਆਂ ਨੂੰ ਆਪਣੇ ਵੱਲ ਖਿੱਚਦੀਆਂ ਰਹਿਣਗੀਆਂ।

ਇਸ ਆਰਡੀਨੈਂਸ ਦੇ ਤਹਿਤ ਪੈਨ ਕਾਰਡ, ਕੰਪਨੀ ਜਾਂ ਸੁਪਰ ਮਾਰਕੀਟ ਰੱਖਣ ਵਾਲੇ ਵਿਅਕਤੀ ਨੂੰ ਕਿਸਾਨੀ ਦਾ ਸਾਮਾਨ ਖਰੀਦਣ ਵਾਲੇ ਨੂੰ ਤਿੰਨ ਦਿਨਾਂ ਦੇ ਅੰਦਰ ਅੰਦਰ ਕਿਸਾਨਾਂ ਦਾ ਮਾਲ ਭਰਨਾ ਪਵੇਗਾ। ਐਸਡੀਐਮ ਇਸ ਦਾ ਹੱਲ ਕਰੇਗਾ ਜੇ ਮਾਲ ਖਰੀਦਣ ਵਾਲੇ ਵਿਅਕਤੀ ਜਾਂ ਕੰਪਨੀ ਅਤੇ ਕਿਸਾਨ ਦੇ ਵਿਚਕਾਰ ਵਿਵਾਦ ਹੁੰਦਾ ਹੈ ਤਾਂ ਪਹਿਲਾਂ, ਐਸਡੀਐਮ ਦੁਆਰਾ ਕਿਸਾਨ ਅਤੇ ਸਮਾਨ ਖਰੀਦਣ ਵਾਲੀ ਕੰਪਨੀ ਦੇ ਅਧਿਕਾਰੀ ਦੀ ਇੱਕ ਕਮੇਟੀ ਬਣਾਈ ਜਾਏਗੀ ਅਤੇ ਆਪਸੀ ਗੱਲਬਾਤ ਰਾਹੀਂ ਹੱਲ ਕਰਨ ਲਈ 30 ਦਿਨਾਂ ਦਾ ਸਮਾਂ ਦਿੱਤਾ ਜਾਵੇਗਾ,ਜੇਕਰ ਗੱਲਬਾਤ ਦਾ ਹੱਲ ਨਾ ਹੋਇਆ ਤਾਂ ਕੇਸ ਦੀ ਸੁਣਵਾਈ ਐਸ.ਡੀ.ਐਮ. ਜੇ ਐਸਡੀਐਮ ਆਦੇਸ਼ ਨਾਲ ਸਹਿਮਤ ਨਹੀਂ ਹੁੰਦਾ, ਤਾਂ ਜ਼ਿਲਾ ਅਧਿਕਾਰੀ ਯਾਨੀ ਜ਼ਿਲਾ ਕੁਲੈਕਟਰ, ਐਸਡੀਐਮ ਅਤੇ ਜ਼ਿਲਾ ਅਧਿਕਾਰੀ ਨੂੰ ਅਪੀਲ ਕੀਤੀ ਜਾ ਸਕਦੀ ਹੈ ਕਿ ਉਹ 30 ਦਿਨਾਂ ਦੇ ਅੰਦਰ ਅੰਦਰ ਹੱਲ ਕਰਨਾ ਪਏਗਾ।

ਇਕ ਮਹੱਤਵਪੂਰਨ ਨੁਕਤਾ ਇਹ ਵੀ ਹੈ ਕਿ ਕਿਸਾਨ ਅਤੇ ਕੰਪਨੀ ਵਿਚਾਲੇ ਝਗੜੇ ਦੀ ਸਥਿਤੀ ਵਿਚ, ਇਸ ਆਰਡੀਨੈਂਸ ਦੇ ਤਹਿਤ ਅਦਾਲਤ ਵਿਚ ਪਹੁੰਚ ਨਹੀਂ ਕੀਤੀ ਜਾ ਸਕਦੀ। ਇੱਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਪ੍ਰਸ਼ਾਸਨਿਕ ਅਧਿਕਾਰੀ ਹਮੇਸ਼ਾਂ ਸਰਕਾਰ ਦੇ ਦਬਾਅ ਹੇਠ ਹੁੰਦੇ ਹਨ ਅਤੇ ਸਰਕਾਰ ਹਮੇਸ਼ਾਂ ਵਪਾਰੀਆਂ ਅਤੇ ਕੰਪਨੀਆਂ ਦੇ ਹੱਕ ਵਿੱਚ ਖੜੀ ਰਹਿੰਦੀ ਹੈ, ਕਿਉਂਕਿ ਚੋਣਾਂ ਸਮੇਂ ਵਪਾਰੀ ਅਤੇ ਕੰਪਨੀਆਂ ਰਾਜਨੀਤਿਕ ਪਾਰਟੀਆਂ ਨੂੰ ਦਾਨ ਕਰਦੇ ਹਨ। ਅਦਾਲਤਾਂ ਸਰਕਾਰ ਦੇ ਅਧੀਨ ਨਹੀਂ ਹਨ ਅਤੇ ਹਰ ਭਾਰਤੀ ਨੂੰ ਨਿਆਂ ਲਈ ਅਦਾਲਤ ਜਾਣ ਦਾ ਅਧਿਕਾਰ ਹੈ, ਇਸ ਲਈ ਇਹ ਪ੍ਰਸ਼ਨ ਉੱਠਦਾ ਹੈ ਕਿ ਸੰਵਿਧਾਨਕ ਅਧਿਕਾਰ ਇੱਥੇ ਕਿਸਾਨੀ ਤੋਂ ਕਿਉਂ ਖੋਹਿਆ ਜਾ ਰਿਹਾ ਹੈ ?

ਨਵੇਂ ਆਰਡੀਨੈਂਸ ਨਾਲ ਕਿਸਾਨਾਂ ਨੂੰ ਇਨਸਾਫ ਮਿਲਣਾ ਬਹੁਤ ਮੁਸ਼ਕਲ ਹੋਏਗਾ। ਇਹ ਵੀ ਨੋਟ ਕਰਨਯੋਗ ਹੈ ਕਿ ਕੇਂਦਰ ਸਰਕਾਰ ਨੇ ਕੋਈ ਗਰੰਟੀ ਨਹੀਂ ਦਿੱਤੀ ਹੈ ਕਿ ਨਿੱਜੀ ਪੈਨ ਕਾਰਡ ਰੱਖਣ ਵਾਲੇ ਵਿਅਕਤੀ, ਕੰਪਨੀ ਜਾਂ ਸੁਪਰ ਮਾਰਕੀਟ ਦੁਆਰਾ ਕਿਸਾਨਾਂ ਦੇ ਮਾਲ ਦੀ ਖਰੀਦ ਐਮਐਸਪੀ (ਘੱਟੋ ਘੱਟ ਸਮਰਥਨ ਮੁੱਲ) ਤੇ ਕੀਤੀ ਜਾਏਗੀ। ਇਥੇ ਸਵਾਲ ਇਹ ਵੀ ਹੈ ਕਿ ਛੋਟੇ ਕਿਸਾਨਾਂ ਨੂੰ ਫਸਲਾਂ ਵੇਚ ਕੇ ਪੈਸੇ ਦੀ ਜਲਦੀ ਜ਼ਰੂਰਤ ਹੁੰਦੀ ਹੈ, ਇਸ ਤਰਾਂ ਦੀ ਸਥਿਤੀ ਵਿੱਚ, ਉਹ ਘੱਟ ਕੀਮਤ 'ਤੇ ਫਸਲਾਂ ਵੇਚਣ ਲਈ ਮਜਬੂਰ ਹੋਣਗੇ। ਤਾਂ ਫਿਰ ਵੱਡੇ ਖਿਡਾਰੀ ਦੇ ਸਾਹਮਣੇ ਕਿਸਾਨ ਕਿਵੇਂ ਬਚੇਗਾ ?

ਕਿਉਂਕਿ ਇਸ ਕੇਂਦਰ ਸਰਕਾਰ ਦੇ ਆਰਡੀਨੈਂਸ ਤੋਂ ਸਭ ਤੋਂ ਵੱਡਾ ਖ਼ਤਰਾ ਇਹ ਹੈ ਕਿ ਜਦੋਂ ਫਸਲਾਂ ਤਿਆਰ ਹੋ ਜਾਣਗੀਆਂ, ਉਸ ਸਮੇਂ ਵੱਡੀਆਂ ਕੰਪਨੀਆਂ ਜਾਣਬੁੱਝ ਕੇ ਕਿਸਾਨਾਂ ਦੇ ਮਾਲ ਦੀਆਂ ਕੀਮਤਾਂ ਨੂੰ ਘਟਾਉਣਗੀਆਂ ਅਤੇ ਇਸ ਨੂੰ ਵੱਡੀ ਮਾਤਰਾ ਵਿੱਚ ਸਟੋਰ ਕਰਨਗੀਆਂ ਜੋ ਬਾਅਦ ਵਿੱਚ ਉਹ ਗਾਹਕਾਂ ਨੂੰ ਵਧੇਰੇ ਕੀਮਤਾਂ ਤੇ ਵੇਚਣਗੀਆਂ।

ਏਪੀਐਮਸੀ ਐਕਟ ਵਿਅਕਤੀਗਤ ਰਾਜ ਸਰਕਾਰਾਂ ਦੁਆਰਾ ਮੰਡੀਆਂ ਵਿੱਚ ਕਿਸਾਨਾਂ ਦੀਆਂ ਫਸਲਾਂ ਦੇ ਐਮਐਸਪੀ ਦੀ ਖਰੀਦ ਨੂੰ ਯਕੀਨੀ ਬਣਾਉਣ ਅਤੇ ਵਪਾਰੀਆਂ ਨੂੰ ਰੋਕਣ ਲਈ ਬਣਾਇਆ ਗਿਆ ਸੀ।

ਇੱਥੇ ਸਭ ਤੋਂ ਮਹੱਤਵਪੂਰਣ ਪ੍ਰਸ਼ਨ ਇਹ ਹੈ ਕਿ ਜਦੋਂ ਏਪੀਐਮਸੀ ਮਾਰਕੇਟ ਵਿਚ ਕਿਸਾਨਾਂ ਦੀ ਉਪਜ ਨਹੀਂ ਖਰੀਦਦੇ, ਫਿਰ ਸਰਕਾਰ ਇਸ ਗੱਲ ਦਾ ਕਿਵੇਂ ਹਿਸਾਬ ਲਗਾਏਗੀ ਕਿ ਕਿਸਾਨੀ ਦਾ ਮਾਲ ਐਮਐਸਪੀ' ਤੇ ਖਰੀਦਿਆ ਜਾ ਰਿਹਾ ਹੈ ਜਾਂ ਨਹੀਂ ?

ਰੱਖ ਸਕਦਾ ਕਿਉਂਕਿ ਕਿਸਾਨ ਨੂੰ ਵਾਡੀ ਦੇ ਤੁਰੰਤ ਬਾਅਦ ਪੈਸੇ ਦੀ ਜ਼ਰੂਰਤ ਹੁੰਦੀ ਹੈ।

ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਕਿਸਾਨ ਆਪਣੇ ਉਤਪਾਦਾਂ ਨੂੰ ਸਟੋਰ ਕਰਨ ਤੋਂ ਪਹਿਲਾਂ ਕਿੰਨੇ ਦਿਨਾਂ ਲਈ ਸਟੋਰ ਕਰ ਸਕਦਾ ਸੀ, ਜੋ ਕਿ ਇਕ ਕਾਨੂੰਨੀ ਪਾਬੰਦੀ ਸੀ, ਇਹ ਸਿਰਫ ਵੱਡੀਆਂ ਕੰਪਨੀਆਂ ਅਤੇ ਵਪਾਰੀਆਂ ਦੇ ਭੰਡਾਰਨ 'ਤੇ ਸੀ, ਇਸ ਨੂੰ ਹਟਾ ਦਿੱਤਾ ਗਿਆ ਹੈ ਤਾਂ ਇਹ ਫੈਸਲਾ ਕਿਸਾਨੀ ਦੋਸਤਾਨਾ ਕਿਵੇਂ ਹੋ ਸਕਦਾ ਹੈ ? ਇਸਦੇ ਨਾਲ, ਸਿਰਫ ਧੰਨਾ ਸੇਠਾਂ ਨੂੰ ਬਲੈਕ ਮਾਰਕੀਟਿੰਗ ਕਰਨ ਦਾ ਪੂਰਾ ਮੌਕਾ ਮਿਲਿਆ ਹੈ, ਬਲੈਕ ਮਾਰਕੀਟਿੰਗ ਕਰਨ ਦਾ ਕਾਨੂੰਨੀ ਅਧਿਕਾਰ ਪ੍ਰਾਪਤ ਹੋਇਆ ਹੈ।




ਅਸੀਂ ਇਹ ਵੀ ਮੰਨਦੇ ਹਾਂ ਕਿ ਇਸ ਸਮੇਂ ਦੇਸ਼ ਵਿਚ ਖੇਤੀਬਾੜੀ ਉਪਜ ਮਾਰਕੀਟ ਪ੍ਰਣਾਲੀ ਵਿਚ ਵੱਡੇ ਸੁਧਾਰ ਦੀ ਜ਼ਰੂਰਤ ਹੈ. ਇੱਕ ਅੰਦਾਜ਼ੇ ਅਨੁਸਾਰ ਸਿਰਫ 30% ਕਿਸਾਨ ਆਪਣੀ ਫਸਲ ਨੂੰ ਮੰਡੀ ਵਿੱਚ ਲਿਜਾਣ ਦੇ ਯੋਗ ਹਨ। ਬਾਕੀ ਕਿਸਾਨ ਇਸ ਤੋਂ ਬਾਹਰ ਹੀ ਵੇਚ ਦਿੰਦੇ ਹਨ।ਤਾਂ ਫਿਰ ਸਰਕਾਰ ਨੂੰ ਹੁਣ ਦੇਸ਼ ਭਰ ਦੇ ਕਿਸੇ ਵੀ ਪਿੰਡ ਤੋਂ 5 ਕਿਲੋਮੀਟਰ ਦੇ ਅੰਦਰ ਖੇਤੀਬਾੜੀ ਉਪਜ ਮੰਡੀ ਦਾ ਉਦੇਸ਼ ਦੇਣਾ ਚਾਹੀਦਾ ਹੈ। ਮੰਡੀ ਵਿਹੜੇ ਵਿੱਚ ਆਧੁਨਿਕ ਕੋਲਡ ਸਟੋਰੇਜ, ਆਧੁਨਿਕ ਤੋਲ ਦੇ ਹੁੱਕ, ਵੱਡੇ ਗੋਦਾਮ, ਵੱਡੇ ਵਿਹੜੇ ਹੋਣੇ ਚਾਹੀਦੇ ਹਨ,ਭਾਵੇਂ ਇਹ ਆਧੁਨਿਕ ਫਿਲਟਰਿੰਗ ਹੈ, ਕਿਸਾਨ ਸਭਾ ਗ੍ਰਹਿ, ਕਿਸਾਨਾਂ ਦੀਆਂ ਫਸਲਾਂ ਲਈ ਐਮਐਸਪੀ ਖਰੀਦ ਗਰੰਟੀ ਕਾਨੂੰਨ, ਅਸੀਂ ਵਿਸ਼ਵਾਸ ਕਰਦੇ ਹਾਂ ਕਿ ਮੌਜੂਦਾ ਸਮੇਂ ਇਹ ਢਾਂਚਾ ਇੰਨਾ ਵੱਡਾ ਨਹੀਂ ਹੈ. ਐਮਐਸਪੀ ਦੀ ਖਰੀਦ ਗਰੰਟੀ ਕਾਨੂੰਨ ਨਹੀਂ ਹੈ, ਪਰ ਫਿਰ ਵੀ ਏ ਪੀ ਐਮ ਸੀ ਸਿਸਟਮ ਨੂੰ ਰੱਦ ਨਹੀਂ ਕੀਤਾ ਜਾ ਸਕਦਾ।

ਕਿਸਾਨਾਂ ਦਾ ਸਾਮਾਨ ਖਰੀਦਣ ਦੀ ਇਹ ਨਵੀਂ ਪ੍ਰਣਾਲੀ ਕਿਸਾਨਾਂ ਦੀ ਲੁੱਟ ਵਿਚ ਵਾਧਾ ਕਰੇਗੀ। ਉਦਾਹਰਣ ਦੇ ਲਈ, 2006 ਵਿੱਚ, ਬਿਹਾਰ ਸਰਕਾਰ ਨੇ ਏਪੀਐਮਸੀ ਐਕਟ ਨੂੰ ਖਤਮ ਕਰ ਦਿੱਤਾ ਅਤੇ ਐਮਐਸਪੀ ਤੇ ਕਿਸਾਨਾਂ ਦੇ ਉਤਪਾਦਾਂ ਦੀ ਖਰੀਦ ਖ਼ਤਮ ਕਰ ਦਿੱਤੀ। ਉਸ ਤੋਂ ਬਾਅਦ, ਐਮਐਸਪੀ 'ਤੇ ਕਿਸਾਨਾਂ ਦੇ ਮਾਲ ਵੇਚਣੇ ਬੰਦ ਹੋ ਗਏ ਅਤੇ ਪ੍ਰਾਈਵੇਟ ਕੰਪਨੀਆਂ ਨੇ ਐਮਐਸਪੀ ਤੋਂ ਬਹੁਤ ਘੱਟ ਕੀਮਤਾਂ ਤੇ ਕਿਸਾਨਾਂ ਦਾ ਮਾਲ ਖਰੀਦਣਾ ਸ਼ੁਰੂ ਕਰ ਦਿੱਤਾ, ਜਿਸ ਨਾਲ ਉਥੇ ਦੇ ਕਿਸਾਨਾਂ ਦੀ ਸਥਿਤੀ ਵਿਗੜ ਗਈ ਅਤੇ ਇਸ ਦੇ ਨਤੀਜੇ ਵਜੋਂ ਬਿਹਾਰ ਦੇ ਕਿਸਾਨਾਂ ਨੇ ਖੇਤ ਨੂੰ ਛੱਡਣ ਲਈ ਵੱਡੀ ਗਿਣਤੀ 'ਚ ਮਜ਼ਦੂਰੀ ਛੱਡ ਦਿੱਤੀ। ਹੋਰ ਰਾਜਾਂ ਵਿਚ ਚਲੇ ਗਏ।

**2) ਦੂਜਾ ਆਰਡੀਨੈਂਸ - ਜ਼ਰੂਰੀ ਵਸਤੂਆਂ ਐਕਟ 1955 ਵਿਚ ਸੋਧ**

ਇਸ ਤੋਂ ਪਹਿਲਾਂ, ਵਪਾਰੀਆਂ ਨੇ ਫਸਲਾਂ ਨੂੰ ਕਿਸਾਨਾਂ ਤੋਂ ਘੱਟ ਕੀਮਤ 'ਤੇ ਖਰੀਦਿਆ ਅਤੇ ਉਨਾਂ ਨੂੰ ਕਾਲਾਬਾਜਾਰੀ ਲਈ ਸਟੋਰ ਕੀਤਾ, ਇਸਨੂੰ ਰੋਕਣ ਲਈ ਜ਼ਰੂਰੀ ਕਮੋਡਿਟੀ ਐਕਟ 1955 ਬਣਾਇਆ ਗਿਆ ਸੀ। ਜਿਸ ਦੇ ਤਹਿਤ ਵਪਾਰੀਆਂ ਨੂੰ ਖੇਤੀ ਉਤਪਾਦਾਂ ਦੀ ਸੀਮਾ ਤੋਂ ਵੱਧ ਸਟੋਰ ਕਰਨ 'ਤੇ ਪਾਬੰਦੀ ਸੀ। ਹੁਣ ਇਸ ਨਵੇਂ ਆਰਡੀਨੈਂਸ ਦੇ ਤਹਿਤ ਆਲੂ, ਪਿਆਜ਼, ਦਾਲਾਂ, ਤੇਲ ਬੀਜਾਂ ਅਤੇ ਤੇਲ ਦੇ ਭੰਡਾਰਨ 'ਤੇ ਲੱਗੀ ਰੋਕ ਹਟਾ ਦਿੱਤੀ ਗਈ ਹੈ। ਹੁਣ ਸਮਝਣ ਵਾਲੀ ਗੱਲ ਇਹ ਹੈ ਕਿ ਸਾਡੇ ਦੇਸ਼ ਵਿਚ 85% ਛੋਟੇ ਕਿਸਾਨ ਹਨ, ਕਿਸਾਨਾਂ ਕੋਲ ਲੰਬੇ ਸਮੇਂ ਦੀ ਸਟੋਰੇਜ ਪ੍ਰਣਾਲੀ ਨਹੀਂ ਹੈ। ਇਸ ਸਮੇਂ ਕਿਸਾਨ ਦੀ ਬਹੁਤ ਘੱਟ ਆਮਦਨੀ ਹੈ, ਭਾਵੇਂ ਇਹ ਛੋਟਾ ਕਿਸਾਨ ਹੋਵੇ ਜਾਂ ਵੱਡਾ ਕਿਸਾਨ, ਉਹ ਆਪਣੀ ਫਸਲ ਨੂੰ ਜ਼ਿਆਦਾ ਸਮੇਂ ਲਈ ਨਹੀਂ

ਯਾਨੀ ਇਹ ਆਰਡੀਨੈਂਸ ਵੱਡੀਆਂ ਕੰਪਨੀਆਂ ਦੁਆਰਾ ਖੇਤੀਬਾੜੀ ਉਤਪਾਦਾਂ ਦੀ ਕਾਲਾ ਬਾਜਾਰੀ ਲਈ ਲਿਆਂਦਾ ਗਿਆ ਹੈ, ਇਹ ਕੰਪਨੀਆਂ ਅਤੇ ਸੁਪਰ ਮਾਰਕੀਟ ਖੇਤੀ ਉਤਪਾਦਾਂ ਨੂੰ ਆਪਣੇ ਵੱਡੇ ਗੁਦਾਮਾਂ ਵਿਚ ਸਟੋਰ ਕਰਨਗੀਆਂ ਅਤੇ ਬਾਅਦ ਵਿਚ ਇਨਾਂ ਨੂੰ ਵਧੇਰੇ ਕੀਮਤਾਂ 'ਤੇ ਗਾਹਕਾਂ ਨੂੰ ਵੇਚਣਗੀਆਂ। ਇਸ ਨਾਲ ਕਿਸਾਨ ਬੁਰੀ ਤਰਾਂ ਪ੍ਰਭਾਵਿਤ ਹੋਏਗਾ, ਪਰ ਦੇਸ਼ ਦਾ ਆਮ ਖਪਤਕਾਰ ਵੀ ਮਹਿੰਗਾਈ ਨਾਲ ਜੂਝੇਗਾ।

ਇੱਕ ਕਿਸਾਨ ਫਸਲ ਦੀ ਬਿਜਾਈ ਤੋਂ ਪਹਿਲਾਂ ਇੱਕ ਮਹੀਨਾ ਦੁਬਿਧਾ ਵਿੱਚ ਰਹਿੰਦਾ ਹੈ, ਉਹ ਕਿਹੜੀ ਫਸਲ ਬੀਜੇ, ਉਹ ਅਕਸਰ ਚੁਣਦਾ ਹੈ ਕਿ ਕਿਹੜੀ ਫਸਲ ਦੀ ਕੀਮਤ ਜ਼ਿਆਦਾ ਹੈ। ਸੋਚੋ ਕਿ ਵੱਡੇ ਉਦਯੋਗਪਤੀਆਂ ਦੁਆਰਾ ਵਾਧੂ ਭੰਡਾਰਿਤ ਫਸਲ ਦੀ ਬਿਜਾਈ ਸਮੇਂ ਇਹ ਰੇਟ ਉੱਚਾ ਰਹੇਗਾ, ਫਿਰ ਕਿਸਾਨ ਮਹਿੰਗੀ ਫਸਲ ਦੀ ਬਿਜਾਈ ਕਰਨਗੇ। ਪਰ 4 ਤੋਂ 5 ਮਹੀਨਿਆਂ ਦੀ ਬਿਜਾਈ ਤੋਂ ਬਾਅਦ ਕਿਸਾਨ ਦੀ ਫਸਲ ਮੰਡੀ ਵਿਚ ਆ ਜਾਏਗੀ, ਉਦੋਂ ਤੱਕ ਵੱਡੇ ਚੁਫੇਰੇ ਆਪਣੀ ਭੰਡਾਰ ਦੀ ਫਸਲ ਨੂੰ ਦੁਬਾਰਾ ਮਾਰਕੀਟ ਵਿਚ ਉਤਾਰਣਗੇ। ਇਸ ਦੇ ਕਾਰਨ, ਦੁਬਾਰਾ ਕਿਸਾਨ ਦੀ ਵਾਡੀ ਤੱਕ ਕੀਮਤਾਂ ਵਿੱਚ ਭਾਰੀ ਗਿਰਾਵਟ ਆਵੇਗੀ। ਅਜਿਹੀ ਸਥਿਤੀ ਵਿੱਚ ਕਿਸਾਨੀ ਦਾ ਮੁੜ ਸ਼ੋਸ਼ਣ ਕੀਤਾ ਜਾਵੇਗਾ।ਫਿਰ, ਵੱਡੇ ਖਿਡਾਰੀ ਖਰੀਦ ਕੇ, ਉਹ ਕਿਸਾਨ ਦੀ ਸਸਤੀ ਫਸਲ ਦਾ ਭੰਡਾਰ ਕਰਨਗੇ ਅਤੇ ਇਸ ਦੀ ਕੀਮਤ ਵਿਚ ਵਾਧਾ ਕਰਨਗੇ, ਇਹ ਸਿਲਸਿਲਾ ਜਾਰੀ ਰਹੇਗਾ।

ਇੱਥੇ ਸਾਨੂੰ ਅਮਰੀਕਾ ਬਾਰੇ ਵੀ ਚਰਚਾ ਕਰਨੀ ਚਾਹੀਦੀ ਹੈ ਜਿਥੇ 1970 ਤੋਂ ਓਪਨ ਮਾਰਕੀਟ ਕਮੋਡਿਟੀ ਐਕਟ ਹੈ ਜਿਸਦਾ ਅਰਥ ਇਹ ਹੈ ਕਿ ਭਾਰਤ ਵਿੱਚ ਅੱਜ ਜੋ ਸਿਸਟਮ ਬਦਲ ਰਿਹਾ ਹੈ ਉਹ 50 ਸਾਲ ਪਹਿਲਾਂ ਤੋਂ ਅਮਰੀਕਾ ਵਿੱਚ ਹੈ। ਉਥੇ, ਵਾਲਮਾਰਟ ਅਤੇ ਨੈਕਸਸ ਵਰਗੀਆਂ ਵੱਡੀਆਂ ਕੰਪਨੀਆਂ ਕਿਸਾਨੀ ਦੀਆਂ ਫਸਲਾਂ ਦੀ ਖਰੀਦ ਅਤੇ ਵਾਡੀ ਕਰਦੀਆਂ ਹਨ ਅਤੇ ਇਸ ਨੂੰ ਉਸੇ ਤਰੀਕੇ ਨਾਲ ਸਟੋਰ ਕਰਦੀਆਂ ਹਨ।

ਇਸ ਉਦਾਹਰਣ ਦੇ ਨਾਲ ਸਾਨੂੰ ਵਧੇਰੇ ਸਮਝਣਾ ਚਾਹੀਦਾ ਹੈ ਕਿ ਇਹ ਕਾਰਜ ਕਿਸਾਨੀ ਨੂੰ ਖਤਮ ਕਰੇਗਾ। ਕੁਝ ਦਿਨ ਪਹਿਲਾਂ, ਸੀਓਨੀ ਜ਼ਿਲਾ ਮੱਧ ਪ੍ਰਦੇਸ਼ ਦੇ ਕਿਸਾਨ ਮੱਕੀ ਨੂੰ 1850 ਰੁਪਏ ਕੁਇੰਟਲ ਦੇ ਸਮਰਥਨ ਮੁੱਲ ਨਾਲੋਂ 900 ਤੋਂ 1000 ਰੁਪਏ ਵਿੱਚ ਬਹੁਤ ਘੱਟ ਭਾਅ ਤੇ ਵੇਚ ਰਹੇ ਸਨ। ਕਿਸਾਨਾਂ ਨੂੰ ਰਾਹਤ ਨਾ ਦੇਣ ਦੇ ਬਾਵਜੂਦ, ਕੇਂਦਰ ਸਰਕਾਰ ਨੇ ਮੱਕੀ ਨਾਲ ਸਬੰਧਤ ਵੱਡੀਆਂ ਕੰਪਨੀਆਂ ਨੂੰ 5 ਲੱਖ ਮੀਟ੍ਰਿਕ ਟਨ ਮੱਕੀ ਵਿਦੇਸ਼ਾਂ ਤੋਂ ਆਯਾਤ ਕਰਨ ਦੀ ਇਜਾਜ਼ਤ ਦੇ ਦਿੱਤੀ, ਇਸਦੇ ਬਾਵਜੂਦ ਇਸ ਲਈ ਆਨਲਾਈਨ ਕਿਸਾਨ ਸੱਤਿਆਗ੍ਰਹਿ ਕੀਤਾ ਗਿਆ। ਵਰਤਮਾਨ ਵਿੱਚ, ਸੰਯੁਕਤ ਰਾਜ ਵਿੱਚ ਮੱਕੀ ਦੀ ਕੀਮਤ 145 ਡਾਲਰ ਪ੍ਰਤੀ ਟਨ ਹੈ ਭਾਵ 1060 ਰੁਪਏ ਪ੍ਰਤੀ ਕੁਇੰਟਲ।ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਉਨਾਂ ਦੇ ਦੇਸ਼ ਦੀਆਂ ਕੰਪਨੀਆਂ ਮੱਕੀ ਨੂੰ 1000 ਤੋਂ 1100 ਰੁਪਏ ਪ੍ਰਤੀ ਕੁਇੰਟਲ ਬਰਾਮਦ ਕਰਨਗੀਆਂ ਅਤੇ ਇਸ ਨੂੰ ਗੋਦਾਮਾਂ ਵਿਚ ਸਟੋਰ ਕਰ ਦੇਣਗੀਆਂ ਅਤੇ ਜਦੋਂ ਅੱਜ ਤੋਂ 2 ਮਹੀਨੇ ਬਾਅਦ ਕਿਸਾਨ ਦੀ ਫਸਲ ਬਾਜ਼ਾਰ ਵਿਚ ਆਉਣਾ ਸ਼ੁਰੂ ਕਰ ਦੇਵੇਗੀ ਤਾਂ ਕਿਸਾਨ ਨੂੰ 800 ਤੋਂ 900 ਰੁਪਏ ਦੀ ਕੀਮਤ ਮਿਲੇਗੀ।ਸਰਕਾਰ ਆਪਣੇ ਆਪ ਵਿੱਚ ਇੱਕ ਕੁਇੰਟਲ ਮੱਕੀ ਦੇ ਉਤਪਾਦਨ ਲਈ 1213 ਰੁਪਏ ਦੀ ਲਾਗਤ ਨੂੰ ਮੰਨਦੀ ਹੈ।

**3) ਤੀਜਾ ਆਰਡੀਨੈਂਸ ਹੈ- ਮੁੱਲ ਬੀਮਾ ਅਤੇ ਫਾਰਮ ਸੇਵਾਵਾਂ ਆਰਡੀਨੈਂਸ 'ਤੇ ਕਿਸਾਨ ਸਮਝੌਤਾ**

ਇਸਦੇ ਤਹਿਤ ਇਕਰਾਰਨਾਮੇ ਦੀ ਖੇਤੀ ਨੂੰ ਉਤਸ਼ਾਹਤ ਕੀਤਾ ਜਾਵੇਗਾ ਜਿਸ ਵਿੱਚ ਵੱਡੀਆਂ ਕੰਪਨੀਆਂ ਖੇਤੀਬਾੜੀ ਕਰਨਗੇ ਅਤੇ ਕਿਸਾਨ ਸਿਰਫ ਇਸ ਵਿੱਚ ਕੰਮ ਕਰਨਗੇ।ਇਸ ਨਵੇਂ ਆਰਡੀਨੈਂਸ ਤਹਿਤ ਕਿਸਾਨ ਆਪਣੀ ਜ਼ਮੀਨ 'ਤੇ ਮਜ਼ਦੂਰ ਬਣ ਕੇ ਰਹਿ ਜਾਵੇਗਾ। ਇਸ ਆਰਡੀਨੈਂਸ ਰਾਹੀਂ ਕੇਂਦਰ ਸਰਕਾਰ ਸਾਡੇ ਕਿਸਾਨਾਂ ਉੱਤੇ ਖੇਤੀਬਾੜੀ ਦੇ ਪੱਛਮੀ ਮਾਡਲ ਨੂੰ ਥੋਪਣਾ ਚਾਹੁੰਦੀ ਹੈ। ਹਾਲਾਂਕਿ ਇਹ ਮਾਡਲ ਸਾਡੇ ਦੇਸ਼ ਵਿਚ ਨਵਾਂ ਨਹੀਂ ਹੈ, ਦੇਸ਼ ਵਿਚ ਠੇਕੇ ਦੀ ਖੇਤੀ ਪਹਿਲਾਂ ਹੀ ਕੀਤੀ ਜਾ ਰਹੀ ਹੈ।ਹਾਲਾਂਕਿ ਇਹ ਮਾਡਲ ਸਾਡੇ ਦੇਸ਼ ਵਿਚ ਨਵਾਂ ਨਹੀਂ ਹੈ, ਦੇਸ਼ ਵਿਚ ਠੇਕੇ ਦੀ ਖੇਤੀ ਪਹਿਲਾਂ ਹੀ ਕੀਤੀ ਜਾ ਰਹੀ ਹੈ। ਇਸ ਦੀਆਂ ਮਿਸਾਲਾਂ ਮੱਧ ਪ੍ਰਦੇਸ਼ ਵਿੱਚ ਟਮਾਟਰ ਅਤੇ ਕੈਪਸਿਕਮ ਦੀ ਕਾਸ਼ਤ, ਮਹਾਰਾਸ਼ਟਰ ਵਿੱਚ ਫੁੱਲ ਅਤੇ ਅਨਾਰ ਦੀ ਕਾਸ਼ਤ, ਕਰਨਾਟਕ ਵਿੱਚ ਕਾਜੂ ਦੀ ਕਾਸ਼ਤ, ਉਤਰਾਖੰਡ ਵਿੱਚ ਨਸ਼ਿਆਂ ਦੀ ਕਾਸ਼ਤ ਹਨ। ਜੋ ਕਿ ਕਿਸਾਨਾਂ ਲਈ ਵਧੇਰੇ ਲਾਭਕਾਰੀ ਨਹੀਂ ਹੈ। ਪੁਰਾਣੇ ਮਾਡਲ ਨੂੰ ਅਜੇ ਵੀ ਇੰਨੇ ਬਲ ਨਾਲ ਅੱਗੇ ਵਧਾਇਆ ਜਾ ਰਿਹਾ ਹੈ ਕਿ ਕਿਸਾਨ ਦੀ ਪੂਰੀ ਤਸਵੀਰ ਅਤੇ ਕਿਸਮਤ ਬਦਲ ਜਾਵੇਗੀ,ਪਰ ਸਰਕਾਰ ਇਹ ਭੁੱਲ ਜਾਂਦੀ ਹੈ ਕਿ ਸਾਡੇ ਕਿਸਾਨਾਂ ਦੀ ਤੁਲਨਾ ਵਿਦੇਸ਼ੀ ਕਿਸਾਨਾਂ ਨਾਲ ਨਹੀਂ ਕੀਤੀ ਜਾ ਸਕਦੀ ਕਿਉਂਕਿ ਸਾਡੇ ਕੋਲ ਜ਼ਮੀਨੀ ਆਬਾਦੀ ਦਾ ਅਨੁਪਾਤ ਪੱਛਮੀ ਦੇਸ਼ਾਂ ਨਾਲੋਂ ਵੱਖਰਾ ਹੈ ਅਤੇ ਸਾਡੇ ਕੋਲ ਖੇਤੀਬਾੜੀ ਅਤੇ ਰੋਜ਼ੀ-ਰੋਟੀ ਦਾ ਸਾਧਨ ਹੈ, ਜਦੋਂ ਕਿ ਪੱਛਮੀ ਦੇਸ਼ਾਂ ਵਿੱਚ ਇਹ ਕਾਰੋਬਾਰ ਹੈ।

ਤਜ਼ਰਬਾ ਦਰਸਾਉਂਦਾ ਹੈ ਕਿ ਇਕਰਾਰਨਾਮੇ ਦੀ ਖੇਤੀ ਨਾਲ ਹੀ ਕਿਸਾਨਾਂ ਦਾ ਸ਼ੋਸ਼ਣ ਹੁੰਦਾ ਹੈ। ਪਿਛਲੇ ਸਾਲ, ਪੈਪਸੀਕੋ ਕੰਪਨੀ ਨੇ ਗੁਜਰਾਤ ਵਿੱਚ ਕਈ ਕਰੋੜਾਂ ਰੁਪਏ ਦਾ ਕਿਸਾਨਾਂ ਉੱਤੇ ਮੁਕੱਦਮਾ ਕੀਤਾ ਸੀ, ਜੋ ਬਾਅਦ ਵਿੱਚ ਕਿਸਾਨ ਸੰਗਠਨਾਂ ਦੇ ਵਿਰੋਧ ਕਾਰਨ ਵਾਪਸ ਲੈ ਲਿਆ ਗਿਆ ਸੀ। ਇਕਰਾਰਨਾਮੇ ਦੀ ਖੇਤੀ ਤਹਿਤ ਕੰਪਨੀਆਂ ਫਸਲਾਂ ਦੀ ਬਿਜਾਈ ਤੋਂ ਪਹਿਲਾਂ ਕਿਸਾਨਾਂ ਦਾ ਮਾਲ ਇਕ ਨਿਸ਼ਚਤ ਕੀਮਤ ਤੇ ਖਰੀਦਣ ਦਾ ਵਾਅਦਾ ਕਰਦੀਆਂ ਹਨ। ਪਰ ਬਾਅਦ ਵਿਚ ਜਦੋਂ ਕਿਸਾਨ ਦੀ ਫਸਲ ਤਿਆਰ ਹੋ ਜਾਂਦੀ ਹੈ, ਕੰਪਨੀਆਂ ਕਿਸਾਨਾਂ ਨੂੰ ਕੁਝ ਸਮੇਂ ਲਈ ਇੰਤਜ਼ਾਰ ਕਰਨ ਲਈ ਆਖਦੀਆਂ ਹਨ ਅਤੇ ਬਾਅਦ ਵਿਚ ਕਿਸਾਨਾਂ ਦੀ ਉਪਜ ਨੂੰ ਮਾੜਾ ਕਹਿ ਕੇ ਰੱਦ ਕਰ ਦਿੱਤੀ ਜਾਂਦੀ ਹੈ।

ਇਹ ਐਕਟ ਇਸ ਗੱਲ ਦੀ ਗਰੰਟੀ ਨਹੀਂ ਦਿੰਦਾ ਕਿ ਕਿਸਾਨ ਦਾ ਸਾਮਾਨ ਕੰਪਨੀ ਖਰੀਦੇਗੀ। ਫਿਰ ਸਵਾਲ ਇਹ ਉੱਠਦਾ ਹੈ ਕਿ ਜੇ ਕਿਸਾਨ ਸਖਤ ਮਿਹਨਤ ਨਾਲ 100 ਕੇਲੇ ਉਗਾਏਗਾ ਅਤੇ ਕੰਪਨੀ ਉਸ ਦੇ 25 ਕੇਲੇ ਨੂੰ ਮਾੜੇ ਜਾਂ ਛੋਟੇ ਵਜੋਂ ਰੱਦ ਕਰੇਗੀ ਤਾਂ ਉਹ ਕਿਸਾਨ ਕਿੱਥੇ ਵੇਚੇਗਾ ..?

ਪੋਸਟ-ਸਕ੍ਰਿਪਟ: ਸਿਰਫ ਵਪਾਰੀਆਂ ਨੂੰ ਮੰਡੀ ਟੈਕਸ ਅਤੇ ਕਾਨੂੰਨ ਵਿਵਸਥਾ ਤੋਂ ਛੋਟ ਹੈ। ਵਪਾਰੀਆਂ ਅਤੇ ਕੰਪਨੀਆਂ ਕੋਲ ਸਟੋਰੇਜ ਅਤੇ ਕਾਲਾ ਬਾਜਾਰੀ ਦਾ ਕਾਨੂੰਨੀ ਅਧਿਕਾਰ ਹੈ। ਕੰਟਰੈਕਟ ਫਾਰਮਿੰਗ ਨੇ ਕੰਪਨੀਆਂ ਨੂੰ ਕਾਸ਼ਤ ਕਰਨ ਅਤੇ ਇਸ ਨੂੰ ਉਤਸ਼ਾਹਤ ਕਰਨ ਦਾ ਅਧਿਕਾਰ ਦਿੱਤਾ ਹੈ ਤਾਂ ਕਿ ਕਿਸਾਨ ਆਪਣੇ ਖੇਤ ਦਾ ਮਜ਼ਦੂਰ ਬਣ ਸਕੇਗਾ।

ਜੇ ਇਨਾਂ ਆਰਡੀਨੈਂਸਾਂ ਵਿਚ ਕਿਸਾਨੀ ਲਈ ਕੁਝ ਵੀ ਨਹੀਂ ਹੈ, ਤਾਂ ਪ੍ਰਧਾਨ ਮੰਤਰੀ ਨੂੰ ਸਾਡੀ ਬੇਨਤੀ ਹੈ ਕਿ ਉਨਾਂ ਨੂੰ ਕਿਸਾਨ ਹਿਤੈਸ਼ੀ ਦੱਸਦਿਆਂ ਪ੍ਰਚਾਰ ਪ੍ਰਚਾਰ ਨਾ ਕੀਤਾ ਜਾਵੇ ਅਤੇ ਕਿਸਾਨਾਂ ਨੂੰ ਇੰਨਾ ਨਾਸਮਝ ਨਾ ਸਮਝੋ।

ਇਨਾਂ ਆਰਡੀਨੈਂਸਾਂ ਵਿਚ ਨਾ ਤਾਂ ਕਿਸਾਨ ਨੂੰ ਫਸਲਾਂ ਦਾ ਐਮਐਸਪੀ ਮਿਲਣ ਦੀ ਗਰੰਟੀ ਹੈ ਅਤੇ ਨਾ ਹੀ ਸਾਰੀ ਫਸਲ ਵੇਚਣ ਦੀ ਕੋਈ ਗਰੰਟੀ ਹੈ।

ਕਿਸਾਨ ਭਰਾਵੋ, ਹੁਣ ਤੁਹਾਨੂੰ ਖੁਦ ਸਮਝਣਾ ਪਏਗਾ ਕਿ ਵਿਰੋਧ ਕਰਨਾ ਹੈ ਜਾਂ ਨਹੀਂ।

**ਰਾਸ਼ਟਰੀ ਕਿਸਾਨ ਮਜ਼ਦੂਰ ਸੰਗਠਨ**
**ਪੂਰਨਪੁਰ, ਪੀਲੀਭੀਤ,**
**ਉੱਤਰ ਪ੍ਰਦੇਸ਼**

# ਪੰਜਾਬੀ ਯੂਨੀਵਰਸਿਟੀ ਉਪਰ ਛਾਇਆ ਵਿੱਤੀ ਸੰਕਟ

## ਮਾਲਵੇ ਦੀ ਉੱਚ ਸਿੱਖਿਆ ਲਈ ਬਣਿਆ ਖ਼ਤਰਾ ✪ਯੂਨੀਵਰਸਿਟੀ ਦੇ ਅਧਿਆਪਕ, ਕਰਮਚਾਰੀ ਅਤੇ ਵਿਦਿਆਰਥੀ ਸੰਘਰਸ਼ ਦੇ ਰਾਹ




**ਪਟਿਆਲਾ/ ਅੰਮ੍ਰਿਤਸਰ ਟਾਈਮਜ਼ ਬਿਊਰੋ:** ਕਿਸੇ ਸਮੇਂ ਵਿੱਦਿਆ, ਖੋਜ, ਸੱਭਿਆਚਾਰ ਗਤੀਵਿਧੀਆਂ, ਖੇਡ ਸਮਾਗਮਾਂ, ਅਤੇ ਸਮਾਜ ਦੀ ਉਸਾਰੀ ਲਈ ਸੈਮੀਨਾਰਾਂ, ਵਰਕਸ਼ਾਪਾਂ ਅਤੇ ਹੋਰ ਸਮਾਗਮਾਂ ਦਾ ਕੇਂਦਰ ਰਹੀ ਪੰਜਾਬੀ ਯੂਨੀਵਰਸਿਟੀ ਦਾ ਵਿੱਤੀ ਸੰਕਟ ਵਿਕਰਾਲ ਹੁੰਦਾ ਜਾ ਰਿਹਾ ਹੈ। ਪੰਜਾਬੀ ਯੂਨੀਵਰਸਿਟੀ ਅੱਜ ਧਰਨਿਆਂ, ਰੋਸ ਮੁਜ਼ਾਹਰਿਆਂ, ਅਤੇ ਵਿਰੋਧ ਮਾਰਚਾਂ ਦਾ ਗੜ੍ਹ ਬਣ ਚੁੱਕੀ ਹੈ। ਵਿਸ਼ਵ ਭਰ ਵਿਚ ਕਿਸੇ ਭਾਸ਼ਾ ਦੇ ਨਾਂਅ 'ਤੇ ਬਣੀ ਦੂਜੀ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਨੇ ਆਪਣੀ ਸਥਾਪਨਾ ਤੋਂ ਲੈ ਕੇ ਹੀ ਵਿੱਦਿਅਕ, ਸੱਭਿਆਚਾਰਕ, ਸਮਾਜਿਕ ਅਤੇ ਖੋਜ ਦੇ ਖੇਤਰ ਵਿਚ ਭਰਵਾਂ ਯੋਗਦਾਨ ਪਾਇਆ ਹੈ। ਇਸ ਯੂਨੀਵਰਸਿਟੀ ਨੇ ਰਾਜਨੀਤੀ ਤੋਂ ਲੈ ਕੇ ਰੰਗਮੰਚ, ਫ਼ਿਲਮ ਉਦਯੋਗ, ਪੱਤਰਕਾਰੀ, ਨਿਆਂ ਪ੍ਰਬੰਧ, ਸਮਾਜ ਸੇਵਾ, ਉਦਯੋਗ, ਵਪਾਰ ਆਦਿ ਖੇਤਰ ਵਿਚ ਅਜਿਹੀਆਂ ਸਿਰਮੌਰ ਹਸਤੀਆਂ ਪੈਦਾ ਕੀਤੀਆਂ ਹਨ ਜੋ ਆਪਣੇ ਖੇਤਰ ਵਿਚ ਚੰਗਾ ਕੰਮ ਕਰਨ ਦੇ ਨਾਲ-ਨਾਲ ਸਮਾਜ ਨੂੰ ਸੇਧ ਦੇ ਰਹੀਆਂ ਹਨ। ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਪ੍ਰਸਾਰ ਅਤੇ ਪ੍ਰਚਾਰ ਲਈ ਬਣੀ ਇਹ ਯੂਨੀਵਰਸਿਟੀ ਪੰਜਾਬ ਦੇ ਇਕ ਵੱਡੇ ਖੇਤਰ ਮਾਲਵੇ ਦੀਆਂ ਉੱਚ ਵਿੱਦਿਆ ਦੀਆਂ ਲੋੜਾਂ ਪੂਰੀਆਂ ਕਰਦੀ ਹੈ। ਅਜੋਕੇ ਸਮੇਂ ਜਦੋਂ ਸਿੱਖਿਆ ਮਹਿੰਗੀ ਹੋਣ ਕਾਰਨ ਗ਼ਰੀਬ ਤਾਂ ਕੀ ਮੱਧ ਵਰਗੀ ਪਰਿਵਾਰਾਂ ਦੇ ਵੀ ਵੱਸੋਂ ਬਾਹਰ ਹੁੰਦੀ ਜਾ ਰਹੀ ਹੈ ਤਾਂ ਪੰਜਾਬੀ ਯੂਨੀਵਰਸਿਟੀ ਦੇ ਅਧਿਆਪਕਾਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਨੇ ਸੰਘਰਸ਼ ਦਾ ਰਾਹ ਅਖ਼ਤਿਆਰ ਕੀਤਾ ਹੋਇਆ ਹੈ। ਯੂਨੀਵਰਸਿਟੀ ਉਹ ਥਾਂ ਮੰਨੀ ਜਾਂਦੀ ਹੈ ਜਿੱਥੇ ਨਵੀਆਂ ਵਿਚਾਰਧਾਰਾਵਾਂ ਪੈਦਾ ਹੁੰਦੀਆਂ ਹਨ ਤੇ ਸਮਾਜ ਨੂੰ ਸੇਧ ਦਿੰਦੀਆਂ ਹਨ, ਯੂਨੀਵਰਸਿਟੀ ਅਧਿਆਪਕ ਅਤੇ ਵਿਦਿਆਰਥੀ ਬੁੱਧੀਜੀਵੀ ਸੁਚੇਤ ਹੋਣ ਕਾਰਨ ਹਰ ਉਸ ਸ਼ੈਅ ਦਾ ਵਿਰੋਧ ਕਰਦੇ ਹਨ ਜੋ ਸਮਾਜ ਲਈ ਠੀਕ ਨਹੀਂ। ਪਰ ਪੰਜਾਬੀ ਯੂਨੀਵਰਸਿਟੀ ਦੇ ਅਧਿਆਪਕਾਂ, ਕਰਮਚਰਾਰੀਆਂ ਅਤੇ ਵਿਦਿਆਰਥੀਆਂ ਦਾ ਅਜੋਕਾ ਸੰਘਰਸ਼ ਕਿਸੇ ਸਮਾਜ ਮੁਖੀ ਉਦੇਸ਼ ਲਈ ਨਹੀਂ ਹੈ ਬਲਕਿ ਉਹ ਆਪਣੀਆਂ ਤਨਖ਼ਾਹਾਂ, ਪੈਨਸ਼ਨਾਂ ਅਤੇ ਫੀਸਾਂ ਲਈ ਸੰਘਰਸ਼ ਕਰਨ ਲਈ ਮਜਬੂਰ ਹਨ। ਯੂਨੀਵਰਸਿਟੀ ਦੇ ਇਤਿਹਾਸ ਵਿਚ ਪਹਿਲੀ ਵਾਰ ਜੁਲਾਈ 2020 ਦੇ ਮਹੀਨੇ 30 ਤਰੀਕ ਤੱਕ ਯੂਨੀਵਰਸਿਟੀ ਅਧਿਆਪਕਾਂ ਅਤੇ ਕਰਮਚਾਰੀਆਂ ਨੂੰ ਤਨਖਾਹ ਦੇਖਣੀ ਨਸੀਬ ਨਹੀਂ ਹੋਈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਲ 2020-21 ਦੇ ਬਜਟ ਅਨੁਸਾਰ ਯੂਨੀਵਰਸਿਟੀ ਦੀ ਆਮਦਨ ਲਗਪਗ 384 ਕਰੋੜ ਰੁਪਏ, ਖ਼ਰਚਾ ਲਗਪਗ 676 ਕਰੋੜ ਰੁਪਏ ਅਤੇ ਘਾਟਾ ਲਗਪਗ 291 ਕਰੋੜ ਰੁਪਏ ਬਣਦਾ ਹੈ ਜਿਸ ਵਿਚ ਯੂਨੀਵਰਸਿਟੀ ਦਾ 150 ਕਰੋੜ ਰੁਪਏ ਦਾ ਓਵਰਡਰਾਫਟ ਕਰਜ਼ਾ ਵੀ ਸ਼ਾਮਿਲ ਹੈ। ਅਜਿਹੇ ਹਾਲਾਤ ਵਿਚ ਸਮਾਜ ਮੁਖੀ ਉਦੇਸ਼ਾਂ ਤੇ ਸੋਚਣ ਵਾਲੇ ਵਿਅਕਤੀ ਆਪਣੇ ਘਰ ਦੀਆਂ ਲੋੜਾਂ ਵਿਚ ਉਲਝ ਕੇ ਤਨਖਾਹਾਂ ਲਈ ਧਰਨੇ ਲਾਉਣ ਲਈ ਮਜਬੂਰ ਹਨ। ਗ਼ਰੀਬ ਘਰਾਂ ਦੇ ਵਿਦਿਆਰਥੀ ਫੀਸਾਂ ਦੇ ਵਾਧੇ ਦੇ ਡਰ ਕਾਰਨ ਸੰਘਰਸ਼ ਲਈ ਮਜਬੂਰ ਹਨ। ਕੋਵਿਡ-19 ਮਹਾਂਮਾਰੀ ਦੇ ਚਲਦਿਆਂ ਵਿੱਤੀ ਸੰਕਟ ਨੇ ਆਪਣਾ ਹੋਰ ਕਰੂਪ ਚਿਹਰਾ ਸਾਹਮਣੇ ਲਿਆਂਦਾ ਹੈ। ਕਿਉਂਕਿ ਮਹਾਂਮਾਰੀ ਕਾਰਨ ਆਈ ਆਰਥਿਕ ਮੰਦੀ ਕਾਰਨ ਗ਼ਰੀਬ ਵਿਦਿਆਰਥੀਆਂ ਲਈ ਫ਼ੀਸਾਂ ਭਰਨਾ ਉੱਚੀ ਚੋਟੀ ਸਰ ਕਰਨ ਦੇ ਬਰਾਬਰ ਹੈ ਅਤੇ ਫੀਸਾਂ ਤੋਂ ਬਿਨਾਂ ਯੂਨੀਵਰਸਿਟੀ ਆਪਣੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਤਨਖਾਹਾਂ ਦੇਣ ਤੋਂ ਅਸਮਰੱਥ ਨਜ਼ਰ ਆ ਰਹੀ ਹੈ। ਆਖਿਰਕਾਰ ਕਿਉਂ ਇਸ ਵੱਕਾਰੀ ਵਿਦਿਅਕ ਅਦਾਰੇ ਦੀ ਅਦਨੀ ਹਾਲਤ ਹੋਈ ਹੈ, ਇਸ ਸਬੰਧੀ ਸਭ ਧਿਰਾਂ ਇਕ-ਦੂਜੇ ਵੱਲ ਉਂਗਲੀ ਤਾਂ ਉਠਾਉਂਦੀਆਂ ਹਨ ਪਰ ਇਸ ਦੀ ਜ਼ਿੰਮੇਵਾਰੀ ਲੈਣ ਲਈ ਕੋਈ ਵੀ ਤਿਆਰ ਨਹੀਂ ਹੈ। ਇਸ ਸਭ ਕੁਝ ਦੇ ਵਿਚਕਾਰ ਇਕ ਗੱਲ ਤਾਂ ਸਪੱਸ਼ਟ ਹੈ ਕਿ ਸਰਕਾਰਾਂ ਸਿੱਖਿਆ ਖੇਤਰ ਦੇ ਵਿਕਾਸ ਲਈ ਗੰਭੀਰ ਰੂਪ ਵਿਚ ਯਤਨਸ਼ੀਲ ਨਹੀਂ ਹਨ। ਇਸ ਗੱਲ ਦੀ ਗਵਾਹੀ ਇਸ ਤੱਥ ਤੋਂ ਮਿਲਦੀ ਹੈ ਕਿ ਪਿਛਲੇ ਵੀਹ ਸਾਲਾਂ ਵਿਚ ਸਰਕਾਰੀ ਕਾਲਜਾਂ ਵਿਚ ਅਧਿਆਪਕਾਂ ਦੀ ਰੈਗੂਲਰ ਭਰਤੀ ਨਹੀਂ ਕੀਤੀ ਗਈ ਜਿਸ ਕਰਕੇ ਹੁਣ ਕਾਲਜਾਂ ਦਾ ਇਕ ਚੌਥਾਈ ਸਟਾਫ ਹੀ ਰੈਗੂਲਰ ਰਹਿ ਗਿਆ ਹੈ। ਇਹ ਸਰਕਾਰੀ ਕਾਲਜ ਹੁਣ ਗੈਸਟ ਫੈਕਲਟੀ ਅਧਿਆਪਕਾਂ ਦੇ ਸਿਰ 'ਤੇ ਚੱਲ ਰਹੇ ਹਨ ਜਿਨਾਂ ਨੂੰ ਪੀਟੀਏ ਫੰਡ ਦੇ ਵਿਚੋਂ ਤਨਖ਼ਾਹ ਦਿੱਤੀ ਜਾਂਦੀ ਹੈ ਜਦੋਂ ਕਿ ਪੀਟੀਏ ਫੰਡ ਵਿਦਿਆਰਥੀਆਂ ਦੇ ਵਿਕਾਸ ਲਈ ਕਾਲਜ ਵਿਖੇ ਖਰਚ ਕੀਤਾ ਜਾਣਾ ਹੁੰਦਾ ਹੈ ਅਤੇ ਅਧਿਆਪਕਾਂ ਨੂੰ ਤਨਖਾਹਾਂ ਦੇਣਾ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ। ਪੰਜਾਬੀ ਯੂਨੀਵਰਸਿਟੀ ਵੀ ਸਿੱਖਿਆ ਖੇਤਰ ਨੂੰ ਅਣਗੌਲਿਆਂ ਕੀਤੇ ਜਾਣ ਕਾਰਨ ਵਿੱਤੀ ਸੰਕਟ ਦਾ ਸ਼ਿਕਾਰ ਹੋਈ ਹੈ। ਸਾਲ 1991-92 ਵਿਚ ਸਰਕਾਰ ਪੰਜਾਬੀ ਯੂਨੀਵਰਸਿਟੀ ਨੂੰ ਪੈਨਸ਼ਨਾਂ ਅਤੇ ਤਨਖਾਹਾਂ ਦਾ 125 ਫ਼ੀਸਦੀ ਹਿੱਸਾ ਸਰਕਾਰੀ ਗ੍ਰਾਂਟ ਦੇ ਰੂਪ ਵਿਚ ਦਿੰਦੀ ਸੀ ਜੋ ਕਿ ਸਾਲ 2019-20 ਵਿਚ ਘਟ ਕੇ ਕੁੱਲ 36 ਫ਼ੀਸਦੀ ਰਹਿ ਗਿਆ। ਜਿੱਥੇ 1991-92 ਵਿਚ ਪੰਜਾਬ ਸਰਕਾਰ ਤਨਖਾਹਾਂ ਅਤੇ ਪੈਨਸ਼ਨਾਂ ਤੋਂ ਇਲਾਵਾ ਯੂਨੀਵਰਸਿਟੀ ਦੇ ਵਿਕਾਸ ਲਈ ਫੰਡ ਦਿੰਦੀ ਸੀ, ਉੱਥੇ ਹੁਣ ਤਨਖ਼ਾਹਾਂ ਅਤੇ ਪੈਨਸ਼ਨਾਂ ਦਾ ਲਗਪਗ ਤੀਜਾ ਹਿੱਸਾ ਹੀ ਫੰਡ ਜਾਂ ਗਰਾਂਟ ਵਜੋਂ ਪ੍ਰਾਪਤ ਹੁੰਦਾ ਹੈ। ਪੰਜਾਬੀ ਯੂਨੀਵਰਸਿਟੀ ਦੇ ਬਜਟ ਵਿਚ ਸਰਕਾਰੀ ਗਰਾਂਟ ਦਾ ਹਿੱਸਾ ਸੀ ਜੋ ਇਸ ਦੇ ਕੁੱਲ ਬਜਟ ਦਾ 90 ਫ਼ੀਸਦੀ ਸੀ ਜੋ ਹੁਣ ਘਟ ਕੇ ਸਿਰਫ 22 ਫ਼ੀਸਦੀ ਰਹਿ ਗਿਆ ਹੈ। ਸਰਕਾਰਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਜਨਤਕ ਵਿਦਿਅਕ ਸੰਸਥਾਵਾਂ ਸਮਾਜ ਦੇ ਵਿਕਾਸ ਦਾ ਜ਼ਰੀਆ ਅਤੇ ਸਮਾਜ ਸੇਵਾ ਦੇ ਕੇਂਦਰ ਹਨ। ਇਸ ਤਰਾਂ ਦੀਆਂ ਜਨਤਕ ਵਿੱਦਿਅਕ ਸੰਸਥਾਵਾਂ ਨੂੰ ਖ਼ਤਮ ਹੋਣ ਤੋਂ ਬਚਾਉਣਾ ਅਤੇ ਇਨਾਂ ਨੂੰ ਸੁਚਾਰੂ ਢੰਗ ਨਾਲ ਚਲਾਉਣਾ ਸਰਕਾਰਾਂ ਦਾ ਮੁਢਲਾ ਕੰਮ ਹੈ। ਜੇਕਰ ਸਰਕਾਰਾਂ ਇਸ ਤਰਾਂ ਦੀਆਂ ਜਨਤਕ ਵਿਦਿਅਕ ਸੰਸਥਾਵਾਂ ਨੂੰ ਖ਼ਤਮ ਹੋਣ ਤੋਂ ਰੋਕ ਨਹੀਂ ਸਕਦੀਆਂ ਤਾਂ ਸਰਕਾਰਾਂ ਲੋਕਾਂ ਨੂੰ ਸਿੱਖਿਆ ਸਬੰਧੀ ਸਹੂਲਤਾਂ ਮੁਹੱਈਆ ਕਰਵਾਉਣ ਦੇ ਆਪਣੇ ਮੁਢਲੇ ਕੰਮ ਵਿਚ ਨਾਕਾਮ ਸਿੱਧ ਹੋਣਗੀਆਂ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

• California to Michigan, New Jersey Florida & Texas • Dedicated Load (ਪੱਕੇ ਲੋਡ)



• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Quomantry AMRITSAR TIMES

23 ਸਤੰਬਰ 2020 ਤੋਂ 29 ਸਤੰਬਰ 2020

# ਖੇਤੀ ਆਰਡੀਨੈਂਸ - ਸੰਘਰਸ਼ ਕਿਸ ਨੁਕਤੇ ਤੇ ਹੋਵੇ ?

ਕੇਂਦਰ ਸਰਕਾਰ ਵੱਲੋਂ ਖੇਤੀਬਾੜੀ ਨਾਲ ਸਬੰਧਿਤ ਤਿੰਨ ਆਰਡੀਨੈਂਸ ਲਿਆਂਦੇ ਗਏ ਜਿੰਨ੍ਹਾਂ ਦਾ ਕਿਸਾਨਾਂ ਵੱਲੋਂ ਵਿਰੋਧ ਸ਼ੁਰੂ ਹੋਇਆ। ਕੋਵਿਡ ਕਾਰਨ ਪਹਿਲਾਂ ਪਹਿਲਾਂ ਇਹ ਵਿਰੋਧ ਸੀਮਤ ਰੂਪ ਵਿੱਚ ਹੀ ਰਿਹਾ ਫਿਰ ਸਰਕਾਰ ਨੇ ਇਹਨਾਂ ਆਰਡੀਨੈਂਸਾਂ ਨੂੰ ਕਾਨੂੰਨ ਦਾ ਰੂਪ ਦੇਣ ਦਾ ਅਮਲ ਅਪਣਾਇਆ ਜਿਸ ਕਰਕੇ ਵਿਰੋਧ ਮੁੜ ਤੋਂ ਉੱਭਰਿਆ। ਹੌਲੀ ਹੌਲੀ ਵਿਰੋਧ ਹੋਰ ਵਧਦਾ ਗਿਆ ਅਤੇ ਇਸ ਸੰਘਰਸ਼ ਚ ਵੱਡੀ ਗਿਣਤੀ ਵਿਚ ਕਿਸਾਨ ਅਤੇ ਓਹਨਾ ਦੇ ਪਰਿਵਾਰ ਸੜਕਾਂ ਤੇ ਆਉਣਾ ਸ਼ੁਰੂ ਹੋ ਗਏ। ਕਈ ਗੀਤਕਾਰ, ਗੱਵਈਏ ਅਤੇ ਫਿਲਮ ਜਗਤ ਨਾਲ ਸਬੰਧਿਤ ਸਖਸ਼ੀਅਤਾਂ ਵੀ ਇਸ ਮਸਲੇ ਉੱਤੇ ਕਿਸਾਨਾਂ ਦੇ ਹੱਕ ਚ ਆਉਣੀਆਂ ਸ਼ੁਰੂ ਹੋ ਗਈਆਂ। ਹੁਣ ਇਹ ਤਿੰਨੋ ਆਰਡੀਨੈਂਸ, ਕਾਨੂੰਨ ਬਣ ਰਹੇ ਹਨ। ਇਸ ਸਭ ਦੇ ਚਲਦਿਆਂ ਸੰਘਰਸ਼ ਕਰ ਰਹੇ ਕਿਸਾਨਾਂ ਦਾ ਰੋਹ ਹੋਰ ਵਧ ਰਿਹਾ ਹੈ। ਇਸ ਵਾਰ ਵੱਡੀ ਗਿਣਤੀ ਵਿੱਚ ਨੌਜਵਾਨ ਵੀ ਸੜਕਾਂ ’ਤੇ ਆ ਗਏ ਹਨ, ਤਕਰੀਬਨ ਸਾਰੀਆਂ ਧਿਰਾਂ ਹੀ ਇਸ ਸੰਘਰਸ਼ ਵਿੱਚ ਉਤਰ ਆਈਆਂ ਹਨ। ਗਲ ਆਈ ਸਮੱਸਿਆ ਨੂੰ ਜਰੂਰ ਨਜਿੱਠਣਾ ਚਾਹੀਦਾ ਹੈ ਪਰ ਉਸ ਤੋਂ ਵੀ ਵੱਧ ਜਰੂਰੀ ਹੈ ਕਿ ਹਲਾਤ ਉੱਤੇ ਕੇਂਦਰਿਤ ਹੋਇਆ ਜਾਵੇ ਬਜਾਏ ਮਹਿਜ ਕਿਸੇ ਮਸਲੇ ਦੇ। ਇਹ ਸਾਰੇ ਮਸਲੇ ਵਿਚ ਸਰਕਾਰ ਦਾ ਦਾਅਵਾ ਕੀ ਹੈ, ਅਤੇ ਉਹ ਕਿੰਨਾ ਕੁ ਸਹੀ ਹੈ ? ਬਿਨਾ ਸ਼ੱਕ ਇਹ ਇਕ ਅਹਿਮ ਸਵਾਲ ਹੈ ਪਰ ਇਸ ਦੇ ਨਾਲ ਨਾਲ ਇਹ ਵੀ ਬਹੁਤ ਜਿਆਦਾ ਜਰੂਰੀ ਹੈ ਕਿ ਸੰਘਰਸ਼ ਕਰ ਰਹੀਆਂ ਧਿਰਾਂ ਦੀ ਕੀ ਮੰਗ ਹੈ ? ਕੀ ਉਹ ਮੰਗ ਸਰਕਾਰ ਦੇ ਦਾਅਵੇ ਅਤੇ ਕਿਸਾਨੀ ਦੇ ਅਸਲ ਹਲਾਤ ਨੂੰ ਦਰੁਸਤ ਕਰਨ ਦੇ ਸਮਰੱਥ ਹੈ ਜਾ ਨਹੀਂ ? ਸਰਕਾਰ ਦਾ ਕਹਿਣਾ ਕਿ ਅਸੀਂ ਇਹਨਾਂ ਆਰਡੀਨੈਂਸਾਂ ਨਾਲ ਖੇਤੀ ਖੇਤਰ ਦੇ ਸੁਧਾਰ ਕਰ ਰਹੇ ਹਾਂ। ਇਸ ਰਾਹੀਂ ਕਿਸਾਨ ਆਪਣੀ ਫਸਲ ਸਿੱਧੀ ਖਰੀਦਦਾਰ ਨੂੰ ਵੇਚ ਸਕੇਗਾ ਜਿਸ ਕਰਕੇ ਮੰਡੀ ਸਥਾਨਕ ਨਾ ਰਹਿ ਕੇ ਪੂਰੀ ਖਿੱਤੇ ਤੱਕ ਹੋ ਜਾਵੇਗੀ, ਕਿਸਾਨ ਆਪਣੀ ਫਸਲ ਨੂੰ ਕਿਸੇ ਵੀ ਸ਼ਹਿਰ, ਰਾਜ ਜਾਂ ਦੇਸ਼ ਦੇ ਕਿਸੇ ਵੀ ਕੋਨੇ ਵਿਚ ਵੀ ਲਿਜਾ ਕੇ ਵੇਚ ਸਕਦਾ ਹੈ। ਜਿਸ ਦਾ ਕਿਸਾਨਾਂ ਨੂੰ ਬੇਹੱਦ ਲਾਭ ਮਿਲੇਗਾ। ਸਰਕਾਰ ਇਹਨਾਂ ਆਰਡੀਨੈਂਸਾਂ ਨੂੰ ਕਿਸਾਨਾਂ ਦੇ ਹੱਕ ਚ ਦੱਸ ਰਹੀ ਹੈ। ਹੁਣ ਤਾਂ ਸਰਕਾਰ ਦਾ ਇਹ ਵੀ ਕਹਿ ਰਹੀ ਹੈ ਕਿ ਐਮ.ਐਸ.ਪੀ. ਤੇ ਸਰਕਾਰੀ ਖਰੀਦ ਜਾਰੀ ਰਹੇਗੀ ਹਾਲਾਂਕਿ ਉਹ ਇਹ ਗੱਲ ਕਾਨੂੰਨ ਵਿੱਚ ਦਰਜ਼ ਨਹੀਂ ਕਰ ਰਹੀ।

ਵਿਰੋਧ ਕਰ ਰਹੀਆਂ ਯੂਨੀਅਨਾਂ ਦਾ ਪੱਖ ਹੈ ਕਿ ਇਹਨਾਂ ਆਰਡੀਨੈਂਸਾਂ ਨਾਲ ਐਮ.ਐਸ.ਪੀ. ਖਤਮ ਕਰ ਦਿੱਤਾ ਜਾਵੇਗਾ ਅਤੇ ਸਰਕਾਰੀ ਖਰੀਦ ਬੰਦ ਹੋ ਜਾਵੇਗੀ। ਅਖੀਰ ਕੰਪਨੀਆਂ ਦੀ ਅਜਾਰੇਦਾਰੀ ਹੋ ਜਾਵੇਗੀ ਅਤੇ ਇਹ ਕਾਨੂੰਨ ਕਿਸਾਨਾਂ ਲਈ ਮੌਤ ਦਾ ਵਰੰਟ ਹੋ ਨਿਬੜਨਗੇ। ਹੁਣ ਜਦੋਂ ਇਹ ਆਰਡੀਨੈਂਸ ਤਕਰੀਬਨ ਕਾਨੂੰਨ ਹੀ ਬਣ ਗਏ ਹਨ ਤਾਂ ਕਿਸਾਨਾਂ ਦਾ ਪੈਂਤੜਾ ਹੈ ਕਿ ਅਸੀਂ ਜਾਂ ਤਾਂ ਇਹ ਕਾਨੂੰਨ ਰੱਦ ਕਰਵਾਵਾਂਗੇ ਜਾਂ ਇਹਨਾ ਕਨੂੰਨਾਂ ਅੰਦਰ ਐਮ.ਐਸ.ਪੀ. ਤੇ ਸਰਕਾਰੀ ਖਰੀਦ ਦੀਆਂ ਮੱਦਾਂ ਦਰਜ਼ ਕਰਵਾਵਾਂਗੇ। ਜੇਕਰ ਦੇਖਿਆ ਜਾਵੇ ਤਾਂ ਇਹ ਵਿਰੋਧ ਜ਼ਿਆਦਾ ਪੰਜਾਬ ਤੇ ਹਰਿਆਣੇ ਵਿੱਚ ਹੀ ਹੋ ਰਿਹਾ ਹੈ ਜਿਸਦਾ ਮੁੱਖ ਕਾਰਨ ਹੈ ਕਿ ਪੰਜਾਬ ਅਤੇ ਹਰਿਆਣਾ ਵਿੱਚ ਝੋਨਾ ਅਤੇ ਕਣਕ ਹੀ ਮੁੱਖ ਫਸਲਾਂ ਬਣੀਆਂ ਹੋਈਆਂ ਹਨ। ਦੋਵਾਂ ਫਸਲਾਂ ਉੱਤੇ ਇਨ੍ਹਾਂ ਸੂਬਿਆਂ ਵਿੱਚ ਐਮ.ਐਸ.ਪੀ. ਮਿਲਦਾ ਹੈ। ਪੰਜਾਬ ਵਿੱਚ ਐਮ.ਐਸ.ਪੀ ਸਿਰਫ ਝੋਨੇ ਅਤੇ ਕਣਕ ਉੱਤੇ ਹੀ ਮਿਲਦਾ ਹੈ। ਇਸ ਕਰਕੇ ਮੋਟੇ ਰੂਪ ਵਿੱਚ ਕਿਸਾਨਾਂ ਦਾ ਵਿਰੋਧ ਇਸੇ ਨੁਕਤੇ ਉੱਤੇ ਕੇਂਦ੍ਰਿਤ ਹੈ ਅਤੇ ਉਹਨਾਂ ਦੀ ਮੁੱਖ ਮੰਗ ਐਮ.ਐਸ.ਪੀ. ਹੀ ਹੈ।

ਬਿਨਾ ਸ਼ੱਕ ਜਿਸ ਨੁਕਤੇ ਉੱਤੇ ਸੰਘਰਸ਼ ਹੋ ਰਿਹਾ ਹੈ ਉਹ ਵੀ ਜਰੂਰੀ ਹੈ ਪਰ ਇਹ ਕਾਫੀ ਨਹੀਂ ਹੈ। ਤਕਰੀਬਨ ਹਰ ਧਿਰ ਜਦੋਂ ਸੰਘਰਸ਼ ਵਿਚ ਆ ਗਈ ਹੈ ਤਾਂ ਵੇਲਾ ਹੈ ਕਿ ਸਹੀ ਬਿਮਾਰੀ ਦੀ ਪਹਿਚਾਣ ਹੋ ਸਕੇ ਅਤੇ ਵਕਤ ਸਿਰ ਓਹਦਾ ਇਲਾਜ਼ ਲੱਭਿਆ ਜਾ ਸਕੇ। ਪੰਜਾਬ ਵਿੱਚ ਐਮ.ਐਸ.ਪੀ. ਅਤੇ ਕੇਂਦਰ ਦੀਆਂ ਨੀਤੀਆਂ ਕਰਕੇ ਕਣਕ ਝੋਨੇ ਦੇ ਫਸਲੀ ਚੱਕਰ ਦਾ ਕੁਦਰਤੀ ਸਰੋਤਾਂ, ਖਾਸ ਕਰ ਜ਼ਮੀਨੀ ਪਾਣੀ ਦੇ ਉੱਤੇ ਭਾਰੀ ਦਬਾਅ ਹੈ, ਇਹ ਗੱਲ ਅਸੀਂ ਸਾਰੇ ਭਲੀ ਭਾਂਤ ਜਾਣਦੇ ਵੀ ਹਾਂ ਅਤੇ ਕਾਫੀ ਹੱਦ ਤੱਕ ਸਮਝਦੇ ਵੀ ਹਾਂ ਪਰ ਜਾਨਣਾ ਜਾ ਸਮਝਣਾ ਹੀ ਕਾਫੀ ਨਹੀਂ ਹੁੰਦਾ। ਅਸੀਂ ਚਾਹ ਕੇ ਵੀ ਇਸ ਚੱਕਰ ਚੋਂ ਬਾਹਰ ਨਹੀਂ ਆ ਪਾ ਰਹੇ ਕਿਉਂਕਿ ਸਾਡੇ ਕੋਲ ਕੋਈ ਪੁਖਤਾ ਨੀਤੀ ਨਹੀਂ ਹੈ ਜੋ ਕਿਸਾਨਾਂ ਦੇ ਹੱਕ ਚ ਨਿਭ ਸਕੇ ਅਤੇ ਅਸੀਂ ਆਪਣੇ ਜਮੀਨੀ ਪਾਣੀ ਦੇ ਹੱਕ ਚ ਕੋਈ ਕਦਮ ਪੁੱਟ ਸਕੀਏ। ਜੇਕਰ ਐਮ.ਐਸ.ਪੀ ਦੇ ਨੁਕਤੇ ਉੱਤੇ ਹੀ ਵੇਖ ਲਈਏ ਤਾਂ ਐਮ.ਐਸ.ਪੀ. ਤੇ ਸਰਕਾਰੀ ਖਰੀਦ ਚਾਲੂ ਰਹਿੰਦਿਆਂ ਵੀ ਕਿਸਾਨੀ ਦੀ ਹਾਤਲ ਪਤਲੀ ਅਤੇ ਸੰਕਟ ਵਾਲੀ ਹੀ ਹੈ। ਐਮ.ਐਸ.ਪੀ ਦੇ ਹੁੰਦਿਆਂ ਵੀ ਜੇਕਰ ਇਹ ਹਾਲਤ ਹੈ ਤਾਂ ਇਹਦੇ ਅਸਲ ਕਾਰਨਾਂ ਦੀ ਪਹਿਚਾਣ ਕਰਨੀ ਲਾਜ਼ਮੀ ਹੈ, ਕਿਉਂਕਿ ਇਕ ਗੱਲ ਤਾਂ ਤੈਅ ਹੈ ਕਿ ਸਿਰਫ ਐਮ.ਐਸ.ਪੀ ਹੀ ਹੱਲ ਨਹੀਂ ਹੈ। ਸਾਡਾ ਸੰਘਰਸ਼ ਸਿਰਫ ਜਿੱਥੇ ਅਸੀਂ ਖੜੇ ਹਾਂ ਉਥੇ ਖੜੇ ਰਹਿਣ ਤੱਕ ਦਾ ਹੈ, ਜਾ ਕਹਿ ਲਈਏ ਕਿ ਓਹਦੇ ਤੋਂ ਹੋਰ ਹੇਠਾਂ ਨਾ ਜਾਈਏ ਇਸ ਲਈ ਸੰਘਰਸ਼ ਕਰ ਰਹੇ ਹਾਂ। ਪਰ ਜੇਕਰ ਅਸੀਂ ਜਿੱਥੇ ਹਾਂ, ਓਥੇ ਹੀ ਹਲਾਤ ਬਦਤਰ ਹਨ ਤਾਂ ਸੰਘਰਸ਼ ਕਿਸ ਨੁਕਤੇ ਤੇ ਹੋਣਾ ਚਾਹੀਦਾ, ਇਹਦੀ ਪਹਿਚਾਣ ਕਰਨਾ ਸਾਡੀ ਜਿੰਮੇਵਾਰੀ ਹੈ। ਇੱਥੇ ਲੋੜ ਸਿਰਫ ਐਮ.ਐਸ.ਪੀ ਦੇ ਮਸਲੇ ਨੂੰ ਨਜਿੱਠਣ ਦੀ ਨਹੀਂ ਸਗੋਂ ਹਲਾਤ ਨੂੰ ਨਜਿੱਠਣ ਦੀ ਹੈ। ਸੰਘਰਸ਼ ਨੂੰ ‘ਸਟੇਟਸ ਕੋਅ’ ਬਰਕਰਾਰ ਰੱਖਣ ਦੀ ਬਜਾਏ ਕਿਸਾਨ ਪੱਖੀ ਨੀਤੀ ਤੇ ਨੁਕਤਿਆਂ ਤੱਕ ਸੰਘਰਸ਼ ਲਿਜਾਣ ਦੀ ਜਰੂਰਤ ਹੈ। ਇਹ ਬਹੁਤ ਗੰਭੀਰ ਮਸਲਾ ਹੈ, ਐਮ.ਐਸ.ਪੀ ਇਹਦਾ ਸਦੀਵੀ ਹੱਲ ਨਹੀਂ ਹੈ, ਇਸ ਉੱਤੇ ਨਿੱਠ ਕੇ ਵਿਚਾਰ ਚਰਚਾ ਹੋਣੀ ਚਾਹੀਦੀ ਹੈ ਅਤੇ ਦਰੁਸਤ ਰਾਹ ਲੱਭੇ ਜਾਣੇ ਚਾਹੀਦੇ ਹਨ ਤਾਂ ਜੋ ਕਿਸਾਨ ਪੱਖੀ ਨੀਤੀ ਦੀ ਪਛਾਣ ਕੀਤੀ ਜਾ ਸਕੇ ਅਤੇ ਸੰਘਰਸ਼ ਨੂੰ ਸਹੀ ਦਿਸ਼ਾ ਵੱਲ ਲਿਜਾਇਆ ਜਾ ਸਕੇ।

# ਥਾਲੀਆਂ, ਤਾੜੀਆਂ ਵਜਾਉਣ ਵਾਲੀ ਭਾਰਤ ਦੀ ਨਿਕੰਮੀ ਲੀਡਰਸ਼ਿਪ

- ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ



ਜਦ ਪਾਠਕ ਅੱਜ ਦੀ ਅਖ਼ਬਾਰ ਫਰੋਲ ਰਹੇ ਹੋਣਗੇ, ਆਪਣਾ ਮਨ-ਪਸੰਦ ਲੇਖ ਜਾਂ ਖ਼ਬਰ ਦੇਖ ਰਹੇ ਹੋਣਗੇ ਤਾਂ ਭਾਰਤ ਵਿੱਚ ਕੋਰੋਨਾ ਨਾਲ ਹੋਈਆਂ ਮੌਤਾਂ ਦੀ ਗਿਣਤੀ 89 ਹਜ਼ਾਰ ਤੋਂ ਵਧ ਗਈ ਹੋਵੇਗੀ। ਕੋਰੋਨਾ ਬੀਮਾਰੀ ਦੀ ਲਪੇਟ ਵਿੱਚ ਆਉਣ ਵਾਲੇ ਭਾਰਤੀਆਂ ਦੀ ਗਿਣਤੀ ਵੀ 54 ਲੱਖ ਤੋਂ ਉੱਪਰ ਹੋ ਗਈ ਹੋਵੇਗੀ, ਜਿਸ ’ਤੇ ਸਮੁੱਚੇ ਭਾਰਤੀ ਚਿੰਤਤ ਹਨ, ਪਰ ਦੇਸ਼ ਦਾ ਗੋਦੀ ਮੀਡੀਆ ਹੈ ਕਿ ਜਿਸ ਨੂੰ ਚੜੀ-ਲੱਥੀ ਦਾ ਕੋਈ ਫ਼ਰਕ ਨਹੀਂ ਪੈਂਦਾ। ਆਮ ਜਨਤਾ ਦੀ ਮਜਬੂਰੀ ਇਹ ਹੈ ਕਿ ਉਹ ਕੋਰੋਨਾ ਕਰਕੇ, ਬੇਰੁਜ਼ਗਾਰ ਹੋਣ ਕਰਕੇ, ਬੀਮਾਰੀ ਦੀ ਹਾਲਤ ਵਿੱਚ, ਸਕੂਲ-ਕਾਲਜ ਬੰਦ ਹੋਣ ਕਰਕੇ, ਘਰਾਂ ਵਿੱਚ ਬੰਦ ਹਨ ਜਾਂ ਘਰਾਂ ਵਿੱਚ ਰਹਿਣ ਲਈ ਮਜਬੂਰ ਹਨ। ਉਨਾਂ ਲਈ ਸਮਾਂ ਬਿਤਾਉਣ ਦੀ ਖਾਤਰ, ਅਖ਼ਬਾਰਾਂ ਦੀਆਂ ਖ਼ਬਰਾਂ ਤੋਂ ਇਲਾਵਾ ਟੀ ਵੀ ਚਲਾਉਣੇ ਪੈਂਦੇ ਹਨ। ਸਿਵਾਏ ਇੱਕ-ਦੋ ਚੈਨਲਾਂ ਨੂੰ ਛੱਡ ਕੇ ਸਭ ਦੇ ਇੱਕੋ ਘਰੇ ਹੀ ਨਾਨਕੇ ਲੱਭਦੇ ਹਨ। ਸਭ ਚੈਨਲਾਂ ’ਤੇ ਅਜੇ ਤਕ ਐਕਟਰ ਸੁਸ਼ਾਂਤ ਕੁਮਾਰ ਦਾ ਮਾਮਲਾ ਪਹਿਲੀ ਸਪੀਡ ’ਤੇ ਹੀ ਚੱਲ ਰਿਹਾ ਹੈ, ਜਿਸ ਵਿੱਚ ਇਹ ਪਤਾ ਕਰਨਾ ਹੈ ਕਿ ਕਿਹੜੀਆਂ ਪ੍ਰਸਥਿਤੀਆ ਵਿੱਚ ਸੁਸ਼ਾਂਤ ਦੀ ਮੌਤ ਹੋਈ ? ਉਸ ਦੀ ਹੱਤਿਆ ਕੀਤੀ ਗਈ ਜਾਂ ਉਸ ਨੇ ਆਤਮ ਹੱਤਿਆ ਕੀਤੀ ? ਇਹ ਸਭ ਕੰਮ ਸੁਪਰੀਮ ਕੋਰਟ ਨੇ ਸੀ ਬੀ ਆਈ ਨੂੰ ਸੌਂਪਿਆ ਹੈ, ਪਰ ਗੋਦੀ ਮੀਡੀਆ ਆਪਣੇ ਵੱਲੋਂ ਇਸਦਾ ਰੋਜ਼ਾਨਾ ਹਰ ਘੰਟੇ-ਘੰਟੇ, ਮਿੰਟ-ਮਿੰਟ ਦਾ ਹਿਸਾਬ ਰੱਖ ਰਿਹਾ ਹੈ, ਜਿਵੇਂ ਇਸ ਪਾਸ ਸਰਕਾਰੀ ਏਜੰਸੀ ਤੋਂ ਜ਼ਿਆਦਾ ਸਾਧਨ ਹੋਣ। ਉਪਰੋਕਤ ਸੁਸ਼ਾਂਤ ਕੇਸ ਵਿੱਚ ਵੱਖ-ਵੱਖ ਚੈਨਲਾਂ ਪਾਸ ਆਪੋ-ਆਪਣੀਆਂ ਸਟੋਰੀਆਂ ਹਨ। ਕੋਈ ਕਿਸੇ ਦਾ ਬਚਾਅ ਕਰ ਰਿਹਾ ਹੈ, ਕੋਈ ਕਿਸੇ ਨੂੰ ਫਸਾ ਰਿਹਾ ਹੈ। ਜਿਵੇਂ ਘੋਰ ਹਨੇਰੇ ਵਿੱਚ ਅਣਜਾਣ ਬੰਦਿਆਂ ਦਾ ਗਰੁੱਪ ਇੱਕ ਹਾਥੀ ਨੂੰ ਆਪੋ-ਆਪਣੇ ਅਨੁਭਵ ਮੁਤਾਬਕ ਬਿਆਨ ਕਰ ਰਿਹਾ ਸੀ, ਜਿਸਦਾ ਹੱਥ ਦੰਦਾਂ ਨੂੰ ਲੱਗਾ, ਉਸ ਆਖਿਆ ਹਾਕੀ ਹੈ, ਜਿਸਦਾ ਹੱਥ ਕੰਨਾਂ ਨੂੰ ਲੱਗਾ ਉਸ ਆਖਿਆ ਪੱਖਾ ਹੈ, ਜਿਸਦੇ ਹੱਥਾਂ ਵਿੱਚ ਲੱਤ ਆ ਗਈ, ਉਸ ਨੇ ਕਿਹਾ ਥੰਮ ਜਾਂ ਪੀਲਪਾਵਾ ਹੈ ਅਤੇ ਜਿਸਦੇ ਹੱਥ ਪੂਛ ਆਈ ਉਸ ਆਖਿਆ ਸੋਟੀ ਹੈ, ਪਰ ਹਾਥੀ ਦਾ ਕਿਸੇ ਨੂੰ ਨਾ ਪਤਾ ਲੱਗਾ। ਅਸਲ ਕੀ ਹੋਇਆ ਅਤੇ ਕਿਵੇਂ ਹੋਇਆ, ਸਬੂਤਾਂ ਸਮੇਤ ਤਾਂ ਸੀ ਬੀ ਆਈ ਹੀ ਆਪਣੀ ਰਿਪੋਰਟ ਵਿੱਚ ਦੱਸੇਗੀ, ਉਹ ਰਿਪੋਰਟ ਵੀ ਅਦਾਲਤ ਵਿੱਚ ਟਿਕ ਪਾਏਗੀ ਕਿ ਨਹੀਂ, ਇਹ ਸਭ ਆਉਣ ਵਾਲੇ ਸਮੇਂ ਦੀ ਬੁੱਕਲ ਵਿੱਚ ਹੈ।

ਸੁਸ਼ਾਂਤ ਕੇਸ ਤੋਂ ਇਲਾਵਾ ਗੋਦੀ ਮੀਡੀਏ ਨੂੰ ਕੰਗਣਾ ਦਾ ਕੇਸ ਮਿਲ ਗਿਆ ਹੈ। ਜਿਹੜੀ ਕੰਗਨਾ ਪੰਦਰਾਂ ਸਾਲ ਦੀ ਉਮਰ ਵਿੱਚ ਘਰ ਛੱਡ ਕੇ ਮੁੰਬਈ ਵੱਲ ਰਵਾਨਾ ਹੋ ਗਈ, ਬਿਨਾਂ ਸ਼ੱਕ ਉਸ ਨੇ ਕਾਫ਼ੀ ਮਿਹਨਤ ਕੀਤੀ। ਅੱਜ ਤਕ ਪਹੁੰਚਣ ਤੋਂ ਪਹਿਲਾਂ ਉਹ ਪਦਮਸ੍ਰੀ ਦੇ ਅਹੁਦੇ ਨਾਲ ਨਿਵਾਜੀ ਗਈ। ਫਿਰ ਸ਼ਿਵ ਸੈਨਾ ਨਾਲ ਤੂੰ-ਤੂੰ, ਮੈਂ-ਮੈਂ ਵਿਚਕਾਰ ਹਿਮਾਚਲ ਦੀ ਧੀ ਬਣੀ। ਧੀ ਦਾ ਮਾਣ ਕਰਦਿਆਂ ਉਸ ਨੂੰ ਸਕਿਉਰਿਟੀ ਦਿੱਤੀ ਗਈ। ਜਦ ਉਸ ਦਾ ਪੰਗਾ ਸ਼ਿਵ ਸੈਨਾ ਨਾਲ ਪਿਆ ਦੇਖਿਆ ਤਾਂ ਦੇਸ਼ ਦੇ ਹੋਮ ਮਨਿਸਟਰ ਨੇ ਵਾਈ ਪਲੱਸ ਸਕਿਉਰਿਟੀ ਦੇ ਕੇ ਨਿਵਾਜਿਆ। ਪੂਰੇ ਚੈਲੰਜ ਨਾਲ ਮੁੰਬਈ ਪਹੁੰਚੀ, ਜੋ ਮਨ ਆਇਆ ਕਿਹਾ, ਵੰਗਾਰਿਆ, ਸੁਣਿਆ ਵੀ, ਰਾਜਪਾਲ ਨਾਲ ਮੁਲਾਕਾਤ ਕੀਤੀ। ਸ਼ਿਕਾਇਤਾਂ ਦਾ ਢੇਰ ਲਾ ਦਿੱਤਾ। ਰਾਜ ਸਭਾ ਦੀ ਮੈਂਬਰ ਜਯਾ ਬੱਚਨ ਨਾਲ ਸਿੰਗ ਫਸ ਗਏ। ਬਾਕੀਆਂ ਨਾਲ ਵੀ ਇਸ਼ਾਰੇ-ਇਸ਼ਾਰੇ ਵਿੱਚ ਕੁੜੱਤਣ ਪੈਦਾ ਕੀਤੀ। ਹੁਣ ਆਖਿਆ ਕਿ ਮੈਂ ਸਿਰ ਕਟਾ ਸਕਦੀ ਹਾਂ, ਝੁਕਾਅ ਨਹੀਂ। ਗੋਦੀ ਮੀਡੀਏ ਨੂੰ ਹੋਰ ਕੀ ਚਾਹੀਦਾ ਸੀ, ਹੋਰ ਮਸਾਲਾ ਮਿਲ ਗਿਆ ਆਉਣ ਵਾਲੇ ਦਿਨਾਂ ਵਿੱਚ ਤਰਾਂ-ਤਰਾਂ ਦਾ ਤੁੜਕਾ ਲਾ ਕੇ ਪੇਸ਼ ਕਰਨਗੇ।ਦੇਸ਼ ਵਿੱਚ ਪਾਰਲੀਮੈਂਟ ਦਾ ਅਜਲਾਸ ਚੱਲ ਰਿਹਾ ਹੈ। ਤਰਾਂ-ਤਰਾਂ ਮੁੱਦੇ ਦੇਸ਼ ਸਾਹਮਣੇ ਹਨ। ਕਿਸਾਨਾਂ ਦੇ ਹਿਤ ਦੇ ਖ਼ਿਲਾਫ਼ ਬਿੱਲ ਪੇਸ਼ ਹੋ ਰਹੇ ਹਨ, ਪਾਸ ਵੀ ਹੋ ਰਹੇ ਹਨ। ਕਿਸਾਨ ਸੜਕਾਂ ’ਤੇ ਹੈ। ਮੁਜ਼ਾਹਰੇ ਕਰ ਰਿਹਾ ਹੈ। ਚੀਨ ਗੱਲ ਕਰ ਰਿਹਾ ਹੈ। ਗੱਲ ਕਰਕੇ ਮੁੱਕਰ ਰਿਹਾ ਹੈ। ਜਨਤਾ ਲਈ ਚਿੰਤਾ ਦਾ ਵਿਸ਼ਾ ਹੈ। ਬੇਰੁਜ਼ਗਾਰੀ ਦੀ ਗਿਣਤੀ ਕਰੋੜਾਂ ਵਿੱਚ ਹੋ ਰਹੀ ਹੈ। ਨਵੀਂਆਂ ਭਰਤੀਆਂ ਨਹੀਂ ਹੋ ਰਹੀਆਂ। ਭਰਤੀ ਨਿਕਲੇ ਤਾਂ ਇਮਤਿਹਾਨ ਨਹੀਂ ਹੁੰਦੇ। ਇਮਤਿਹਾਨ ਹੋ ਜਾਣ ਤਾਂ ਨਤੀਜੇ ਨਹੀਂ ਆਉਂਦੇ। ਨਤੀਜੇ ਆ ਜਾਣ ਤਾਂ ਫਿਰ ਨੌਕਰੀ ਦੀ ਚਿੱਠੀ ਨਹੀਂ ਆਉਂਦੀ। ਚਿੱਠੀ ਆ ਵੀ ਜਾਵੇ ਤਾਂ ਸਹਿਜੇ ਕੀਤੇ ਜੁਆਇੰਨ ਨਹੀਂ ਕਰਾਉਂਦੇ। ਜੁਆਇੰਨ ਕਰਕੇ ਜੇ ਕੰਮ ਕਰਨ ਲੱਗ ਪਵੋ ਤਾਂ ਕਈ-ਕਈ, ਸਾਲ, ਮਹੀਨੇ ਤਨਖ਼ਾਹ ਨਹੀਂ ਮਿਲਣੀ। ਅਜਿਹੇ ਬੇਸ਼ੁਮਾਰ ਮਸਲੇ ਹਨ, ਜਿਨਾਂ ’ਤੇ ਮੀਡੀਆ ਬਹਿਸਾਂ ਕਰਾ ਕੇ ਲੋਕਾਂ ਅਤੇ ਸਰਕਾਰਾਂ ਨੂੰ ਜਾਣੂ ਕਰਾ ਸਕਦਾ ਹੈ। ਅਜਿਹੇ ਮਸਲਿਆਂ ਦਾ ਹੱਲ ਕੱਢਿਆ ਜਾ ਸਕਦਾ ਹੈ। ਸਰਕਾਰ ਅਤੇ ਆਮ ਜਨਤਾ ਵਿਚਲਾ ਪਾੜਾ ਦੂਰ ਕੀਤਾ ਜਾ ਸਕਦਾ ਹੈ, ਪਰ ਅਜਿਹੇ ਮਸਲਿਆ ’ਤੇ ਗੋਦੀ ਮੀਡੀਆ ਆਪਣਾ ਸਮਾਂ ਬਰਬਾਦ ਨਹੀਂ ਕਰਨਾ ਚਾਹੁੰਦਾ। ਪਰ ਕਿਉਂ ? ਜੋ ਚੈਨਲ ਸਰਕਾਰ ਦਾ ਗੁਣਗਾਣ ਕਰਦੇ ਹਨ, ਉਨਾਂ ਨੂੰ ਇਸ਼ਤਿਹਾਰਬਾਜ਼ੀ ਨਾਲ ਰਜਾਇਆ ਜਾਂਦਾ ਹੈ। ਜੋ ਚੈਨਲ ਸੱਚ ਦਿਖਾ ਰਹੇ ਹਨ, ਉਨਾਂ ਨੂੰ ਦੇਸ਼-ਧ੍ਰੋਹੀ ਗਰਦਾਨਿਆ ਜਾ ਰਿਹਾ ਹੈ। ਜੋ ਚੈਨਲ ਹਿੰਦੂ-ਸਿੱਖ, ਹਿੰਦੂ-ਮੁਸਲਮਾਨ, ਹਿੰਦ-ਪਾਕਿ ਦਾ ਰੌਲਾ ਪਾ ਕੇ ਅਸਲੀ ਮੁੱਦਿਆਂ ਤੋਂ ਜਨਤਾ ਦਾ ਧਿਆਨ ਹਟਾ ਰਹੇ ਹਨ, ਉਨਾਂ ਨੂੰ ਦੇਸ਼ ਭਗਤੀ ਦੇ ਸਰਟੀਫਿਕੇਟਾਂ ਨਾਲ ਨਿਵਾਜਿਆ ਜਾ ਰਿਹਾ ਹੈ। ਸਾਡਾ ਦੇਸ਼ ਜਿੰਨਾ ਵੱਡਾ ਹੈ, ਉਨੇ ਵੱਡੇ ਇਸ ਦੇਸ਼ ਦੇ ਮਸਲੇ ਹਨ, ਪਰ ਉਨਾਂ ਮਸਲਿਆਂ ਨਾਲ ਨਜਿੱਠਣ ਲਈ ਨਾ ਸਾਡੇ ਪਾਸ ਸਾਧਨ ਹਨ, ਨਾ ਨੀਅਤ ਹੈ, ਨਾ ਹੀ ਹੌਂਸਲਾ ਹੈ, ਜਿਸ ਕਰਕੇ ਚਾਰੇ ਪਾਸੇ ਹਾਹਾਕਾਰ ਮਚੀ ਹੋਈ ਹੈ। ਦੇਸ਼ ਇੱਕ ਤਰਾਂ ਨਾਲ ਠੱਪ ਪਿਆ ਹੈ। ਸੂਬਿਆਂ ਨੂੰ ਬਣਦਾ ਜੀ ਐੱਸ ਟੀ ਦਾ ਹਿੱਸਾ ਨਹੀਂ ਮਿਲ ਰਿਹਾ। ਉਨਾਂ ਨੂੰ ਭਿਖਾਰੀ ਬਣਨ ਲਈ ਜਾ ਰਿਹਾ ਹੈ। ਕਰਜ਼ਾ ਲੈ ਕੇ ਸਰਕਾਰਾਂ ਚਲਾਉਣ ਲਈ ਆਖਿਆ ਜਾ ਰਿਹਾ। ਪੈਸੇ ਦੀ ਅਣਹੋਂਦ ਕਰਕੇ ਸੂਬਿਆਂ ਦਾ ਵਿਕਾਸ ਰੁਕਿਆ ਪਿਆ ਹੈ। ਕੋਰੋਨਾ ਬੀਮਾਰੀ ਜੋੜ ਫੜ ਰਹੀ ਹੈ। ਸੋਸ਼ਲ ਡਿਸਟੈਂਸਿੰਗ ਦੀ ਦੁਹਾਈ ਪਾਈ ਜਾ ਰਹੀ ਹੈ। ਦੂਜੇ ਪਾਸੇ ਪਛੜੇ ਅਤੇ ਗਰੀਬ ਬਿਹਾਰ ਸੂਬੇ ਦੀ ਚੋਣ ਦਾ ਐਲਾਨ ਕਰਕੇ ਆਮ ਜਨਤਾ ਨੂੰ ਮੁਸੀਬਤ ਵਿੱਚ ਪਾ ਦਿੱਤਾ ਹੈ। ਸਰਕਾਰ ਪਾਸ ਤਾਂ ਪ੍ਰਚਾਰ ਦੇ ਸਾਧਨ ਹਨ, ਪਰ ਬਾਕੀ ਗਰੀਬ ਜਨਤਾ ਅਤੇ ਵਿਰੋਧੀ ਪਾਰਟੀਆਂ ਕਿਸ ਤਰਾਂ ਆਪਣਾ ਪ੍ਰਚਾਰ ਕਰਨਗੀਆਂ, ਅਜਿਹੀ ਮੁਸੀਬਤ ਸਮੇਂ ਸਰਕਾਰ ਨੇ ਇਸ ਸਥਿਤੀ ਦਾ ਫਾਇਦਾ ਉਠਾਉਣ ਲਈ ਚੋਣਾਂ ਕਰਾਉਣ ਦਾ ਐਲਾਨ ਕੀਤਾ ਹੈ। ਫੈਸਲਾ ਤਾਂ ਜਨਤਾ ਨੇ ਕਰਨਾ ਹੈ, ਪਰ ਅੱਜ ਦੇ ਦਿਨ ਪਹਿਲੀ ਸਰਕਾਰ ਜੇਤੂ ਮੂਡ ਵਿੱਚ ਕੰਮ ਕਰ ਕੇ ਅੱਗੇ ਵਧ ਰਹੀ ਹੈ।ਦੇਸ਼ ਦਾ ਪ੍ਰਧਾਨ ਮੰਤਰੀ ਜਿੰਨਾ ਪ੍ਰਭਾਵ ਪਾਊ ਭਾਸ਼ਣ ਕਰਦਾ ਹੈ ਵਿਰੋਧੀਆਂ ਕੋਲ ਬਰਾਬਰ ਦੀ ਲੀਡਰਸ਼ਿੱਪ ਦੀ ਅਣਹੋਂਦ ਕਰਕੇ ਲੋਕ ਸੱਚ ਮੰਨ ਬੈਠਦੇ ਹਨ। ਇਸ ਕਰਕੇ ਬੇੜਾ ਪਾਰ ਲੱਗ ਜਾਂਦਾ ਹੈ। ਅੱਜ ਤੋਂ ਪੰਜ ਸਾਲ ਪਹਿਲਾਂ, ਚੋਣਾਂ ਤੋਂ ਪਹਿਲਾਂ ਮੌਜੂਦਾ ਪ੍ਰਧਾਨ ਮੰਤਰੀ ਨੇ ਬਿਹਾਰ ਰਾਜ ਲਈ ਇੱਕ ਲੱਖ ਪੱਚੀ ਹਜ਼ਾਰ ਕਰੋੜ ਦਾ ਮਦਦ ਵਾਸਤੇ ਐਲਾਨ ਕੀਤਾ ਸੀ, ਜਿਸ ਮੁਤਾਬਕ ਕਾਲਜ, ਵਿਸ਼ਵ ਵਿਦਿਆਲੇ, ਯੂਨੀਵਰਸਿਟੀਆਂ, ਪੁਲ ਵਗੈਰਾ ਅਤੇ ਬਿਜਲੀ ਪੈਦਾ ਕਰਨ ਵਾਲੇ ਵੱਡੇ-ਵੱਡੇ ਜੰਤਰ ਲਾਉਣ ਦਾ ਵਾਅਦਾ ਕੀਤਾ ਸੀ। ਅੱਜ ਸਭ ਜਾਣਦੇ ਹਨ ਕਿ ਪਿਛਲੀ ਮਦਦ ਅਤੇ ਐਲਾਨਾਂ ਦਾ ਕੀ ਬਣਿਆ ? ਇਸ ਵਾਰੀ ਉਸ ਨੇ ਜੋ ਵਾਅਦਾ ਕੀਤਾ ਹੈ, ਉਸ ਦੀ ਰਕਮ ਚੋਖੀ ਵਧਾ ਦਿੱਤੀ ਹੈ, ਪਰ ਹੋਣਾ ਪਿਛਲੀ ਵਾਰ ਵਾਂਗ ਹੀ ਹੈ। ਜਨਤਾ ਨੇ ਇੱਕ ਵਾਰੀ ਫਿਰ ਠੱਗਿਆ ਜਾਣਾ ਹੈ। ਸਰਕਾਰ ਇੰਨੀ ਲਾਪ੍ਰਵਾਹ ਅਤੇ ਨਿਕੰਮੀ ਹੈ ਕਿ ਪਾਰਲੀਮੈਂਟ ਵਿੱਚ ਲਾਕਡਾਊਨ ਦੌਰਾਨ ਜਦ ਮਜ਼ਦੂਰਾਂ ਨੇ ਬੇਰੁਜ਼ਗਾਰੀ ਕਰਕੇ ਘਰ ਵਾਪਸੀ ਕੀਤੀ, ਉਸ ਸਮੇਂ ਦੌਰਾਨ ਕਿੰਨਾ ਮੁਆਵਜ਼ਾ ਦਿੱਤਾ ਜਾ ਚੁੱਕਾ ਹੈ, ਦੇ ਜਵਾਬ ਵਿੱਚ ਸਰਕਾਰ ਨੇ ਬੜੀ ਢੀਠਤਾਈ ਨਾਲ ਕਿਹਾ ਕਿ ਸਰਕਾਰ ਪਾਸ ਮਰਨ ਵਾਲਿਆਂ ਦਾ ਕੋਈ ਰਿਕਾਰਡ ਨਹੀਂ ਹੈ, ਇਸ ਕਰਕੇ ਮੁਆਵਜ਼ਾ ਦੇਣ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ, ਜਿਸ ਦੀ ਸਭ ਪਾਸਿਆਂ ਤੋਂ ਨਿਖੇਧੀ ਹੋ ਰਹੀ ਹੈ।

ਤੁਹਾਨੂੰ ਯਾਦ ਹੋਵੇਗਾ ਕਿ ਕੋਰੋਨਾ ਨੂੰ ਭਜਾਉਣ ਲਈ ਮੋਦੀ ਨੇ ਥਾਲੀਆਂ, ਤਾੜੀਆਂ ਵਜਾਉਣ ਲਈ ਆਖਿਆ ਸੀ, ਲੋਕਾਂ ਨੇ ਉਵੇਂ ਹੀ ਕੀਤਾ। ਫਿਰ ਫੌਜ ਨੇ ਹਵਾਈ ਜਹਾਜ਼ਾਂ ਰਾਹੀ ਡਾਕਟਰਾਂ ਅਤੇ ਹਸਪਤਾਲਾਂ ’ਤੇ ਫੁੱਲ ਬਰਸਾਏ ਸਨ। ਡਾਕਟਰਾਂ ਨੂੰ ਯੋਧੇ ਕਰਾਰ ਦਿੱਤਾ ਗਿਆ ਸੀ ਅਤੇ ਕੋਰੋਨਾ ਦੌਰਾਨ ਆਪਣੀ ਜਾਨ ਨਿਸ਼ਾਵਰ ਕਰਨ ਵਾਲਿਆਂ ਨੂੰ ਸ਼ਹੀਦ ਦਾ ਦਰਜਾ ਦੇਣ ਦੀ ਮੰਗ ਕੀਤੀ ਗਈ ਸੀ। ਹੁਣ ਚਾਲੂ ਪਾਰਲੀਮੈਂਟ ਸੈਸ਼ਨ ਦੌਰਾਨ ਜਦ ਇਸ ਬਾਬਤ ਸਵਾਲ ਪੁੱਛਿਆ ਗਿਆ ਕਿ ਅੱਜ ਤਕ ਕਿਸ-ਕਿਸ ਸੂਬੇ ਨਾਲ ਸੰਬੰਧਤ ਡਾਕਟਰ ਆਪਣੀਆਂ ਜਾਨਾਂ ਵਾਰ ਗਏ ਹਨ ਤਾਂ ਸੰਬੰਧਤ ਮਨਿਸਟਰ ਦਾ ਘੜਿਆ-ਘੜਾਇਆ ਜਵਾਬ ਸੀ ਕਿ ਇਹ ਸੂਬੇ ਨਾਲ ਸੰਬੰਧਤ ਸਵਾਲ ਹੈ। ਇਸ ਕਰਕੇ ਸੈਂਟਰ ਪਾਸ ਇਸਦਾ ਕੋਈ ਰਿਕਾਰਡ ਨਹੀਂ ਹੈ, ਜਿਸ ’ਤੇ ਸਾਰੀ ਵਿਰੋਧੀ ਪਾਰਟੀ ਭੜਕ ਪਈ ਅਤੇ ਖਾਸ ਕਰ ਆਈ ਐੱਮ ਏ ਨੇ ਆਪਣਾ ਸਖ਼ਤ ਵਿਰੋਧ ਜਿਤਾਇਆ। ਜੇ ਐਨੀ ਗਿਣਤੀ ਵਿੱਚ ਨੌਕਰਸ਼ਾਹੀ ਹੋਣ ਕਰਕੇ ਵੀ ਸਰਕਾਰ ਅਜਿਹੇ ਰਿਕਾਰਡ ਨਹੀਂ ਰੱਖ ਸਕਦੀ ਤਾਂ ਫਿਰ ਉਸ ਸਰਕਾਰ ਨੂੰ ਬਣੀ ਰਹਿਣ ਦਾ ਨੈਤਿਕ ਅਧਿਕਾਰ ਕੀ ਹੈ।ਮੁੱਕਦੀ ਗੱਲ ਕਿ ਮੌਜੂਦਾ ਸਰਕਾਰ ਵਿੱਚ ਇੰਨਾ ਨਿਕੰਮਪੁਣਾ ਆ ਚੁੱਕਾ ਹੈ ਕਿ ਜਿਸ ਨੂੰ ਅਸੀਂ ਕਹਿ ਸਕਦੇ ਹਾਂ ਕਿ ਮੌਜੂਦਾ ਸਰਕਾਰ ਦੀ ਤੰਦ ਨਹੀਂ ਉਲਝੀ ਹੋਈ, ਸਗੋਂ ਤਾਣੀ ਹੀ ਉਲਝੀ ਪਈ ਹੈ। ਅਜਿਹੇ ਹਾਲਤਾਂ ਵਿੱਚ ਸਰਕਾਰ ਵੱਲੋਂ ਜਨਤਾ ਦੇ ਕੰਮਾਂ ਪ੍ਰਤੀ ਇਮਾਨਦਾਰ ਹੋਣਾ ਦਿਨ ਵਿੱਚ ਇੱਕ ਸੁਪਨਾ ਦੇਖਣ ਦੇ ਬਰਾਬਰ ਵਾਲੀ ਗੱਲ ਹੋਵੇਗੀ। ਸਿਆਣੇ ਆਖਦੇ ਹਨ ਕਿ ਤੰਦ ਤਾਂ ਸੁਲਝਾਇਆ ਜਾ ਸਕਦਾ ਹੈ, ਤਾਣੀ ਨਹੀਂ। ਸਾਨੂੰ ਵੀ ਕਿਸਾਨਾਂ ਵਾਂਗ ਆਪਣੇ ਕੰਮਾਂ ਅਤੇ ਫ਼ਰਜ਼ਾਂ ਪ੍ਰਤੀ ਸੰਘਰਸ਼ਸ਼ੀਲ ਬਣਨਾ ਹੋਵੇਗਾ। ਸਭ ਨੂੰ ਰਲ ਕੇ ਆਪਣੇ ਏਕੇ ਦਾ ਸਬੂਤ ਦਿੰਦਿਆਂ ਲਗਾਤਾਰ ਸਰਕਾਰ ’ਤੇ ਦਬਾਅ ਬਣਾਉਣਾ ਪਵੇਗਾ।

# ਮਾਮਲਾ ਗੁਰੂ ਗ੍ਰੰਥ ਸਾਹਿਬ ਦੇ ਗੁੰਮ ਹੋਏ ਪਾਵਨ ਸਰੂਪਾਂ ਦਾ

**✪ ਪੰਥਕ ਮੋਰਚੇ ਤੋਂ ਮਿਲਦੇ ਨੇ ਨਵਾਂ ਪੰਥਕ ਸਿਸਟਮ ਉਸਾਰਨ ਵੱਲ ਤੁਰਨ ਦੇ ਸੰਕੇਤ ✪ ਈਸ਼ਰ ਸਿੰਘ ਕਮੇਟੀ ਦੀ ਰਿਪੋਰਟ ਅਧੂਰੀ ਰਿਪੋਰਟ- ਸਾਬਕਾ ਮੈਂਬਰ ਪਾਰਲੀਮੈਂਟ ਰਾਜਦੇਵ ਸਿੰਘ ਖਾਲਸਾ ✪ ਸ਼ਾਂਤਮਈ ਸਿੱਖਾਂ ਤੇ ਮੀਡੀਆ ਕਰਮੀਆਂ ਦੀ ਕੁੱਟਮਾਰ ਲਈ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਲੌਂਗੋਵਾਲ ਜ਼ਿੰਮੇਵਾਰ- ਢੀਂਡਸਾ ✪ ਸਿੱਖ ਜਥੇਬੰਦੀਆਂ ਵੱਲੋਂ ਲੌਂਗੋਵਾਲ ਦੀ ਰਿਹਾਇਸ਼ ਘੇਰਨ ਦਾ ਐਲਾਨ ✪ ਦਸਤਾਰ ਲੱਥਣ ਦੇ ਮਾਮਲੇ 'ਚ ਪੰਜ ਪਿਆਰਿਆਂ ਅੱਗੇ ਪੇਸ਼ ਹੋਏ ਵਧੀਕ ਸਕੱਤਰ ਪ੍ਰਤਾਪ ਸਿੰਘ ਸਮੇਤ ਪੰਜ ਮੁਲਾਜ਼ਮ**



- ਬਘੇਲ ਸਿੰਘ ਧਾਲੀਵਾਲ
99142-58142

ਸ਼ਰੋਮਣੀ ਕਮੇਟੀ ਦੀ ਟਾਸਕ ਫੋਰਸ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਗੁੰਮ ਹੋਏ ਪਾਵਨ ਸਰੂਪਾਂ ਦਾ ਇਨਸਾਫ ਲੈਣ ਲਈ ਲੱਗੇ ਮੋਰਚੇ ਦੌਰਾਨ ਸ਼ਰਧਾਲੂਆਂ 'ਨਿਹੰਗ ਸਿੰਘਾਂ ਅਤੇ ਪੱਤਰਕਾਰਾਂ 'ਤੇ ਕੀਤੇ ਹਮਲੇ ਦੀ ਚੁਫੇਰਿਓਂ ਨਿੰਦਾ ਹੋ ਰਹੀ ਹੈ। ਭਾਵੇਂ ਕਿ ਕੁੱਝ ਵਿਅਕਤੀ ਮੋਰਚੇ ਵਾਲੇ ਸਿੰਘਾਂ ਅਤੇ ਸ਼੍ਰੋਮਣੀ ਕਮੇਟੀ ਦਰਮਿਆਨ ਸਮਝੌਤਾ ਕਰਵਾਉਣ ਦੇ ਯਤਨਾਂ ਵਿੱਚ ਵੀ ਲੱਗੇ ਹੋਏ ਹਨ, ਪਰ ਮੋਰਚਾ ਪ੍ਰਬੰਧਕ ਕਿਸੇ ਵੀ ਕੀਮਤ ਤੇ ਸ਼੍ਰੋਮਣੀ ਕਮੇਟੀ ਦੇ ਇਸ ਘਿਨਾਉਣੇ ਵਰਤਾਰੇ ਲਈ ਮੁਆਫ ਕਰਨ ਦੇ ਰੌਂਅ ਵਿੱਚ ਨਹੀ। ਮੋਰਚੇ ਨੂੰ ਬਾਹਰ ਤੋਂ ਹਮਾਇਤ ਕਰਨ ਵਾਲੇ ਬਹੁਤ ਸਾਰੇ ਲੋਕਾਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਮੇਤ ਦੋਸ਼ੀ ਮੁਲਾਜ਼ਮਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਦੱਸਣਾ ਬਣਦਾ ਹੈ ਕੀ ਇਹ ਸਿੱਖ ਸੰਗਤ ਲਾਪਤਾ ਹੋਏ ਪਾਵਨ ਸਰੂਪਾਂ ਬਾਰੇ ਮੁਕੰਮਲ ਜਾਣਕਾਰੀ ਅਤੇ ਗੁਨਾਹਗਾਰਾਂ ਖਿਲਾਫ਼ ਕਾਰਵਾਈ ਦੀ ਮੰਗ ਨੂੰ ਲੈ ਕੇ ਨਾਮ ਸਿਮਰਨ ਕਰਕੇ ਸ਼ਾਂਤਮਈ ਢੰਗ ਨਾਲ ਰੋਸ ਪ੍ਰਦਰਸ਼ਨ ਕਰ ਰਹੀ ਸੀ। ਪਰ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਅਤੇ ਟਾਸਕ ਫੋਰਸ ਨੇ ਤੇਜਾ ਸਿੰਘ ਸਮੁੰਦਰੀ ਹਾਲ ਸਥਿਤ ਸ਼੍ਰੋਮਣੀ ਕਮੇਟੀ ਦਫ਼ਤਰ ਦੇ ਬਾਹਰ ਸ਼ਾਂਤਮਈ ਸਿੰਘਾਂ , ਬੀਬੀਆਂ ਉਪਰ ਹਮਲਾ ਕਰਕੇ ਦਸਤਾਰਾਂ ਦੀ ਬੇਅਦਬੀ ਕੀਤੀ ਗਈ ਤੇ ਅਸ਼ਲੀਲ ਗਾਲਾਂ ਕੱਢੀਆਂ। ਇਸ ਵਰਤਾਰੇ ਦੀ ਵੀਡੀਓ ਕਵਰੇਜ ਕਰ ਰਹੇ ਪੱਤਰਕਾਰਾਂ ਨਾਲ ਵੀ ਗਾਲੀ ਗਲੋਚ ਅਤੇ ਮਾਰ ਕੁੱਟ ਕੀਤੀ ਗਈ, ਇਸ ਸਾਰੇ ਘਟਨਾਕਰਮ ਦੀਆਂ ਵੀਡੀਓ ਸੋਸ਼ਲ ਮੀਡੀਆ ਉਪਰ ਦੇਖੀਆਂ ਜਾ ਸਕਦੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਪੰਜ ਸਿੰਘ ਸਾਹਿਬਾਨ ਵੱਲੋਂ ਪਾਵਨ ਸਰੂਪਾਂ ਦੇ ਮਾਮਲੇ ਵਿੱਚ ਪੁਰਾਣੀ ਤੇ ਮੌਜੂਦਾ ਅੰਤ੍ਰਿੰਗ ਕਮੇਟੀ ਨੂੰ ਤਨਖਾਹ ਲਾਏ ਜਾਣ ਦੀ ਸ਼ਲਾਘਾ ਕੀਤੀ ਤੇ ਆਖਿਆ ਕਿ ਉਨਾਂ ਸਰੂਪਾਂ ਦੀ ਭਾਲ ਕੀਤੇ ਜਾਣ ਬਾਰੇ ਕੋਈ ਗੱਲ ਨਹੀਂ ਕੀਤੀ। ਇਸ ਸਮੁੱਚੇ ਮਾਮਲੇ ਲਈ ਸਿੱਖ ਆਗੂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਕਸੂਰਵਾਰ ਠਹਿਰਾਇਆ ਅਤੇ ਅਕਾਲ ਤਖ਼ਤ 'ਤੇ ਤਲਬ ਕਰਕੇ ਕਾਰਵਾਈ ਦੀ ਮੰਗ ਕੀਤੀ ਹੈ। ਸਰਨਾ ਨੇ ਆਖਿਆ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦਿੱਲੀ ਕਮੇਟੀ ਦੇ ਮਾਮਲੇ ਵਿੱਚ ਹੁਣ ਤਕ ਕੋਈ ਕਾਰਵਾਈ ਨਹੀਂ ਕੀਤੀ।

ਬੀਤੇ ਦਿਨੀਂ ਗੁਰੂ ਗ੍ਰੰਥ ਸਾਹਿਬ ਦੇ ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਸਬੰਧੀ ਵੱਖ-ਵੱਖ ਸਿੱਖ ਜਥੇਬੰਦੀਆਂ ਦੀ ਮੀਟਿੰਗ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਅਗਵਾਈ ਹੇਠ ਅਕਾਲ ਕੌਂਸਲ ਦੇ ਹਾਲ ਮਸਤੂਆਣਾ ਸਾਹਿਬ ਵਿੱਚ ਹੋਈ। ਇਮਾਨ ਸਿੰਘ ਮਾਨ, ਭਾਈ ਗੁਰਦੀਪ ਸਿੰਘ ਬਠਿੰਡਾ, ਜਸਕਰਨ ਸਿੰਘ ਕਾਹਨਸਿੰਘ ਵਾਲਾ, ਪ੍ਰੋ. ਮਹਿੰਦਰ ਸਿੰਘ ਨੇ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਦੇ ਲਾਪਤਾ ਪਾਵਨ ਸਰੂਪਾਂ ਦਾ ਹਿਸਾਬ ਮੰਗਣ ਲਈ 22 ਸਤੰਬਰ ਨੂੰ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਦੀ ਲੌਂਗੋਵਾਲ ਸਥਿਤ ਰਿਹਾਇਸ਼ ਅੱਗੇ ਸ਼ਾਂਤਮਈ ਧਰਨਾ ਸ਼ੁਰੂ ਕੀਤਾ ਜਾਵੇਗਾ, ਜੋ 27 ਸਤੰਬਰ ਤੱਕ ਚੱਲੇਗਾ। ਇਸ ਮਗਰੋਂ 28 ਸਤੰਬਰ ਨੂੰ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਐੱਸਜੀਪੀਸੀ ਦੇ ਬਜਟ ਇਜਲਾਸ ਦਾ ਘਿਰਾਓ ਕੀਤਾ ਜਾਵੇਗਾ।

ਅਕਾਲੀ ਦਲ (ਡ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਇਸ ਘਟਨਾ ਆਪਣਾ ਪ੍ਰਤੀਕਰਮ ਪਰਗਟ ਕਰਦਿਆਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਗੁੰਮ ਹੋਏ ਪਾਵਨ ਸਰੂਪਾਂ ਸਬੰਧੀ ਜਾਣਕਾਰੀ ਲੈਣ ਅਤੇ ਦੋਸ਼ੀਆਂ ਨੂੰ ਕਟਹਿਰੇ ਵਿਚ ਖੜਾ ਕਰਨ ਦੀ ਮੰਗ ਕਰਨ ਲਈ ਗਏ ਸਿੱਖਾਂ ਤੇ ਜਿਸ ਤਰਾਂ ਸ਼ਰੋਮਣੀ ਕਮੇਟੀ ਦੀ ਟਾਸਕ ਫੋਰਸ ਨੇ ਹਮਲਾ ਕਰਕੇ ਜਿਸਤਰਾਂ ਨਿਹੰਗ ਸਿੰਘਾਂ ਦੇ ਦੁਮਾਲਿਆਂ ਦੀ ਬੇਅਦਬੀ ਕੀਤੀ ਗਈ , ਸਾਂਤਮਈ ਸਿੱਖਾਂ ਅਤੇ ਮੀਡੀਆ ਕਰਮੀਆਂ ਦੀ ਕੁੱਟਮਾਰ ਕੀਤੀ ਗਈ , ਇਹ ਬੇਹੱਦ ਹੀ ਨਿੰਦਣਯੋਗ ਵਰਤਾਰਾ ਹੈ।ਉਹਨਾਂ ਇਸ ਘਿਨਾਉਣੇ ਕਾਰੇ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਜਵਾਬ ਮੰਗਿਆ ਹੈ ਕਿ ਉਹਨਾਂ ਨੇ ਕੀਹਦੇ ਦਬਾਅ ਹੇਠ ਟਾਸਕ ਫੋਰਸ ਨੂੰ ਸਿੱਖ ਸੰਗਤ ਤੇ ਹਮਲਾ ਕਰਨ ਦਾ ਬਜਰ ਗੁਨਾਹ ਕੀਤਾ ਹੈ , ਜਦੋਂ ਕਿ ਸਿੱਖ ਸੰਗਤਾਂ ਪਾਵਨ ਸਰੂਪਾਂ ਦੇ ਗੁੰਮਸ਼ੁਦਗੀ ਲਈ ਪੁੱਛਣ ਗਈਆਂ ਸਨ। ਉਹਨਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਇਹ ਮਾਮਲਾ ਹੋਰ ਵੀ ਵਧ ਸਕਦਾ ਹੈ, ਕਿਉਂਕਿ ਇਹ ਘਿਨਾਉਣੀ ਕਾਰਵਾਈ ਸਿੱਖਾਂ ਦੇ ਹਿਰਦੇ ਵਲੂੰਧਰਨ ਵਾਲੀ ਅਤੇ ਨਾ ਮੁਆਫੀ ਯੋਗ ਹੈ। ਉਨਾਂ ਕਿਹਾ ਕਿ ਇਸ ਕਾਰਵਾਈ ਨਾਲ ਬਾਦਲਾਂ ਦੇ ਗੁਨਾਹਾਂ ਭਰੇ ਕਾਲੇ ਕਾਰਨਾਮਿਆਂ ਵਿਚ ਇਕ ਹੋਰ ਪੰਨਾ ਜੁੜ ਗਿਆ ਹੈ। ਉਹਨਾਂ ਕਿਹਾ ਕਿ ਜਿਸ ਤਰਾਂ ਇਨਾਂ ਨੂੰ ਪਹਿਲਾਂ ਸੂਬੇ ਦੀ ਸੱਤਾਂ ਤੋਂ ਲਾਂਭੇ ਕੀਤਾ ਗਿਆ ਹੁਣ ਇਨਾਂ ਨੂੰ ਕੁਰਬਾਨੀਆਂ ਦੇ ਕੇ ਹੋਂਦ ਵਿਚ ਆਈ ਸ਼੍ਰੋਮਣੀ ਕਮੇਟੀ ਤੋਂ ਵੀ ਲਾਂਭੇ ਕਰਨ ਦਾ ਸਮਾਂ ਆ ਗਿਆ ਹੈ,ਤਾਂ ਕਿ ਸਿੱਖੀ ਸਿਧਾਂਤ,ਗੁਰਦੁਆਰਾ ਪ੍ਰਬੰਧ ਅਤੇ ਮਰਯਾਦਾ ਦੀ ਰਾਖੀ ਕੀਤੀ ਜਾ ਸਕੇ। ਸਾਬਕਾ ਮੈਂਬਰ ਪਾਰਲੀਮੈਂਟ ਰਾਜਦੇਵ ਸਿੰਘ ਖਾਲਸਾ ਨੇ ਕਿਹਾ ਕਿ ਪਾਵਨ ਸਰੂਪਾਂ ਦਾ ਗੁੰਮ ਹੋਣਾ ਕੋਈ ਆਮ ਘਟਨਾ ਨਹੀ ਹੈ , ਇਹ ਬਹੁਤ ਵੱਡੀ ਘਟਨਾ ਹੈ , ਇਹਦੇ ਵਿੱਚ ਸ਼ਰੋਮਣੀ ਕਮੇਟੀ ਮੁਕੰਮਲ ਤੌਰ 'ਤੇ ਦੋਸ਼ੀ ਹੈ। ਉਹਨਾਂ ਕਿਹਾ ਕਿ ਸਤਿਕਾਰ ਕਮੇਟੀਆਂ ਵੱਲੋਂ ਲਾਏ ਮੋਰਚੇ ਦੌਰਾਨ ਟਾਸਕ ਫੋਰਸ ਵੱਲੋਂ ਜਿਸ ਤਰਾਂ ਸਿੱਖਾਂ ਦੀਆਂ ਦਸਤਾਰਾਂ ਦੀ ਉਤਾਰੀਆਂ ਗਈਆਂ , ਕੇਸਾਂ ਦੀ ਬੇਅਦਬੀ ਕੀਤੀ ਗਈ , ਉਹ ਵੀ ਬਹੁਤ ਵੱਡੀ ਬੇਅਦਬੀ ਦਾ ਜੁਰਮ ਹੈ , ਪਰ ਮੋਰਚੇ ਵੱਲੋਂ ਪੁਲਿਸ ਕੇਸ ਦਰਜ ਕਰਨ ਦੀ ਕੀਤੀ ਗਈ ਮੰਗ ਸਮਝਦਾਰੀ ਨਾਲ ਲਿਆ ਗਿਆ ਫੈਸਲਾ ਨਹੀ ਹੈ , ਇਸ ਲਈ ਇਹ ਮੰਗ ਬਿਲਕੁਲ ਵੀ ਵਾਜਬ ਨਹੀ ਹੈ , ਇਸ ਤਰਾਂ ਪੁਲਿਸ ਕੇਸ ਦਰਜ ਕਰਨ ਨਾਲ ਅਸੀ ਆਪ ਹੀ ਪੁਲਿਸ ਨੂੰ ਸਿੱਧੀ ਦਖਲਅੰਦਾਜੀ ਦੀ ਇਜ਼ਾਜਤ ਦੇ ਕੇ ਬਹੁਤ ਵੱਡੀ ਭੁੱਲ ਕਰ ਰਹੇ ਹਾਂ। ਉਹਨਾਂ ਕਿਹਾ ਕਿ ਪੁਲਿਸ ਨੂੰ ਸਿੱਖਾਂ ਦੀਆਂ ਦਾਹੜੀਆਂ ਪੁੱਟਣ ਅਤੇ ਸ੍ਰੀ ਦਰਬਾਰ ਸਾਹਿਬ ਵਿੱਚ ਦਾਖਲੇ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ , ਜਦੋਂ ਕਿ ਦੋਸ਼ੀਆਂ ਨੂੰ ਸਜ਼ਾ ਸਿੱਖ ਰਹੁ ਰੀਤਾਂ ਅਨੁਸਾਰ ਹੀ ਦਿੱਤੀ ਜਾਣੀ ਬਣਦੀ ਹੈ। ਉਹਨਾਂ ਇਸ ਮਸਲੇ ਵਿੱਚ ਪੁਲਿਸ ਕੇਸ ਦੀ ਗੱਲ ਕਰਦਿਆਂ ਕਿਹਾ ਕਿ ਚੋਰੀ ਦੇ ਕੇਸ ਵਿੱਚ ਦਫਾ 379 , 380 ਲੱਗਦੀ ਹੈ, ਪਾਵਨ ਸਰੂਪ ਚੋਰੀ ਦੇ ਮਾਮਲੇ ਵਿੱਚ ਵੀ ਪੁਲਿਸ ਉਹ ਹੀ ਧਾਰਾ ਲਾਏਗੀ, ਜਿਹੜੀ ਕਿਸੇ ਆਮ ਵਸਤੂ ਚੋਰੀ ਦੇ ਮਾਮਲੇ ਵਿੱਚ ਲਾਈ ਜਾਂਦੀ ਹੈ , ਉਹਨਾਂ ਸੁਆਲ ਕੀਤਾ ਕਿ ਕੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਇੱਕ ਆਮ ਚੋਰੀ ਮੰਨਿਆ ਜਾ ਸਕਦਾ ਹੈ ? ਇਸ ਲਈ ਅਜਿਹੀ ਮੰਗ ਕਰਨਾ ਬਿਲਕੁਲ ਵੀ ਸਮਝਦਾਰੀ ਵਾਲਾ ਫੈਸਲਾ ਨਹੀਂ ਹੈ। ਉਹਨਾਂ ਈਸ਼ਰ ਸਿੰਘ ਕਮੇਟੀ ਦੀ ਰਿਪੋਰਟ ਨੂੰ ਵੀ ਅਧੂਰੀ ਰਿਪੋਰਟ ਕਰਾਰ ਦਿੰਦਿਆਂ ਕਿਹਾ ਕਿ ਪੜਤਾਲ ਵਿੱਚ ਕਿਸੇ ਵੀ ਜ਼ਿੰਮੇਵਾਰ ਵਿਅਕਤੀ ਨੂੰ ਦੋਸ਼ੀ ਕਰਾਰ ਨਹੀ ਦਿੱਤਾ ਗਿਆ , ਬਲਕਿ ਮੁਲਾਜ਼ਮਾਂ ਸਿਰ ਭਾਂਡਾ ਭੰਨ ਕੇ ਬੁੱਤਾ ਸਾਰਿਆ ਗਿਆ ਹੈ, ਜਿੰਨੀ ਦੇਰ ਪੜਤਾਲ ਕਰਕੇ ਇਹ ਪਤਾ ਨਹੀ ਲਾਇਆ ਜਾਂਦਾ ਕਿ ਇਸ ਸਾਰੇ ਵਰਤਾਰੇ ਦਾ ਜ਼ਿੰਮੇਦਾਰ ਕੌਣ ਹੈ, ਓਨੀ ਦੇਰ ਰਿਪੋਰਟ ਨੂੰ ਸੰਪੂਰਨ ਨਹੀ ਮੰਨਿਆ ਜਾ ਸਕਦਾ। ਉਹਨਾਂ ਕਿਹਾ ਪੜਤਾਲ ਕਰਕੇ ਗੁੰਮ ਹੋਣ ਦੇ ਸਮੇ ਬਾਰੇ ਪਤਾ ਕਰਨਾ ਹੋਵੇਗਾ, ਫਿਰ ਜੋ ਲੋਕ ਉਸ ਮੌਕੇ ਜ਼ਿੰਮੇਵਾਰ ਹੋਣਗੇ , ਉਹਨਾਂ ਨੂੰ ਜ਼ਿੰਮੇਵਾਰ ਬਨਾਉਣਾ ਪਵੇਗਾ , ਪ੍ਰੰਤੂ ਉਸ ਤੋ ਪਹਿਲਾਂ ਇਹ ਵੀ ਪਤਾ ਕਰਨਾ ਹੋਵੇਗਾ ਕਿ 328 ਸਰੂਪ ਗਏ ਕਿੱਥੇ ਹਨ।

ਜੇਕਰ ਗੱਲ ਇਨਸਾਫ ਲੈਣ ਲਈ ਲੱਗੇ ਮੋਰਚੇ ਦੀ ਕੀਤੀ ਜਾਵੇ , ਤਾਂ ਪਾਵਨ ਸਰੂਪ ਗੁੰਮਸੁਦਗੀ ਇਨਸਾਫ ਮੋਰਚੇ ਦੀ ਸਭ ਤੋ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਨਿਰੋਲ ਧਾਰਮਿਕ ਮੋਰਚਾ ਹੈ,ਜਿਸ ਵਿੱਚ ਕਿਸੇ ਵੀ ਸਿਆਸੀ ਪਾਰਟੀ ਦੀ ਦਖਲਅੰਦਾਜ਼ੀ ਨਹੀਂ , ਪਰ □ਸ ਤੋ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਮੋਰਚੇ ਨੂੰ ਸਾਰੀਆਂ ਹੀ ਪੰਥਕ ਸਿਆਸੀ ਧਿਰਾਂ ਨੇ ਵੀ ਜਾਇਜ ਕਰਾਰ ਦਿੱਤਾ ਹੈ ਤੇ ਬਹੁਤ ਸਾਰੀਆਂ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ 17 ਸਤੰਬਰ ਦੀ ਅਕਾਲ ਤਖਤ ਸਾਹਿਬ ਵਿਖੇ ਰੱਖੀ ਇਕੱਤਰਤਾ ਵਿੱਚ ਸਤਿਕਾਰ ਕਮੇਟੀਆਂ , ਦਮਦਮੀ ਟਕਸਾਲ ਰਾਜਪੁਰਾ ਅਤੇ ਨਿਹੰਗ ਸਿੰਘਾਂ ਵੱਲੋਂ ਲਾਏ ਗਏ ਮੋਰਚੇ ਦੀ ਹਮਾਇਤ ਵੀ ਕੀਤੀ ਹੈ, ਜਦੋਂ ਕਿ ਸਰੋਮਣੀ ਕਮੇਟੀ ਦੇ ਵਤੀਰੇ ਦੀ ਸਮੁੱਚੇ ਇਕੱਠ ਨੇ ਹੀ ਇੱਕ ਮੱਤ ਹੋ ਕੇ ਸਖਤ ਸਬਦਾਂ ਵਿੱਚ ਨਿੰਦਾ ਕੀਤੀ। ਪੰਥਕ ਜਥੇਬੰਦੀਆਂ ਦੀ ਮੀਟਿੰਗ ਉਪਰੰਤ ਸਰਬੱਤ ਖਾਲਸਾ ਵਾਲੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ , ਯੁਨਾਇਟਡ ਅਕਾਲੀ ਦਲ ਦੇ ਆਗੂਆਂ ਤੋਂ ਇਲਾਵਾ ਪੰਥਕ ਵਿਦਵਾਨ ਸੁਖਪ੍ਰੀਤ ਸਿੰਘ ਉੱਦੋਕੇ ਦਾ ਸਤਿਕਾਰ ਕਮੇਟੀਆਂ ਵੱਲੋਂ ਲਗਾਏ ਮੋਰਚੇ ਵਿੱਚ ਹਾਜ਼ਰੀ ਭਰਨਾ ਤੇ ਵਿਚਾਰ ਸਾਂਝੇ ਕਰਨਾ ਜਿੱਥੇ ਇਸ ਸਾਂਝੇ ਮਸਲੇ ਤੇ ਪੰਥਕ ਏਕੇ ਵੱਲ ਪੁੱਟਿਆ ਗਿਆ ਦੂਰਅੰਦੇਸ਼ੀ ਵਾਲਾ ਸਲਾਹੁਣਯੋਗ ਕਦਮ ਹੈ , ਓਥੇ ਉਪਰੋਕਤ ਆਗੂਆਂ,ਵਿਦਵਾਨਾਂ ਦਾ ਇਹ ਕਦਮ ਮੋਰਚੇ ਦੀ ਚੜਦੀ ਕਲਾ ਦਾ ਪ੍ਰਤੀਕ ਵੀ ਬਣ ਗਿਆ ਹੈ , ਜਿਸ ਲਈ ਜਥੇਦਾਰ ਮੰਡ,ਭਾਈ ਉੱਦੋਕੇ ਸਮੇਤ ਉਹ ਸਾਰੀਆਂ ਹੀ ਪੰਥਕ ਸ਼ਖਸ਼ੀਅਤਾਂ ਵਧਾਈ ਦੀਆਂ ਪਾਤਰ ਹਨ। ਉਪਰੋਕਤ ਸਾਰੇ ਵਰਤਾਰੇ ਦੇ ਮੱਦੇ ਨਜਰ ਸ੍ਰੋਮਣੀ ਕਮੇਟੀ ਦਾ ਹੁਣ ਤਕ ਦਾ ਕਾਰਜਕਾਲ ਇਹ ਸਾਬਤ ਕਰਦਾ ਹੈ ਕਿ ਇਸ ਤੇ ਕਾਬਜ਼ ਵਿਅਕਤੀਆਂ ਨੇ ਸਿਖ ਸਿਧਾਂਤਾਂ ਨਾਲ ਖਿਲਵਾੜ ਕੀਤਾ ਹੈ ਤੇ ਅਕਾਲ ਤਖਤ ਸਾਹਿਬ ਦੇ ਖੁਦਮੁਖਤਿਆਰ ਸਿਸਟਮ ਨੂੰ ਖਤਮ ਕਰਕੇ ਇਤਿਹਾਸ ਨੂੰ ਪੁਠਾ ਗੇੜਾ ਦਿਤਾ ਹੈ। ਹੁਣ ਸਮਾਂ ਮੰਗ ਕਰਦਾ ਹੈ ਕਿ ਗੁਰਦੁਆਰਾ ਪ੍ਰਬੰਧ ਨੂੰ ਸੁਧਾਰਨ ਲਈ ਅਜਿਹਾ ਪੰਥਕ ਸਿਸਟਮ ਖੜਾ ਕੀਤਾ ਜਾਵੇ, ਜਿਸ ਨਾਲ ਗਰੰਥ ਅਤੇ ਪੰਥ ਦੀ ਆਣ ਤੇ ਸ਼ਾਨ ਬਹਾਲ ਹੋ ਸਕੇ। ਸੋ ਬੀਤੇ ਦਿਨੀ ਅਕਾਲ ਤਖਤ ਸਾਹਿਬ 'ਤੇ ਹੋਏ ਪੰਥਕ ਇਕੱਠ ਅਤੇ ਪਾਵਨ ਸਰੂਪਾਂ ਦੀ ਗੁੰਮਸ਼ੁਦਗੀ ਦੇ ਇਨਸਾਫ ਲਈ ਲੱਗੇ ਮੋਰਚੇ ਤੋਂ ਅਜਿਹੇ ਸ਼ੁਭ ਸੰਕੇਤ ਮਿਲਦੇ ਹਨ।

## ਵਧੀਕ ਸਕੱਤਰ ਪ੍ਰਤਾਪ ਸਿੰਘ ਸਮੇਤ ਪੰਜ ਮੁਲਾਜ਼ਮ ਪੰਜਾਂ ਪਿਆਰਿਆਂ ਅੱਗੇ ਪੇਸ਼:

ਨਿਹੰਗ ਸਿੰਘ ਦੀ ਦਸਤਾਰ ਲੱਥਣ ਦੇ ਮਾਮਲੇ 'ਚ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮ ਅਨੁਸਾਰ ਪੰਜਾਂ ਪਿਆਰਿਆਂ ਅੱਗੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਪ੍ਰਤਾਪ ਸਿੰਘ ਸਮੇਤ ਪੰਜ ਮੁਲਾਜ਼ਮ ਪੇਸ਼ ਹੋਏ।

ਪੰਜਾਂ ਪਿਆਰਿਆਂ ਅੱਗੇ ਪੇਸ਼ ਹੋ ਕੇ ਪ੍ਰਤਾਪ ਸਿੰਘ ਨੇ ਕਿਹਾ ਕਿ ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਦਫਤਰ ਦੇ ਬਾਹਰ ਅਤੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਦੇ ਵਿਚਕਾਰ ਜੋ ਸਿੰਘਾਂ ਵੱਲੋਂ ਧਰਨਾ ਲਗਾਇਆ ਜਾ ਰਿਹਾ ਸੀ, ਉੱਥੇ ਕੁਝ ਨਿਹੰਗ ਸਿੰਘਾਂ ਵੱਲੋਂ ਖਲਲ ਪਾਈ ਗਈ, ਜਿਸ ਦੀ ਵੀਡੀਓ ਵੀ ਸਾਹਮਣੇ ਆਈ ਹੈ। ਉਨਾਂ ਕਿਹਾ ਕਿ ਧਰਨਾਕਾਰੀਆਂ ਨੂੰ ਕਿਸੇ ਨੇ ਵੀ ਕੁਝ ਨਹੀਂ ਕਿਹਾ ਜਦਕਿ ਨਿਹੰਗ ਸਿੰਘਾਂ ਵੱਲੋਂ ਸੰਗਤ ਨੂੰ ਪ੍ਰਭਾਵਿਤ ਕੀਤਾ ਜਾ ਰਿਹਾ ਸੀ ਅਤੇ ਉਹਨਾਂ ਨੂੰ ਰੋਕਦੇ ਸਮੇਂ ਹੀ ਨਿਹੰਗ ਸਿੰਘ ਦੀ ਦਸਤਾਰ ਉਤਰ ਗਈ ਸੀ, ਜਿਸ ਲਈ ਅਕਾਲ ਤਖਤ ਸਾਹਿਬ ਦੇ ਹੁਕਮ ਤੇ ਉਹ ਪੇਸ਼ ਹੋਏ ਹਨ। ਪੰਜਾਂ ਪਿਆਰਿਆਂ ਨੇ ਪ੍ਰਤਾਪ ਸਿੰਘ ਅਤੇ ਦੂਸਰੇ ਮੁਲਾਜ਼ਮਾਂ ਨੂੰ ਕੜਾਹ ਪ੍ਰਸ਼ਾਦ ਦੀ ਦੇਗ ਕਰਵਾ ਕੇ ਅਰਦਾਸ ਕਰਨ ਦੀ ਲਈ ਕਿਹਾ। ਜਿਸ ਤੇ ਉਨਾਂ ਨੇ ਇਸ ਸੇਵਾ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਅਤੇ ਅਰਦਾਸ ਕਰਵਾ ਕੇ ਖਿਮਾ ਜਾਚਨਾ ਕੀਤੀ।

## ਲੌਂਗੋਵਾਲ ਨੂੰ ਅਕਾਲ ਤਖ਼ਤ ਸਾਹਿਬ ਤੋਂ ਦੂਜੀ ਵਾਰ ਮਿਲੀ ਧਾਰਮਿਕ ਸਜ਼ਾ

ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੂੰ ਬੀਤੇ ਸ਼ੁੱਕਰਵਾਰ ਅਕਾਲ ਤਖਤ ਸਾਹਿਬ ਦੀ ਤਹਿਸੀਲ ਤੋਂ ਦੂਸਰੀ ਵਾਰ ਤਨਖਾਹ (ਧਾਰਮਿਕ ਸਜ਼ਾ) ਲੱਗੀ ਹੈ।ਦੂਸਰੀ ਵਾਰ ਤਨਖਾਹ ਲੱਗਣ ਦਾ ਕਾਰਨ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਭਾਲ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਗੁਰਦੁਆਰਾ ਸ਼੍ਰੀ ਰਾਮਸਰ ਸਾਹਿਬ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ਨ ਕੀਤੇ ਜਾ ਰਹੇ 328 ਪਾਵਨ ਸਰੂਪਾਂ ਦੇ ਰਿਕਾਰਡ ਵਿਚ ਮੁਲਾਜ਼ਮਾਂ ਵਲੋਂ ਕੀਤੀ ਛੇੜਖਾਨੀ ਅਤੇ ਭੇਟਾ ਵੀ ਜਮਾ ਨਾ ਕਰਵਾਉਣ ਦੇ ਦੋਸ਼ ਵਿਚ ਲੱਗੀ ਹੈ। ਭਾਵੇਂ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਇਕਲਾਖੀ ਤੌਰ 'ਤੇ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੋ ਕੇ ਪੰਜ ਸਿੰਘ ਸਾਹਿਬ ਨੂੰ ਇਸ ਕੇਸ ਵਿਚ ਖਿਮਾ ਯਾਚਨਾ ਲਈ ਬੇਨਤੀ ਪੱਤਰ ਦਿੱਤਾ ਸੀ, ਪਰ ਇਹ ਪਹਿਲੀ ਵਾਰ ਹੋਇਆ ਹੈ ਕਿ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਲੋਂ ਚੁਣੇ ਜਾਂਦੇ ਜਥੇਦਾਰਾਂ ਨੇ ਹੀ ਅੰਤ੍ਰਿੰਗ ਕਮੇਟੀ ਨੂੰ ਹੀ ਤਨਖਾਹੀਆ ਕਰਾਰ ਦੇ ਦਿੱਤਾ। ਇਹ ਵੀ ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਲੌਂਗੋਵਾਲ ਨੂੰ 17 ਅਪ੍ਰੈਲ 2017 ਵਿਚ ਵੀ ਅਕਾਲ ਤਖਤ ਸਾਹਿਬ ਦੀ ਤਹਿਸੀਲ ਤੋਂ ਧਾਰਮਿਕ ਤਨਖਾਹ ਲੱਗੀ ਸੀ, ਜਿਸ ਦਾ ਕਾਰਨ ਸ਼੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਦੀ ਉਲੰਘਣਾ ਸੀ। ਇਸ ਹੁਕਮਨਾਮੇ ਵਿਚ ਡੇਰਾ ਸਿਰਸਾ ਮੁਖੀ ਅਤੇ ਉਸ ਦੇ ਪੈਰੋਕਾਰਾਂ ਦੇ ਨਾਲ ਮਿਲਵਰਤਣ ਨਾ ਰੱਖਣ ਦਾ ਹੁਕਮਨਾਮਾ ਜਾਰੀ ਸੀ। ਉਸ ਸਮੇਂ ਵਿਧਾਨ ਸਭਾ 2017 ਵਿਚ ਵੋਟਾਂ ਖਾਤਰ ਡੇਰਾ ਸਿਰਸਾ ਜਾਣ ਵਾਲੇ ਜਾਂ ਉਸ ਦੇ ਪੈਰੋਕਾਰਾਂ ਨਾਲ ਇਕੱਤਰਤਾਵਾਂ ਕਰਨ ਵਾਲੇ ਵਿਅਕਤੀਆਂ ਵਿਚ ਭਾਈ ਲੌਂਗੋਵਾਲ ਸ਼ਾਮਿਲ ਸਨ, ਜਿਸ ਸਬੰਧੀ ਪੰਜ ਸਿੰਘ ਸਾਹਿਬ ਨੇ ਵਿਚਾਰਾਂ ਕਰਨ ਉਪਰੰਤ ਅਕਾਲ ਤਖਤ ਸਾਹਿਬ ਤੋਂ ਸਾਬਤ-ਸੂਰਤ ਵਿਅਕਤੀਆਂ ਨੂੰ ਤਨਖਾਹੀਏ ਘੋਸ਼ਿਤ ਕਰਕੇ ਅਕਾਲ ਤਖਤ ਸਾਹਿਬ ਦੇ ਸਨਮੁੱਖ ਖੜੇ ਕਰਕੇ ਤਨਖਾਹ ਲਗਾਈ ਸੀ, ਜਿਸ ਵਿਚ ਲੌਂਗੋਵਾਲ ਸ਼ਾਮਿਲ ਸਨ। ਤਨਖਾਹ ਵਿਚ ਇਕ ਦਿਨ ਗੁਰਦੁਆਰਾ ਸਾਰਾਗੜ੍ਹੀ ਸਾਹਿਬ ਤੋਂ ਦਰਸ਼ਨੀ ਡਿਓਢੀ, ਘੰਟਾ ਘਰ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਵਿਖੇ ਤੱਕ ਆਉਣ ਵਾਲੇ ਰਸਤੇ ਦੀ ਸਫਾਈ ਕਰਨੀ। ਇਹ ਇਕ ਦਿਨ ਸਾਰੀ ਪ੍ਰਕਰਮਾਂ ਵਿਚ ਸਫਾਈ-ਧੁਆਈ ਦੀ ਸੇਵਾ ਕਰਨੀ। ਇਹ ਇਕ ਦਿਨ ਦੋ ਘੰਟੇ ਜੋੜੇ ਘਰ ਵਿਚ ਜੋੜੇ ਪਾਲਿਸ਼ ਕਰਨ ਦੀ ਸੇਵਾ ਕਰਨੀ। ਇਹ ਇਕ ਦਿਨ ਦੋ ਘੰਟੇ ਲੰਗਰ ਵਰਤਾਉਣ ਦੀ ਸੇਵਾ ਕਰਨੀ। ਇਕ ਦਿਨ ਇਕ ਘੰਟਾ ਹਰਿਮੰਦਰ ਸਾਹਿਬ ਵਿਖੇ ਕੀਰਤਨ ਸਰਵਣ ਕਰਕੇ ਸਾਰੇ 501 ਰੁਪਏ ਦੀ ਵੱਖਰੀ-ਵੱਖਰੀ ਕੜਾਹ ਪ੍ਰਸ਼ਾਦਿ ਦੀ ਦੇਗ ਲੈ ਕੇ ਇਕਵੰਜਾ-ਇਕਵੰਜਾ ਸੌ ਰੁਪਏ ਗੋਲਕ ਵਿਚ ਪਾ ਕੇ ਅਕਾਲ ਤਖ਼ਤ ਸਾਹਿਬ ਵਿਖੇ ਖਿਮਾ-ਯਾਚਨਾ ਦੀ ਅਰਦਾਸ ਕਰਵਾਉਣੀ ਸ਼ਾਮਿਲ ਸੀ।

## ਲੰਗਾਹ ਨੂੰ ਅੰਮ੍ਰਿਤਪਾਨ ਕਰਵਾਉਣ 'ਚ ਮਦਦ ਕਰਨ ਵਾਲੇ ਤਨਖ਼ਾਹੀਏ ਕਰਾਰ

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਰੱਖ ਕੇ ਵੱਖ-ਵੱਖ ਮੁੱਦਿਆਂ ਤੇ ਵਿਵਾਦਾਂ 'ਚ ਫਸੇ ਪੰਥਕ ਆਗੂਆਂ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਕੀਤਾ ਗਿਆ ਜਿਨਾਂ ਵਿੱਚ 2016 ਦੀ ਅੰਤ੍ਰਿੰਗ ਕਮੇਟੀ ਤੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਸਮੇਤ ਸਮੁੱਚੀ ਅੰਤ੍ਰਿੰਗ ਕਮੇਟੀ ਪੇਸ਼ ਹੋਈ। ਇਸ ਦੌਰਾਨ 2016 ਦੀ ਅੰਤ੍ਰਿੰਗ ਕਮੇਟੀ, ਮੌਜੂਦਾ ਅੰਤ੍ਰਿੰਗ ਕਮੇਟੀ ਤੇ ਸੁੱਚਾ ਸਿੰਘ ਲੰਗਾਹ ਨੂੰ ਅੰਮ੍ਰਿਤਪਾਨ ਕਰਵਾਉਣ 'ਚ ਮਦਦ ਕਰਨ ਵਾਲੇ ਤਨਖਾਹੀਆ ਕਰਾਰ ਦਿੱਤੇ ਗਏ। ਜਥੇਦਾਰ ਨੇ ਹਰਿਮੰਦਰ ਸਾਹਿਬ ਦੀਆਂ ਪਰਿਕਰਮਾ ਲਈ ਵੀ ਭੇਜਿਆ। ਅਸਲ ਵਿਚ 19 ਮਈ 2016 'ਚ ਗੁਰਦਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਸ਼ਾਰਟ ਸਰਕਟ ਹੋਣ ਕਾਰਨ ਪੰਜ ਪਾਵਨ ਸਰੂਪ ਅਗਨ ਭੇਟ ਹੋਣ ਤੇ 9 ਸਰੂਪ ਪ੍ਰਭਾਵਿਤ ਹੋਣ ਦੇ ਬਾਵਜੂਦ ਉਸ ਸਮੇਂ ਦੀ ਅੰਤ੍ਰਿੰਗ ਕਮੇਟੀ ਵੱਲੋਂ ਕੋਈ ਪਸ਼ਚਾਤਾਪ ਨਾ ਕਰਨ ਦੇ ਦੋਸ਼ 'ਚ ਪੇਸ਼ ਹੋਣ ਲਈ ਸੱਦਿਆ ਹੈ।

2016 ਦੀ ਅੰਤ੍ਰਿੰਗ ਕਮੇਟੀ ਨੂੰ ਆਪਣੇ ਘਰ ਵਿਚ ਸਹਿਜ ਪਾਠ ਕਰਨ ਜਾਂ ਕਰਵਾਉਣ ਦੀ ਤਨਖ਼ਾਹ, ਇਕ ਸਾਲ ਤਕ ਸ਼੍ਰੋਮਣੀ ਕਮੇਟੀ ਦੇ ਕਿਸੇ ਵੀ ਅਹੁਦੇ 'ਤੇ ਨਾ ਰਹਿਣ ਦੀ ਤਨਖ਼ਾਹ ਵੀ ਲਗਾਈ ਗਈ ਹੈ। ਮੌਜੂਦਾ ਅੰਤਿ□ਗ ਕਮੇਟੀ ਨੂੰ ਇਕ ਅਖੰਡ ਪਾਠ ਸਾਹਿਬ ਗੁਰਦੁਆਰਾ ਰਾਮਸਰ ਸਾਹਿਬ ਅਤੇ ਇਕ ਅਖੰਡ ਪਾਠ ਅਕਾਲ ਤਖ਼ਤ ਸਾਹਿਬ ਵਿਖੇ ਕਰਵਾਉਣ ਦੀ ਤਨਖ਼ਾਹ ਤੋਂ ਇਲਾਵਾ ਤਿੰਨ ਦਿਨ ਸਾਰਾਗੜੀ ਨਿਵਾਸ ਤੋਂ ਲੈ ਕੇ ਘੰਟਾ ਘਰ ਡਿਉੜੀ ਤਕ ਇਕ ਘੰਟਾ ਝਾੜੂ ਮਾਰਨ ਦੀ ਸੇਵਾ ਕਰਨ ਦੀ ਤਨਖ਼ਾਹ ਲਗਾਈ ਗਈ। ਇਸ ਦੇ ਨਾਲ ਹੀ ਸਮੁੱਚੀ ਅੰਤ੍ਰਿੰਗ ਕਮੇਟੀ ਨੂੰ ਕਿਸੇ ਵੀ ਧਾਰਮਿਕ ਸੰਗਤੀ ਇਕੱਠ 'ਚ ਇਕ ਮਹੀਨਾ ਬੋਲਣ 'ਤੇ ਪਾਬੰਦੀ ਲਗਾਈ ਗਈ ਹੈ। ਇਸ ਤੋਂ ਇਲਾਵਾ 28 ਸਤੰਬਰ ਦੇ ਬਜਟ ਅਜਲਾਸ 'ਚ ਬੋਲਣ ਅਤੇ ਭਾਗ ਲੈਣ 'ਚ ਛੋਟ ਦਿੱਤੀ ਗਈ ਹੈ। ਪੰਥ 'ਚੋਂ ਛੇਕੇ ਸੁੱਚਾ ਸਿੰਘ ਲੰਗਾਹ ਨੂੰ ਅੰਮ੍ਰਿਤ ਸੰਚਾਰ 'ਚ ਅੰਮ੍ਰਿਤਪਾਨ ਕਰਾਉਣ ਲਈ ਮਦਦ ਕਰਨ ਵਾਲੇ ਮੈਂਬਰ ਗੁਰਿੰਦਰਪਾਲ ਸਿੰਘ ਗੋਰਾ, ਰਤਨ ਸਿੰਘ ਜ਼ੱਫ਼ਰਵਾਲ ਤੇ ਪ੍ਰੋਫੈਸਰ ਸਰਚਾਂਦ ਸਿੰਘ ਨੂੰ ਤਨਖ਼ਾਹੀਆ ਕਰਾਰ ਦਿੰਦਿਆਂ ਇਕ-ਇਕ ਸਹਿਜ ਪਾਠ ਕਰਨ ਦੀ ਤਨਖ਼ਾਹ ਲਗਾਈ ਗਈ ਹੈ।

# ਮਾਮਲਾ ਬਲਵੰਤ ਸਿੰਘ ਮੁਲਤਾਨੀ ਨੂੰ ਗਾਇਬ ਕਰਨ ਦਾ ਅਪਰਾਧ

## ✪ ਸੁਮੇਧ ਸੈਣੀ ਦੇ ਸਿਰ ’ਤੇ ਇਕ ਵਾਰ ਫਿਰ ਗ੍ਰਿਫ਼ਤਾਰੀ ਦੀ ਤਲਵਾਰ ਲਟਕੀ ✪ ਸੁਪਰੀਮ ਕੋਰਟ ਨੇ ਗ੍ਰਿਫ਼ਤਾਰੀ ’ਤੇ ਰੋਕ ਲਗਾਉਣ ਦਾ ਕੋਈ ਸਪਸ਼ਟ ਕਾਰਨ ਨਹੀਂ ਦੱਸਿਆ ✪ ਪੁਲਿਸ ਦਾ ਸੁਮੇਧ ਸੈਣੀ ’ਤੇ ਮੁੜ ਸ਼ਿਕੰਜਾ, ਸਿੱਟ ਨੇ ਕੀਤਾ ਤਲਬ

**- ਐੱਮ.ਪੀ. ਸਿੰਘ ਪਾਹਵਾ**

ਹੁਣੇ ਜਿਹੇ ਪੰਜਾਬ ਪੁਲਿਸ ਨੇ ਸਾਬਕਾ ਡੀਜੀਪੀ ਸੁਮੇਧ ਸੈਣੀ ਖਿਲਾਫ ਮੁੜ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਮੁਹਾਲੀ ਪੁਲਿਸ ਨੇ ਸੇਵਾਮੁਕਤ ਆਈਏਐਸ ਅਫ਼ਸਰ ਦੇ ਪੁੱਤਰ ਤੇ ਸਿਟਕੋ ਦੇ ਜੂਨੀਅਰ ਇੰਜਨੀਅਰ (ਜੇਈ) ਬਲਵੰਤ ਸਿੰਘ ਮੁਲਤਾਨੀ ਨੂੰ ਅਗਵਾ ਤੇ ਲਾਪਤਾ ਕਰਨ ਦੇ ਕੇਸ ਵਿੱਚ ਸੈਣੀ ਤਲਬ ਕੀਤਾ ਹੈ। ਯਾਦ ਰਹੇ ਸੈਣੀ ਖਿਲਾਫ ਤਿੰਨ ਦਹਾਕੇ ਪਹਿਲਾਂ ਮੁਲਤਾਨੀ ਨੂੰ ਅਗਵਾ ਕਰਨ ਮਗਰੋਂ ਭੇਤਭਰੀ ਹਾਲਤ ਵਿੱਚ ਲਾਪਤਾ ਕਰਨ ਜਿਹੇ ਗੰਭੀਰ ਦੋਸ਼ਾਂ ਤਹਿਤ ਕੇਸ ਚੱਲ ਰਿਹਾ ਹੈ। ਪੁਲਿਸ ਸੈਣੀ ਦੀ ਗ੍ਰਿਫਤਾਰੀ ਚਾਹੁੰਦੀ ਸੀ ਪਰ ਸਪਰੀਮ ਕੋਰਟ ਨੇ ਸਾਬਕਾ ਡੀਜੀਪੀ ਨੂੰ ਆਰਜ਼ੀ ਰਾਹਤ ਦੇ ਦਿੱਤੀ ਹੈ। ਉਂਝ ਅਦਾਲਤ ਨੇ ਸੈਣੀ ਨੂੰ ਜਾਂਚ ਵਿੱਚ ਸ਼ਾਮਲ ਹੋਣ ਦੇ ਆਦੇਸ਼ ਦਿੱਤੇ ਸੀ।ਇਸ ਮਗਰੋਂ 15 ਸਤੰਬਰ ਨੂੰ ਸੁਪਰੀਮ ਕੋਰਟ ’ਚੋਂ ਆਰਜ਼ੀ ਜ਼ਮਾਨਤ ਕਰਵਾਉਣ ਦੇ ਬਾਵਜੂਦ ਹਾਲੇ ਤੱਕ ਸੈਣੀ ਪੁਲਿਸ ਕੋਲ ਜਾਂਚ ਵਿੱਚ ਸ਼ਾਮਲ ਨਹੀਂ ਹੋਇਆ। ਇਹ ਵੀ ਅਹਿਮ ਹੈ ਕਿ ਸੈਣੀ ਹੋਰ ਵੀ ਕਈ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਹੈ। ਇਸ ਲਈ ਖਦਸ਼ਾ ਹੈ ਕਿ ਪੁਲਿਸ ਉਸ ਨੂੰ ਹੋਰ ਮਾਮਲੇ ਵਿੱਚ ਉਲਝਾ ਕੇ ਗ੍ਰਿਫਤਾਰ ਕਰ ਸਕਦੀ ਹੈ। ਜਦੋਂ ਕਿਸੇ ਵਿਅਕਤੀ ਵਿਰੁੱਧ ਪੁਲਿਸ ਵੱਲੋਂ ਕੋਈ ਮੁਕੱਦਮਾ ਦਰਜ ਕੀਤਾ ਜਾਂਦਾ ਹੈ, ਸੱਚਾ ਜਾਂ ਝੂਠਾ ਤਾਂ ਉਹ ਪੁਲਿਸ ਰਿਕਾਰਡ ’ਚ ਮੁਲਜ਼ਮ ਵਜੋਂ ਦਰਜ ਹੋ ਜਾਂਦਾ ਹੈ। ਮੁਕੱਦਮਾ ਦਰਜ ਹੋਣ ਤੋਂ ਬਾਅਦ ਪੁਲਿਸ ਜਾਂਚ ਆਰੰਭ ਹੋ ਜਾਂਦੀ ਹੈ। ਪੁਲਿਸ ਦਾ ਪਹਿਲਾ ਕਦਮ ਉਸ ਦੀ ਗ੍ਰਿਫ਼ਤਾਰੀ ਵੱਲ ਵੱਧਦਾ ਹੈ। ਉਸ ਦੇ ਸਿਰ ’ਤੇ ਗ੍ਰਿਫ਼ਤਾਰੀ ਦੀ ਤਲਵਾਰ ਲਟਕਣ ਲੱਗਦੀ ਹੈ। ਇਸ ਤੋਂ ਬਚਣ ਲਈ ਮੁਲਜ਼ਮ ਰੂਪੋਸ਼ ਹੋ ਜਾਂਦਾ ਹੈ ਜਾਂ ਫਿਰ ਜ਼ਮਾਨਤ ਲਈ ਕਾਨੂੰਨੀ ਚਾਰਾਜੋਈ ਕਰਦਾ ਹੈ। ਜ਼ਾਬਤਾ ਫ਼ੌਜਦਾਰੀ ਕਾਨੂੰਨ 1973 ਅਧੀਨ ਜੁਰਮਾਂ ਦਾ ਉਨਾਂ ਦੀ ਗੰਭੀਰਤਾ ਅਤੇ ਹੋ ਸਕਣ ਵਾਲੀ ਸਜ਼ਾ ਦੇ ਆਧਾਰ ’ਤੇ ਕਾਬਿਲੇ ਜ਼ਮਾਨਤ ਅਤੇ ਗ਼ੈਰ ਜ਼ਮਾਨਤੀ ਜੁਰਮ ਵਜੋਂ ਵਰਗੀਕਰਨ ਕੀਤਾ ਹੋਇਆ ਹੈ। ਕਾਬਿਲੇ ਜ਼ਮਾਨਤ ਉਹ ਜੁਰਮ ਹਨ ਜਿਨਾਂ ਲਈ ਪੁਲਿਸ ਅਧਿਕਾਰੀ ਹੀ ਜ਼ਮਾਨਤ ਲੈ ਲੈਂਦੇ ਹਨ ਅਤੇ ਜ਼ਮਾਨਤ ਮੁਲਜ਼ਮ ਦਾ ਅਧਿਕਾਰ ਹੈ। ਗ਼ੈਰ ਜ਼ਮਾਨਤੀ ਜੁਰਮਾਂ ਲਈ ਪੁਲਿਸ ਨੂੰ ਆਪਣੇ ਪੱਧਰ ’ਤੇ ਜ਼ਮਾਨਤ ਲੈਣ ਦਾ ਅਧਿਕਾਰ ਨਹੀਂ ਹੈ। ਗ਼ੈਰ ਜ਼ਮਾਨਤੀ ਮਾਮਲੇ ਵਿਚ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਕੇ ਇਕ ਨਿਸ਼ਚਿਤ ਸਮੇਂ ਅੰਦਰ ਅਦਾਲਤ ’ਚ ਪੇਸ਼ ਕੀਤਾ ਜਾਂਦਾ ਹੈ। ਫਾਂਸੀ ਅਤੇ ਉਮਰ ਕੈਦ ਦੀ ਸਜ਼ਾ ਵਾਲੇ ਮਾਮਲੇ ਛੱਡ ਕੇ ਬਾਕੀ ਮਾਮਲਿਆਂ ਵਿਚ ਮੈਜਿਸਟ੍ਰੇਟ ਵੀ ਜ਼ਮਾਨਤ ਲੈ ਸਕਦੇ ਹਨ। ਬਾਕੀ ਜੁਰਮਾਂ ਲਈ ਜ਼ਮਾਨਤ ਦਾ ਅਧਿਕਾਰ ਸੈਸ਼ਨ ਕੋਰਟ ਜਾਂ ਫਿਰ ਹਾਈ ਕੋਰਟ ਕੋਲ ਹੈ। ਇਹ ਵੀ ਦੱਸਣਾ ਬਣਦਾ ਹੈ ਕਿ ਅਜਿਹੇ ਮਾਮਲਿਆਂ ਵਿਚ ਜ਼ਮਾਨਤ ਦੇਣੀ ਜਾਂ ਨਾ ਦੇਣੀ ਅਦਾਲਤ ’ਤੇ ਨਿਰਭਰ ਕਰਦਾ ਹੈ। ਮੁਲਜ਼ਮ ਕੋਲ ਗ੍ਰਿਫ਼ਤਾਰੀ ਤੋਂ ਪਹਿਲਾਂ ਵੀ ਜ਼ਮਾਨਤ ਲੈਣ ਲਈ ਕਾਨੂੰਨੀ ਵਿਵਸਥਾ ਹੈ। ਜ਼ਾਬਤਾ ਫ਼ੌਜਦਾਰੀ ਕਾਨੂੰਨ 1973 ਦੀ ਦਫਾ 438 ਅਧੀਨ ਅਗਾਊਂ ਜ਼ਮਾਨਤ ਦੀ ਵਿਵਸਥਾ ਹੈ। ਮੌਜੂਦਾ ਜ਼ਾਬਤਾ ਫ਼ੌਜਦਾਰੀ ਕਾਨੂੰਨ 1973 ਨੇ ਪੁਰਾਣੇ ਜ਼ਾਬਤਾ ਫ਼ੌਜਦਾਰੀ ਕਾਨੂੰਨ 1898 ਦਾ ਸਥਾਨ ਲਿਆ ਹੈ। ਪੁਰਾਣੇ ਕਾਨੂੰਨ ਅਧੀਨ ਅਗਾਊਂ ਜ਼ਮਾਨਤ ਲਈ ਸਪਸ਼ਟ ਵਿਵਸਥਾ ਨਹੀਂ ਸੀ। ਜਦੋਂ ਕੋਈ ਵਿਅਕਤੀ ਜਾਂ ਨਾਮਜ਼ਦ ਮੁਲਜ਼ਮ ਖ਼ੁਦ ਨੂੰ ਬੇਗੁਨਾਹ ਸਮਝਦਾ ਹੋਵੇ ਤਾਂ ਉਹ ਦਫਾ 438 ਅਧੀਨ ਸੈਸ਼ਨ ਕੋਰਟ ਜਾਂ ਹਾਈ ਕੋਰਟ ਤਕ ਪਹੁੰਚ ਕਰ ਸਕਦਾ ਹੈ। ਅਦਾਲਤ ਵੱਲੋਂ ਜੁਰਮ ਦੀ ਕਿਸਮ ਤੇ ਗੰਭੀਰਤਾ, ਕਥਿਤ ਦੋਸ਼ੀ ਦਾ ਪੁਰਾਣਾ ਵਿਵਹਾਰ, ਉਸ ਦੇ ਕਾਨੂੰਨ ਤੋਂ ਭੱਜਣ ਦੀ ਸੰਭਾਵਨਾ ਬਾਰੇ ਵਿਚਾਰਨ ਪਿੱਛੋਂ ਕੁਝ ਸ਼ਰਤਾਂ ’ਤੇ ਉਸ ਨੂੰ ਅਗੇਤੀ ਜ਼ਮਾਨਤ ਦਿੱਤੀ ਜਾ ਸਕਦੀ ਹੈ ਜਾਂ ਜ਼ਮਾਨਤ ਤੋਂ ਨਾਂਹ ਕੀਤੀ ਜਾ ਸਕਦੀ ਹੈ।

ਮੋਹਾਲੀ ਦਾ ਵਸਨੀਕ ਅਤੇ ਸਿਟਕੋ ਦਾ ਜੂਨੀਅਰ ਇੰਜੀਨੀਅਰ (ਜੇਈ) ਦਸੰਬਰ 1991 ਵਿਚ (ਲਗਪਗ 29 ਸਾਲ ਪਹਿਲਾਂ) ਭੇਤਭਰੀ ਹਾਲਤ ਵਿਚ ਲਾਪਤਾ ਹੋ ਗਿਆ ਸੀ। ਇਸ ਸਬੰਧੀ ਹੁਣ 6 ਮਈ ਨੂੰ ਮੋਹਾਲੀ ਜ਼ਿਲੇ ਦੇ ਮਟੌਰ ਪੁਲਿਸ ਸਟੇਸ਼ਨ ਵਿਚ ਸਾਬਕਾ ਡੀਜੀਪੀ ਸੁਮੇਧ ਸੈਣੀ ਸਮੇਤ 6 ਪੁਲਿਸ ਮੁਲਾਜ਼ਮਾਂ ਵਿਰੁੱਧ ਮੁਕੱਦਮਾ ਨੰ: 77 ਦਰਜ ਹੋ ਚੁੱਕਾ ਹੈ। ਮੁਕੱਦਮਾ ਦਰਜ ਹੋਣ ਮਗਰੋਂ ਕੁਝ ਗਵਾਹਾਂ ਜੋ ਸਾਬਕਾ ਪੁਲਿਸ ਮੁਲਾਜ਼ਮ ਹਨ, ਦੇ ਬਿਆਨਾਂ ਦੇ ਆਧਾਰ ’ਤੇ 21 ਅਗਸਤ ਨੂੰ ਦਫਾ 302 (ਭਾਵ ਕਤਲ) ਦੇ ਜੁਰਮ ਦਾ ਵਾਧਾ ਕੀਤਾ ਜਾ ਚੁੱਕਾ ਹੈ। ਕਤਲ ਦੇ ਜੁਰਮ ਦਾ ਵਾਧਾ ਹੋਣ ਤੋਂ ਬਾਅਦ ਸੁਮੇਧ ਸੈਣੀ ਦੇ ਸਿਰ ’ਤੇ ਇਕ ਵਾਰ ਫਿਰ ਗ੍ਰਿਫ਼ਤਾਰੀ ਦੀ ਤਲਵਾਰ ਲਟਕ ਗਈ ਸੀ। ਇਸ ਲਈ ਉਸ ਵੱਲੋਂ ਮੁੜ ਅਗੇਤੀ ਜ਼ਮਾਨਤ ਲਈ ਦਿੱਤੀ ਅਰਜ਼ੀ ਵਧੀਕ ਸੈਸ਼ਨ ਜੱਜ ਮੋਹਾਲੀ ਵੱਲੋਂ 1 ਸਤੰਬਰ ਨੂੰ ਖ਼ਾਰਜ ਕਰ ਦਿੱਤੀ ਗਈ ਸੀ ਜਿਸ ਕਾਰਨ ਸਾਬਕਾ ਡੀਜੀਪੀ ਵੱਲੋਂ ਅਗੇਤੀ ਜ਼ਮਾਨਤ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਤਕ ਪਹੁੰਚ ਕੀਤੀ ਗਈ। ਹਾਈ ਕੋਰਟ ਨੇ ਵੀ ਆਪਣੇ 15 ਪੰਨਿਆਂ ਦੇ ਹੁਕਮ ਰਾਹੀਂ 8 ਸਤੰਬਰ ਨੂੰ ਉਸ ਦੀ ਅਰਜ਼ੀ ਰੱਦ ਕਰ ਦਿੱਤੀ। ਹਾਈ ਕੋਰਟ ਵੱਲੋਂ ਆਪਣੇ ਹੁਕਮ ਵਿਚ ਇਹ ਵੀ ਲਿਖਿਆ ਗਿਆ ਹੈ ਕਿ ਇਸ ਕੇਸ ਵਿਚ ਇਕ ਯੋਜਨਾਬੱਧ ਤਰੀਕੇ ਨਾਲ ਖੇਡ ਰਚੀ ਗਈ ਸੀ ਤਾਂ ਜੋ ਬਲਵੰਤ ਸਿੰਘ ਮੁਲਤਾਨੀ ਨੂੰ ਆਸਾਨੀ ਨਾਲ ਖ਼ਤਮ ਕੀਤਾ ਜਾ ਸਕੇ। ਵਾਅਦਾ ਮਾਫ਼ ਗਵਾਹ ਜੋ ਸਾਬਕਾ ਪੁਲਿਸ ਮੁਲਾਜ਼ਮ ਹਨ, ਉਨਾਂ ਦੇ ਬਿਆਨਾਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਹ ਵੀ ਲਿਖਿਆ ਗਿਆ ਹੈ ਕਿ ਜੁਰਮ ਕਦੇ ਨਹੀਂ ਮਰਦਾ। ਭਾਵ ਜੁਰਮ ਦੇ ਜ਼ਿਆਦਾ ਸਮਾਂ ਬੀਤ ਜਾਣ ਦੇ ਬਾਵਜੂਦ ਕਥਿਤ ਦੋਸ਼ੀ ਵਿਰੁੱਧ ਕਾਰਵਾਈ ਕੀਤੀ ਜਾ ਸਕਦੀ ਹੈ। ਸੁਮੇਧ ਸੈਣੀ ਵੱਲੋਂ ਪਿਛਲੇ ਸਮੇਂ ਵਿਚ ਕੀਤੀਆਂ ਕੁਝ ਹੋਰ ਵਧੀਕੀਆਂ ਦਾ ਜ਼ਿਕਰ ਵੀ ਕੀਤਾ ਗਿਆ ਹੈ। ਹਾਈ ਕੋਰਟ ਵੱਲੋਂ ਜ਼ਮਾਨਤ ਦੀ ਅਰਜ਼ੀ ਰੱਦ ਹੋਣ ਮਗਰੋਂ ਸੁਮੇਧ ਸੈਣੀ ਗ੍ਰਿਫ਼ਤਾਰੀ ਤੋਂ ਬਚਣ ਲਈ ਰੂਪੋਸ਼ ਹੋ ਗਿਆ ਸੀ। ਉਸ ਵੱਲੋਂ ਹਾਈ ਕੋਰਟ ਦੇ 8 ਸਤੰਬਰ ਦੇ ਫ਼ੈਸਲੇ ਵਿਰੁੱਧ ਸੁਪਰੀਮ ਕੋਰਟ ਵਿਚ ਅਪੀਲ ਕੀਤੀ ਗਈ। ਸੁਪਰੀਮ ਕੋਰਟ ਨੇ 15 ਸਤੰਬਰ ਨੂੰ ਮਾਮਲੇ ਦੀ ਸੁਣਵਾਈ ਮੌਕੇ ਸੁਮੇਧ ਸੈਣੀ ਦੀ ਗ੍ਰਿਫ਼ਤਾਰੀ ’ਤੇ ਰੋਕ ਲਗਾ ਦਿੱਤੀ ਹੈ ਅਤੇ ਉਸ ਨੂੰ ਪੁਲਿਸ ਜਾਂਚ ਵਿਚ ਸਹਿਯੋਗ ਕਰਨ ਲਈ ਆਖਿਆ ਗਿਆ ਹੈ। ਸੈਸ਼ਨ ਕੋਰਟ ਅਤੇ ਹਾਈ ਕੋਰਟ ਵੱਲੋਂ ਅਗੇਤੀ ਜ਼ਮਾਨਤ ਦੀ ਅਰਜ਼ੀ ਖ਼ਾਰਜ ਹੋਣ ਮਗਰੋਂ ਸੁਪਰੀਮ ਕੋਰਟ ਵੱਲੋਂ ਗ੍ਰਿਫ਼ਤਾਰੀ ’ਤੇ ਰੋਕ ਲਗਾਏ ਜਾਣ ਕਾਰਨ ਆਮ ਲੋਕਾਂ ਦੇ ਮਨਾਂ ਵਿਚ ਅਗੇਤੀ ਜ਼ਮਾਨਤ ਦੇ ਕਾਨੂੰਨ ਸਬੰਧੀ ਕਈ ਤਰਾਂ ਦੇ ਸਵਾਲ ਉੱਠ ਰਹੇ ਹਨ। ਇਸ ਲਈ ਅਗੇਤੀ ਜ਼ਮਾਨਤ ਦੇ ਸਿਧਾਂਤ ਅਤੇ ਦਿਸ਼ਾ-ਨਿਰਦੇਸ਼ਾਂ ਬਾਰੇ ਪਾਠਕਾਂ ਨਾਲ ਜਾਣਕਾਰੀ ਸਾਂਝੀ ਕਰਨੀ ਜ਼ਰੂਰੀ ਹੈ। ਜਿਵੇਂ ਕਿ ਉੱਪਰ ਦੱਸਿਆ ਗਿਆ ਹੈ ਕਿ ਅਗੇਤੀ ਜ਼ਮਾਨਤ ਦੀ ਵਿਵਸਥਾ ਜ਼ਾਬਤਾ ਫ਼ੌਜਦਾਰੀ ਕਾਨੂੰਨ ਦੀ ਦਫਾ 438 ਵਿਚ ਕੀਤੀ ਗਈ ਹੈ। ਇਸ ਦਾ ਮੁੱਖ ਕਾਰਨ ਸ਼ਾਇਦ ਇਹ ਸੀ ਕਿ ਪੁਲਿਸ ਦੇ ਕੰਮ ਵਿਚ ਸਿਆਸੀ ਦਖ਼ਲਅੰਦਾਜ਼ੀ ਦਾ ਰੁਝਾਨ ਵੱਧ ਰਿਹਾ ਹੈ। ਇਸ ਅਗੇਤੀ ਜ਼ਮਾਨਤ ਦੀ ਵਿਵਸਥਾ ਦਾ ਕੁਝ ਮੁਲਜ਼ਮ ਆਪਣੇ ਅਸਰ-ਰਸੂਖ, ਸਿਆਸੀ ਪ੍ਰਭਾਵ ਜਾਂ ਪੈਸੇ ਦੇ ਜ਼ੋਰ ਸਦਕਾ ਲਾਹਾ ਲੈ ਜਾਂਦੇ ਸਨ। ਇਸ ਲਈ ਅਗੇਤੀ ਜ਼ਮਾਨਤ ਦੇ ਕਾਨੂੰਨ ਸਬੰਧੀ ਅਦਾਲਤਾਂ ਵੱਲੋਂ ਕੁਝ ਮਾਮਲਿਆਂ ਦੇ ਫ਼ੈਸਲੇ ਰਾਹੀਂ ਸਿਧਾਂਤ ਤੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾ ਰਹੇ ਹਨ ਜਿਨਾਂ ’ਚੋਂ ਮੁੱਖ ਦਿਸ਼ਾ-ਨਿਰਦੇਸ਼ਾਂ ਦੀ ਜਾਣਕਾਰੀ ਸਾਂਝੀ ਕਰਨੀ ਜ਼ਰੂਰੀ ਹੈ।

ਸੁਪਰੀਮ ਕੋਰਟ ਵੱਲੋਂ ਸੰਨ 1976 ਵਿਚ ਬਾਲ ਚੰਦ ਜੈਨ ਦੇ ਕੇਸ ਵਿਚ ਇਹ ਸਪਸ਼ਟ ਕੀਤਾ ਗਿਆ ਸੀ ਕਿ ਦਫਾ 438 ਅਧੀਨ ਅਦਾਲਤਾਂ ਦੇ ਅਧਿਕਾਰ ਦਿਸ਼ਾ-ਨਿਰਦੇਸ਼ ਰਹਿਤ ਜਾਂ ਸੀਮਾ ਰਹਿਤ ਨਹੀਂ ਹਨ। ਵਿਸ਼ੇਸ਼ ਹਾਲਤਾਂ ਵਿਚ ਅਤੇ ਜੇਕਰ ਅਗੇਤੀ ਜ਼ਮਾਨਤ ਲਈ ਸਪਸ਼ਟ ਕੇਸ ਬਣੇ ਤਦ ਹੀ ਜ਼ਮਾਨਤ ਦੇਣੀ ਬਣਦੀ ਹੈ। ਇਸ ਤੋਂ ਬਾਅਦ ਸੰਨ 1980 ਵਿਚ ਪੰਜਾਬ ਦੇ ਸਾਬਕਾ ਮੰਤਰੀ ਗੁਰਬਖਸ਼ ਸਿੰਘ ਸਿਬੀਆ ਅਤੇ ਕੁਝ ਹੋਰ ਪਟੀਸ਼ਨਾਂ ਦੇ ਸਾਂਝੇ ਫ਼ੈਸਲੇ ਵਿਚ ਪੰਜ ਜੱਜਾਂ ਦੇ ਬੈਂਚ ਵੱਲੋਂ ਇਹ ਮਾਮਲਾ ਵਿਸਥਾਰਪੂਰਵਕ ਵਿਚਾਰਿਆ ਗਿਆ ਅਤੇ ਸਪਸ਼ਟ ਕੀਤਾ ਗਿਆ ਕਿ ਅਗੇਤੀ ਜ਼ਮਾਨਤ ਦੇਣ ਦਾ ਅਧਿਕਾਰ ਬਹੁਤ ਸੋਚ-ਵਿਚਾਰ ਕੇ, ਘੱਟ ਮਾਮਲਿਆਂ ਵਿਚ ਅਤੇ ਵਿਸ਼ੇਸ਼ ਹਾਲਤਾਂ ਵਿਚ ਵਰਤਿਆ ਜਾਣਾ ਚਾਹੀਦਾ ਹੈ। ਜੇ ਦੂਸ਼ਣਬਾਜ਼ੀ ਕਿਸੇ ਮੰਦਭਾਵਨਾ ਨਾਲ ਜਾਂ ਕਥਿਤ ਦੋਸ਼ੀ ਨੂੰ ਗ੍ਰਿਫ਼ਤਾਰ ਕਰਵਾ ਕੇ ਬਦਨਾਮ ਕਰਨ ਦੇ ਮੰਤਵ ਨਾਲ ਹੋਵੇ ਤਾਂ ਅਗੇਤੀ ਜ਼ਮਾਨਤ ਦਿੱਤੀ ਜਾ ਸਕਦੀ ਹੈ। ਅਗੇਤੀ ਜ਼ਮਾਨਤ ਕਿਸੇ ਦੀ ਆਜ਼ਾਦੀ ਨੂੰ ਸੁਰੱਖਿਅਤ ਰੱਖਣ ਦਾ ਇਕ ਸਾਧਨ ਹੈ। ਇਹ ਕਥਿਤ ਦੋਸ਼ੀ ਨੂੰ ਜੁਰਮ ਕਰਨ ਲਈ ਲਾਇਸੈਂਸ (ਆਗਿਆ) ਨਹੀਂ ਹੈ ਅਤੇ ਨਾ ਹੀ ਕੀਤੇ ਜੁਰਮ ਲਈ ਇਕ ਢਾਲ ਹੈ।

29 ਜਨਵਰੀ 2020 ਨੂੰ ਸੁਪਰੀਮ ਕੋਰਟ ਦੇ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਵੱਲੋਂ ਸੁਸ਼ੀਲਾ ਅਗਰਵਾਲ ਬਨਾਮ ਸਟੇਟ ਦੇ ਕੇਸ ਵਿਚ ਅਗੇਤੀ ਜ਼ਮਾਨਤ ਸਬੰਧੀ 78 ਪੰਨਿਆਂ ਦਾ ਵਿਸਥਾਰਪੂਰਵਕ ਫ਼ੈਸਲਾ ਦਿੱਤਾ ਗਿਆ ਹੈ। ਇਸ ਫ਼ੈਸਲੇ ਵਿਚ ਅਗੇਤੀ ਜ਼ਮਾਨਤ ਦੀ ਅਰਜ਼ੀ ਦੇ ਨਿਪਟਾਰੇ ਲਈ ਵਿਚਾਰਨ ਵਾਲੀਆਂ ਗੱਲਾਂ ਦਾ ਜ਼ਿਕਰ ਕੀਤਾ ਗਿਆ ਹੈ। ਦੱਸਿਆ ਗਿਆ ਹੈ ਕਿ ਅਗੇਤੀ ਜ਼ਮਾਨਤ ਲਈ ਦਿੱਤੀ ਅਰਜ਼ੀ ਵਿਚ ਸਪਸ਼ਟ ਅਤੇ ਜ਼ਰੂਰੀ ਤੱਥਾਂ ਦਾ ਵੇਰਵਾ ਹੋਣਾ ਚਾਹੀਦਾ ਹੈ।

ਬੇਨਤੀ ਕਰਤਾ ਨੂੰ ਗ੍ਰਿਫ਼ਤਾਰੀ ਦਾ ਖ਼ਦਸ਼ਾ ਕਿਉਂ ਹੈ? ਅਦਾਲਤ ਲਈ ਵੀ ਅਰਜ਼ੀ ਦੇ ਨਿਪਟਾਰੇ ਸਮੇਂ ਇਹ ਸਾਰੇ ਤੱਥ ਜਾਣਨੇ ਜ਼ਰੂਰੀ ਹਨ। ਅਦਾਲਤ ਨੂੰ ਜੁਰਮ ਦੀ ਕਿਸਮ, ਇਸ ਦੀ ਗੰਭੀਰਤਾ, ਮੁਲਜ਼ਮ ਵਿਰੁੱਧ ਲੱਗੇ ਇਲਜ਼ਾਮ ਅਤੇ ਕੇਸ ਦੇ ਸਾਰੇ ਤੱਥ ਵਿਚਾਰਨੇ ਚਾਹੀਦੇ ਹਨ। ਇਹ ਵੀ ਵੇਖਣਾ ਚਾਹੀਦਾ ਹੈ ਕਿ ਮੁਲਜ਼ਮ ਵੱਲੋਂ ਜਾਂਚ ਨੂੰ ਪ੍ਰਭਾਵਿਤ ਤਾਂ ਨਹੀਂ ਕੀਤਾ ਜਾਵੇਗਾ, ਸਬੂਤਾਂ ਨਾਲ ਛੇੜਛਾੜ ਤਾਂ ਨਹੀਂ ਕੀਤੀ ਜਾਵੇਗੀ। ਗਵਾਹਾਂ ਨੂੰ ਡਰਾਇਆ ਧਮਕਾਇਆ ਤਾਂ ਨਹੀਂ ਜਾਵੇਗਾ।

ਕਥਿਤ ਦੋਸ਼ੀ ਦੇਸ਼ ਛੱਡ ਕੇ ਤਾਂ ਨਹੀਂ ਚਲਾ ਜਾਵੇਗਾ। ਜ਼ਮਾਨਤ ਦੇਣ ਵੇਲੇ ਇਨਾਂ ਗੱਲਾਂ ਨੂੰ ਰੋਕਣ ਲਈ ਅਦਾਲਤ ਕੁਝ ਸ਼ਰਤਾਂ ਵੀ ਲਗਾ ਸਕਦੀ ਹੈ ਜਾਂ ਜ਼ਮਾਨਤ ਤੋਂ ਇਨਕਾਰ ਕੀਤਾ ਜਾ ਸਕਦਾ ਹੈ। ਅਗੇਤੀ ਜ਼ਮਾਨਤ ਦੇ ਬਾਵਜੂਦ ਪੁਲਿਸ ਦੇ ਤਫਤੀਸ਼ ਕਰਨ ਦੇ ਅਧਿਕਾਰ ’ਤੇ ਕੋਈ ਰੋਕ ਨਹੀਂ ਲੱਗਦੀ ਭਾਵ ਪੁਲਿਸ ਜਾਂਚ ਜਾਰੀ ਰੱਖ ਸਕਦੀ ਹੈ। ਸੁਪਰੀਮ ਕੋਰਟ ਵੱਲੋਂ ਹਾਲ ਦੀ ਘੜੀ ਸੁਮੇਧ ਸੈਣੀ ਦੀ ਗ੍ਰਿਫ਼ਤਾਰੀ ’ਤੇ ਰੋਕ ਲਗਾਈ ਗਈ ਹੈ। ਮਾਮਲੇ ਦੀ ਸੁਣਵਾਈ ਮੈਰਿਟ ਦੇ ਆਧਾਰ ’ਤੇ ਅਜੇ ਹੋਣੀ ਹੈ। ਗ੍ਰਿਫ਼ਤਾਰੀ ’ਤੇ ਰੋਕ ਲਗਾਉਣ ਦਾ ਕੋਈ ਸਪਸ਼ਟ ਕਾਰਨ ਨਹੀਂ ਦੱਸਿਆ ਗਿਆ। ਸ਼ਾਇਦ ਮਾਮਲਾ ਜ਼ਿਆਦਾ ਪੁਰਾਣਾ ਹੋਣ ਕਾਰਨ ਇਹ ਰੋਕ ਲਗਾਈ ਗਈ ਹੈ।

**(ਸਾਬਕਾ ਵਧੀਕ ਜ਼ਿਲਾ ਤੇ ਸੈਸ਼ਨਜ਼ ਜੱਜ)**
**ਮੋਬਾਈਲ ਨੰ. : 95924-00005**



## ਸੁਮੇਧ ਸੈਣੀ ਨੂੰ ਹਾਈਕੋਰਟ ਤੋਂ ਵੱਡੀ ਰਾਹਤ

**ਚੰਡੀਗੜ੍ਹ /ਏ.ਟੀ.ਨਿਊਜ਼:** ਸਾਬਕਾ ਡੀਜੀਪੀ ਸੁਮੇਧ ਸੈਣੀ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਨੇ ਵੱਡੀ ਰਾਹਤ ਦਿੱਤੀ ਹੈ। ਅਦਾਲਤ ਨੇ ਸੈਣੀ ਨੂੰ ਸਰਵਿਸ ਦੌਰਾਨ ਸਾਰੇ ਮਾਮਲਿਆਂ ਵਿੱਚ ਬਲੈਂਕੇਟ ਬੇਲ ਦੇ ਦਿੱਤੀ ਹੈ। ਇਸ ਨਾਲ ਉਸ ਤੋਂ ਗ੍ਰਿਫਤਾਰੀ ਦਾ ਖਤਰਾ ਟਲ ਗਿਆ ਹੈ। ਸੈਣੀ ਖਿਲਾਫ ਕਈ ਮਾਮਲੇ ਹਨ ਜਿਸ ਕਰਕੇ ਉਸ ਨੂੰ ਗ੍ਰਿਫਤਾਰੀ ਦਾ ਡਰ ਸੀ।

ਦਰਅਸਲ ਸੁਪਰੀਮ ਕੋਰਟ ਤੋਂ ਮੁਲਤਾਨੀ ਕੇਸ ਵਿੱਚ ਮਿਲੀ ਆਰਜ਼ੀ ਜ਼ਮਾਨਤ ਮਗਰੋਂ ਪੰਜਾਬ ਪੁਲਿਸ ਨੇ ਸੈਣੀ ਖਿਲਾਫ ਮੁੜ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਸੀ। ਮੁਹਾਲੀ ਪੁਲਿਸ ਨੇ ਸੇਵਾਮੁਕਤ ਆਈਏਐਸ ਅਫ਼ਸਰ ਦੇ ਪੁੱਤਰ ਤੇ ਸਿਟਕੋ ਦੇ ਜੂਨੀਅਰ ਇੰਜਨੀਅਰ (ਜੇਈ) ਬਲਵੰਤ ਸਿੰਘ ਮੁਲਤਾਨੀ ਨੂੰ ਅਗਵਾ ਤੇ ਲਾਪਤਾ ਕਰਨ ਦੇ ਕੇਸ ਵਿੱਚ ਸੈਣੀ ਤਲਬ ਕੀਤਾ ਸੀ। ਸੈਣੀ ਨੂੰ ਨੋਟਿਸ ਜਾਰੀ ਕਰਕੇ ਅੱਜ ਮਟੌਰ ਥਾਣੇ ਵਿੱਚ ‘ਸਿਟ’ ਸਾਹਮਣੇ ਪੇਸ਼ ਹੋਣ ਲਈ ਕਿਹਾ ਗਿਆ ਸੀ। ਯਾਦ ਰਹੇ ਸੈਣੀ ਖਿਲਾਫ ਤਿੰਨ ਦਹਾਕੇ ਪਹਿਲਾਂ ਮੁਲਤਾਨੀ ਨੂੰ ਅਗਵਾ ਕਰਨ ਮਗਰੋਂ ਭੇਤਭਰੀ ਹਾਲਤ ਵਿੱਚ ਲਾਪਤਾ ਕਰਨ ਜਿਹੇ ਗੰਭੀਰ ਦੋਸ਼ਾਂ ਤਹਿਤ ਕੇਸ ਚੱਲ ਰਿਹਾ ਹੈ। ਪੁਲਿਸ ਸੈਣੀ ਦੀ ਗ੍ਰਿਫਤਾਰੀ ਚਾਹੁੰਦੀ ਸੀ ਪਰ ਸੁਪਰੀਮ ਕੋਰਟ ਨੇ ਸਾਬਕਾ ਡੀਜੀਪੀ ਨੂੰ ਆਰਜ਼ੀ ਰਾਹਤ ਦੇ ਦਿੱਤੀ ਸੀ। ਅਦਾਲਤ ਨੇ ਸੈਣੀ ਨੂੰ ਜਾਂਚ ਵਿੱਚ ਸ਼ਾਮਲ ਹੋਣ ਦੇ ਆਦੇਸ਼ ਦਿੱਤੇ ਸੀ। ਇਸ ਲਈ ਸੈਣੀ ਨੂੰ ਖਤਰਾ ਸੀ ਕਿ ਉਨ੍ਹਾਂ ਦੀ ਕਿਸੇ ਹੋਰ ਕੇਸ ਵਿੱਚ ਗ੍ਰਿਫਤਾਰੀ ਹੋ ਸਕਦੀ ਹੈ।

CAPITAL ACCOUNTING AND TAX SERVICES



KULDEEP SINGH KANG
SEWA SINGH BHINDER
HELPING PEOPLE FOR THEIR TRUCKING
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀ
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

TRUCKING SERVICES AVAILABLE
IRP License Plates
•IFTA-Fuel Tax Returns
•MC (CC) Authority US DOT #
•UCR Permits, BOC-3 Filing
•CA#, MCP, EPN Enrollment
•BIT-Enrolment
•NM Permit, KYU#, NY HUT Permit
•Oregon Permit, Oregon Bonds
•Highway Use Tax (2290)
•Trailer Plates, Title Transfer
•Tax Exemption

BUSINESS SERVICES AVAILABLE
Tax Services: Individual, Small Business
Computerized Accounting
Financial Statement
Monthly Sales Tax Reports
Payroll Services

PH: 5306695780 FAX: 5306695775
CELL:530-908-9386 CELL:530-405-6020
ਇਹ ਦਫ਼ਤਰ ਡੀ.ਐਮ. ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 EAST STREET, SUITE 110 WOODLAND, CA 95776

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




## FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

TA TRUCK SERVICE
MORE: BAYS. EXPERTISE. SOLUTIONS.

## FUEL MANAGEMENT

DAILY FUEL RATES IN PHONE APP

CALL FOR MORE INFO

**(855)641-6955, (888)795-7035**

# ਕੋਈ ਦਰਦੀ ਦਿਖਦਾ ਨਾ...

## (ਖੇਤੀ ਬਿੱਲਾਂ ਦੇ ਸੰਦਰਭ 'ਚ)

**ਮਨਜਿੰਦਰ ਸਿੰਘ ਸਰੌਦ**
9463463136

ਪੰਜ ਦਰਿਆਵਾਂ ਦੀ ਧਰਤੀ ਤੇ ਕਿਸਾਨੀ ਨਾਲ ਸਬੰਧਤ ਦਰਪੇਸ਼ ਔਂਕੜਾਂ ਦਾ ਅੰਤ ਹੁੰਦਾ ਵਿਖਾਈ ਨਹੀਂ ਦੇ ਰਿਹਾ, ਹਰ ਰੋਜ਼ ਪੰਜਾਬ ਦਾ ਕਿਸਾਨ ਪਰਨਾ ਮੋਢੇ ਤੇ ਰੱਖ ਕੇ ਕਿਸਾਨੀ ਮੋਰਚਿਆਂ ਦਾ ਹਿੱਸਾ ਬਣਿਆ ਅਕਸਰ ਵੇਖਣ ਨੂੰ ਮਿਲ ਜਾਂਦਾ ਹੈ। ਇਸ ਨੂੰ ਕਿਸਾਨਾਂ ਦੀ ਬਦਕਿਸਮਤੀ ਆਖੀਏ ਜਾਂ ਸਮੇਂ ਦਾ ਚੱਕਰਵਿਊ ਜਿਸ ਦੇ ਵਿੱਚੋਂ ਕਿਸਾਨ ਨੂੰ ਨਿਕਲਣਾ ਮੁਸ਼ਕਿਲ ਹੋ ਰਿਹਾ ਹੈ। ਕਿਸਾਨਾਂ ਦੇ ਪਰਿਵਾਰਾਂ ਦੀ ਹਾਲਤ ਬਦ ਤੋਂ ਬਦਤਰ ਹੋ ਰਹੀ ਹੈ ਜਿਸ ਧਰਤੀ ਤੇ ਅਣਮੰਨੇ ਮਨ ਨਾਲ ਬੀਜੀਆਂ ਫ਼ਸਲਾਂ ਦੇ ਖੇਤ ਲਹਿਰਾ ਲਹਿਰਾਉਂਦੇ ਹੋਣ, ਉੱਥੇ ਹੁਣ ਬੀਤੇ ਸਮੇਂ ਤੋਂ ਖੁਦਕੁਸ਼ੀਆਂ ਦੀ ਖੇਤੀ ਨੇ ਵੀ ਜ਼ੋਰ ਫੜ ਲਿਆ ਹੈ। ਕਿਸਾਨ ਦਾ ਪੁੱਤ ਜੋਬਨ ਰੁੱਤੇ ਇਸ ਦੁਨੀਆਂ ਨੂੰ ਛੱਡ ਕੇ ਜਾ ਰਿਹਾ ਹੈ, ਪਰ ਅਫ਼ਸੋਸ ਕੋਈ ਵੀ ਇਨਾਂ ਕਾਰਨਾਂ ਨੂੰ ਸਮਝਣ ਦੇ ਲਈ ਅੱਗੇ ਨਹੀਂ ਆ ਰਿਹਾ। ਸ਼ਾਇਦ ਸਾਡੇ ਹਾਕਮ ਅਜੇ ਸਿਆਸਤ ਦੇ ਪਲੰਘ 'ਤੇ ਬਿਰਾਜਮਾਨ ਹੋ ਕੇ ਕਿਸਾਨੀ ਦੇ ਨਾਂ 'ਤੇ ਹੋਰ ਲੰਬਾ ਸਮਾ ਰਾਜ ਭਾਗ ਹੰਢਾਉਣ ਵਿੱਚ ਮਸਰੂਫ਼ ਹਨ । ਕਦੇ-ਕਦੇ ਇੰਝ ਮਹਿਸੂਸ ਹੁੰਦੈ ਜਿਵੇਂ ਉਨਾਂ ਨੂੰ ਇਹ ਗੱਲ ਭੁੱਲ ਗਈ ਹੋਵੇ ਕਿ ਜੇਕਰ ਕਿਸਾਨ ਹੀ ਨਾ ਰਿਹਾ ਤਾਂ ਉਹ ਰਾਜ ਕਿਹੜੀ ਦੁਨੀਆਂ ਦੇ ਲੋਕਾਂ 'ਤੇ ਕਰਨਗੇ ।

ਇਸੇ ਸੰਦਰਭ 'ਚ ਕੇਂਦਰੀ ਹਕੂਮਤ ਵੱਲੋਂ ਬੀਤੇ ਕੱਲ ਦੇਸ਼ ਦੀ ਪਾਰਲੀਮੈਂਟ ਅੰਦਰ ਕਿਸਾਨੀ ਨਾਲ ਸਬੰਧਤ ਤਿੰਨ ਬਿੱਲਾਂ ਨੂੰ ਭਾਰੀ ਵਿਰੋਧ ਦੇ ਬਾਵਜੂਦ ਪੇਸ਼ ਕਰਕੇ ਪ੍ਰਵਾਨਗੀ ਦਾ ਰਾਹ ਪੱਧਰਾ ਕਰ ਲਿਆ ਹੈ, ਜਿਸ ਤੋਂ ਇਕ ਗੱਲ ਸਾਫ ਹੋ ਚੁੱਕੀ ਹੈ ਕਿ ਹੁਣ ਆਉਂਦੇ ਦਿਨਾਂ ਨੂੰ ਪੰਜਾਬ ਦੀ ਕਿਸਾਨੀ ਦੀ ਸੰਘੀ ਵਪਾਰੀ ਵਰਗ ਦੇ ਹੱਥ ਵਿੱਚ ਦੇਣ ਦੀ ਕਵਾਇਦ ਸ਼ੁਰੂ ਹੋ ਜਾਵੇਗੀ। ਭਾਵੇਂ ਕਿ ਪੰਜਾਬ ਦੀ ਕਾਂਗਰਸ ਸਰਕਾਰ ਨੇ ਇਨਾਂ ਬਿੱਲਾਂ ਨੂੰ ਪੰਜਾਬ ਵਿਧਾਨ ਸਭਾ ਅੰਦਰ ਰੱਦ ਕਰਕੇ ਆਪਣੇ ਕਿਸਾਨ ਹਿਤੈਸ਼ੀ ਹੋਣ ਦਾ ਸਬੂਤ ਦੇਣ ਦਾ ਯਤਨ ਕੀਤਾ ਸੀ ਅਤੇ ਉੱਥੇ ਹੀ ਕਿਸਾਨ ਯੂਨੀਅਨ ਦੇ ਲੱਕ ਤੋੜਵੇਂ ਸੰਘਰਸ਼ ਤੋਂ ਬਾਅਦ ਵੀ ਕੇਂਦਰ ਸਰਕਾਰ ਟੱਸ ਤੋਂ ਮੱਸ ਨਹੀਂ ਹੋ ਰਹੀ। ਪੰਜਾਬ ਦੇ ਪਿੰਡਾਂ ਅੰਦਰ ਖੇਤੀ ਬਿਲਾਂ ਨੂੰ ਲੈ ਕੇ ਚਿੰਤਾ ਦੀਆਂ ਪੰਡਾਂ ਚੁੱਕੀ ਫਿਰਦੇ ਸੰਘਰਸ਼ ਦੇ ਰਾਹ ਪਏ ਬਜ਼ੁਰਗ ਕਿਸਾਨਾਂ ਦੇ ਚਿਹਰਿਆਂ 'ਤੇ ਉਦਾਸੀ ਦਾ ਆਲਮ ਵਿਖਾਈ ਦੇ ਰਿਹਾ ਹੈ ।

ਕੇਂਦਰ ਸਰਕਾਰ ਦੇ ਇਸ ਵਰਤਾਰੇ ਤੋਂ ਕਿਸਾਨ ਭਾਵੁਕ ਹੋ ਕੇ ਆਖਦੇ ਨੇ ਕਿ ਹੁਣ ਉਨਾਂ ਦੇ ਪਰਿਵਾਰਾਂ ਦਾ ਗੁਜ਼ਾਰਾ ਕਿਵੇਂ ਹੋਵੇਗਾ ਅਤੇ ਬੈਂਕਾਂ ਵੱਲੋਂ ਕਿਸਾਨਾਂ ਵੱਲ ਖੜੇ ਲੱਖਾਂ ਰੁਪਏ ਕਿੰਝ ਮੁੜਨਗੇ, ਉਨਾਂ ਵੱਲੋਂ ਆਪਣੀ ਹੱਡ ਭੰਨਵੀਂ ਮਿਹਨਤ ਨਾਲ ਕਮਾਈ ਜਾਇਦਾਦ ਵੀ ਉਨਾਂ ਦੇ ਪੱਲੇ ਰਹੇਗੀ ਜਾਂ ਨਹੀਂ ਇਹ ਵੀ ਨਹੀਂ ਪਤਾ, ਸ਼ਾਇਦ ਬਹੁਤੇ ਕਿਸਾਨਾਂ ਦੇ ਚੁੱਲੇ ਕੇਂਦਰੀ ਹਕੂਮਤ ਦੇ ਇਸ ਕਦਮ ਨਾਲ ਸਦਾ ਲਈ ਬੁਝ ਜਾਣਗੇ, ਇਨਾਂ ਸ਼ੰਕਿਆਂ ਨਾਲ ਅੱਜ ਪੰਜਾਬ ਦੇ ਕਿਸਾਨ ਦੀ ਨੀਂਦ 'ਖੁੰਝ' ਚੁੱਕੀ ਨਜ਼ਰ ਆਉਂਦੀ ਹੈ। ਭਾਵੇਂ ਇਨਾਂ ਤਿੰਨ ਖੇਤੀ ਬਿੱਲਾਂ ਦੀਆਂ ਅਸਲ ਮੱਦਾਂ ਦੀ ਜਾਣਕਾਰੀ ਬਜ਼ੁਰਗ ਕਿਸਾਨਾਂ ਨੂੰ ਘੱਟ ਜ਼ਰੂਰ ਹੈ ਪਰ ਉਨਾਂ ਵੱਲੋਂ ਸੰਘਰਸ਼ ਦਾ ਬਿਗਲ ਵਜਾਉਂਦਿਆਂ ਆਪਣੇ ਹੱਕਾਂ 'ਤੇ ਦਾਅਵਾ ਜਰੂਰ ਜਤਾਇਆ ਜਾ ਰਿਹਾ ਹੈ । ਉੱਥੇ ਹੀ ਹੈਰਾਨੀ ਹੁੰਦੀ ਹੈ ਕਿ ਜਿਸ ਨੌਜਵਾਨੀ ਨੇ ਖੇਤੀ ਨੂੰ ਤਬਾਹ ਕਰਨ 'ਤੇ ਤੁਲ ਚੁੱਕੀ ਕੇਂਦਰੀ ਹਕੂਮਤ ਦੇ ਇਨਾਂ ਹੁਕਮਾਂ ਦਾ ਵਿਰੋਧ ਕਰਨਾ ਸੀ ਉਨਾਂ ਨੂੰ ਅੱਜ ਫੁਕਰਾਪੰਥੀ, ਕਲਾਕਾਰਾਂ ਦੀਆਂ ਮਾਰੀਆਂ 'ਯਬਲੀਆਂ' ਖਾਤਰ ਇੱਕ ਦੂਜੇ ਨਾਲ ਲੜਨ ਤੋਂ ਹੀ ਵਿਹਲ ਨਹੀਂ ਮਿਲ ਰਹੀ।

ਜਦ ਇੱਕ ਪਾਸੇ ਨੌਜਵਾਨੀ ਇਸ ਅਨੋਖੀ ਲੜਾਈ ਵਿੱਚ ਮਗਨ ਹੈ ਤਾਂ ਦੂਜੇ ਪਾਸੇ ਉਸ ਦੇ ਸੁਨਹਿਰੀ ਬਾਗ ਨੂੰ ਵਪਾਰੀਆਂ ਵੱਲੋਂ ਲੁੱਟਣ ਦੀਆਂ ਵਿਉਂਤਾਂ ਬਣਾਈਆਂ ਜਾ ਰਹੀਆਂ ਹਨ ਜਿਸ ਤੋਂ ਨੌਜਵਾਨ ਵਰਗ ਬੇਫ਼ਿਕਰ ਜਾਪਦਾ ਹੈ। ਇਸ ਬੇਹੱਦ ਗੰਭੀਰ ਮੁੱਦੇ ਤੇ ਅਕਾਲੀ ਦਲ ਨੂੰ ਕੋਸ ਰਹੇ ਪਿੰਡਾਂ ਦੀਆਂ ਸੱਥਾਂ ਵਿੱਚ ਬੈਠੇ ਪੁਰਾਣੇ ਟਕਸਾਲੀ ਅਕਾਲੀ ਬਜ਼ੁਰਗ ਵੀ ਇਹ ਕਹਿਣ ਤੋਂ ਝਿਜਕ ਮਹਿਸੂਸ ਨਹੀਂ ਕਰਦੇ ਕਿ ਉਨਾਂ ਨੇ ਆਪਣੀ ਜ਼ਿੰਦਗੀ ਦੇ ਤਿੰਨ ਦਹਾਕੇ ਅਕਾਲੀ ਦਲ ਦੇ ਕਹਿਣ ਤੇ ਬੀ.ਜੇ.ਪੀ. ਦੀ ਝੋਲੀ ਵਿੱਚ ਪਾ ਦਿੱਤੇ ਪਰ ਇਸ ਦੇ ਬਦਲੇ ਜੋ 'ਮੁੱਲ' ਕਿਸਾਨਾਂ ਨੂੰ ਹੁਣ ਖੇਤੀ ਬਿਲਾਂ ਰਾਹੀਂ ਦਿੱਤਾ ਜਾ ਰਿਹਾ ਹੈ ਉਸ ਦੇ ਨਾਲ ਕਿਸਾਨੀ ਦੀ ਹੋਂਦ ਹੀ ਖਤਮ ਹੋ ਜਾਵੇਗੀ। ਕਈ ਬਜ਼ੁਰਗ ਆਖਦੇ ਨੇ ਕਿ ਲਿਆਓ ਹੁਣ ਉਸ ਬਾਬੇ ਬਾਦਲ ਨੂੰ ਜਿਸ ਨੇ ਅੱਧੀ ਉਮਰ 'ਭਾਜਪਾ ਨੂੰ ਬਿਨਾਂ ਸ਼ਰਤ ਹਮਾਇਤ' ਦਾ ਰਾਗ ਅਲਾਪਦਿਆਂ ਕੱਢ ਦਿੱਤੀ।

ਬਜ਼ੁਰਗ ਕਿਸਾਨ ਸਰਕਾਰ ਦੇ ਇਸ 'ਅਲਜਬਰੇ' ਨੂੰ ਜ਼ਰੂਰ ਸਮਝ ਚੁੱਕੇ ਹਨ ਕਿ ਫਸਲਾਂ ਦੇ ਸਮਰਥਨ ਮੁੱਲ ਨੂੰ ਖ਼ਤਮ ਕਰਨ ਤੋਂ ਬਾਅਦ ਉਨਾਂ ਦੀ ਫ਼ਸਲ ਸਮਰਥਨ ਮੁੱਲ ਤੋਂ ਜ਼ਿਆਦਾ ਕਿਵੇਂ ਵਿਕੇਗੀ ਕਿਉਂਕਿ ਜੇਕਰ ਵਪਾਰੀ ਦੇਸ਼ ਦੇ ਹੋਰਨਾਂ ਸੂਬਿਆਂ ਵਿੱਚੋਂ (ਜਿੱਥੇ ਸਮਰਥਨ ਮੁੱਲ ਲਾਗੂ ਨਹੀਂ ਹੈ) ਉਥੋਂ ਫ਼ਸਲ ਦੀ ਖ਼ਰੀਦ ਸਿਰਫ 800 ਜਾਂ ਉਸ ਤੋਂ ਕੁਝ ਜ਼ਿਆਦਾ 1200 ਰੁਪਏ ਵਿੱਚ, ਭਾਵ ਸਮਰਥਨ ਮੁੱਲ ਤੋਂ ਅੱਧੇ ਰੇਟ ਵਿੱਚ ਕਰਦਾ ਹੈ ਤਾਂ ਉਹ ਪੰਜਾਬ ਦੀ ਫ਼ਸਲ ਸਮਰਥਨ ਮੁੱਲ ਤੋਂ ਉਪਰ ਕਿਉਂ ਖਰੀਦੇਗਾ। 'ਜਦੋਂ ਸਰਕਾਰਾਂ ਨੂੰ ਸਾਡੀ ਲੋੜ ਸੀ ਉਦੋਂ ਸਾਨੂੰ ਵਰਤ ਲਿਆ' ਵਰਗੇ ਨਾਅਰਿਆਂ ਨਾਲ ਭਰੀਆਂ ਤਖਤੀਆਂ ਆਪਣੇ ਮੋਢਿਆਂ 'ਤੇ ਰੱਖੀ ਕੇਂਦਰ ਨਾਲ ਆਰ-ਪਾਰ ਦੀ ਲੜਾਈ ਵਿੱਚ ਕੁੱਦੇ ਬਜ਼ੁਰਗ ਕਿਸਾਨ ਕਿਸੇ ਆਉਣ ਵਾਲੇ ਅਣ ਕਿਆਸੇ ਖ਼ੌਫ਼ ਦੇ ਨਾਲ 'ਸਿੱਝਣ' ਦੇ ਲਈ ਉਦਾਸ ਹੋਏ ਚਿਹਰਿਆਂ ਦੇ ਬਾਵਜੂਦ ਆਪਣੇ ਹੱਕਾਂ ਲਈ ਸੜਕਾਂ ਤੇ ਨਿਕਲ ਚੁੱਕੇ ਨਜ਼ਰੀ ਪੈਂਦੇ ਹਨ ।

# ਫਿਲਮਾਂ 'ਚ ਰਾਜਨੀਤੀ ਤੇ ਗੋਦੀ ਮੀਡੀਆ ਬਨਾਮ ਸ਼ੋਸ਼ਲ ਮੀਡੀਆ

**- ਰਜਿੰਦਰ ਸਿੰਘ**

ਲੋਕ ਝੂਠ ਨਹੀਂ ਬੋਲਦੇ ਕਿ ਫਿਲਮਾਂ ਵਿੱਚ ਰਾਜਨੀਤੀ ਤੋਂ ਵਧੇਰੇ ਚਮਕ ਦਮਕ ਹੁੰਦੀ ਹੈ, ਪਰ ਇਸ ਚਮਕ ਦਮਕ ਦੀ ਦੁਨੀਆ ਵਿਚ ਗੋਦੀ ਮੀਡੀਆ ਤੇ ਸੋਸ਼ਲ ਮੀਡੀਆ ਦੀ ਸ਼ਮੂਲੀਅਤ ਕਾਰਣ ਬੇਹਦ ਵਾਧਾ ਹੋਇਆ ਹੈ। ਇਸ ਚਮਕ ਦਮਕ ਦੀ ਦੁਨੀਆ ਦਾ ਨਤੀਜਾ ਹੈ ਕਿ ਭਾਜਪਾ ਰਾਜਨੀਤਕ ਤੌਰ ਤੇ ਫਿਲਮੀ ਦੁਨੀਆਂ ਦੇ ਕਲਾਕਾਰਾਂ ਦੇ ਮੋਹ ਦੇ ਚਕਰਵਿਊ ਵਿਚ ਫਸ ਰਹੀ ਹੈ। ਹਾਲਾਂ ਕਿ ਭਾਰਤ ਵਿਚ ਕਰੋਨਾ ਕਾਰਣ ਵਧੇਰੇ ਗੰਭੀਰ ਮੁੱਦੇ ਤੇ ਸਮਸਿਆਵਾਂ ਹਨ, ਜਿਨਾਂ 'ਤੇ ਵਿਚਾਰ-ਵਟਾਂਦਰੇ ਕਰਨ ਦੀ ਲੋੜ ਹੈ। ਪਰ ਅਸਲ ਵਿਚ ਜਨਤਾ ਗੰਭੀਰ ਮੁੱਦਿਆਂ 'ਤੇ ਵਿਚਾਰ ਵਟਾਂਦਰੇ ਨਹੀਂ ਕਰਨਾ ਚਾਹੁੰਦੀ, ਇਸ ਲਈ ਗੋਦੀ ਤੇ ਸੋਸ਼ਲ ਮੀਡੀਆ ਨੇ ਹੁਣ ਇਸ ਮੁਦੇ ਨੂੰ ਭਾਰਤ ਦਾ ਅਹਿਮ ਮੁਦਾ ਬਣਾ ਲਿਆ ਹੈ। ਬੀਤੇ ਹਫਤੇ 10 ਸਤੰਬਰ ਨੂੰ, ਹਰਿਆਣਾ ਦੇ ਪਿਪਲੀ ਵਿੱਚ ਕਿਸਾਨਾਂ ਨੂੰ ਕੁੱਟਿਆ ਗਿਆ, ਪਰ ਇਲੈਕਟ੍ਰਾਨਿਕ ਮੀਡੀਆ ਵਿਚ ਇਸ ਖ਼ਬਰ ਦਾ ਭੋਗ ਤਕ ਨਹੀਂ ਪਾਇਆ ਗਿਆ। ਪੂਰੀ ਦੀ ਪੂਰੀ ਘਟਨਾ ਅਲੋਪ ਕਰ ਦਿਤੀ ਗਈ। ਅਰਨਬ ਅਤੇ ਅੰਜਨਾ ਓਮ ਕਸ਼ਯਪ ਗੈਂਗ ਚਾਹੁੰਦਾ ਸੀ ਕਿ ਦੋ ਦਿਨਾਂ ਵਿੱਚ ਸੁਸ਼ਾਂਤ ਕੇਸ ਵਿੱਚ ਫੈਸਲਾ ਹੋ ਜਾਵੇ। ਅਤੇ ਰੀਆ ਚਕਰਾਵਰਤੀ ਨੂੰ ਮੌਤ ਦੀ ਸਜ਼ਾ ਹੋਵੇ।

ਉਹ ਇਹ ਵੀ ਚਾਹੁੰਦੇ ਹਨ ਕਿ ਕੰਗਨਾ ਨੂੰ ਉਦੋਂ ਹੀ ਨਿਆਂ ਮਿਲੇਗਾ, ਜਦੋਂ ਊਧਵ ਠਾਕਰੇ ਦੀ ਸਰਕਾਰ ਖਾਰਜ ਕਰ ਦਿਤੀ ਜਾਵੇਗੀ।

ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਦੀ 14 ਜੂਨ ਦੌਰਾਨ ਆਪਣੇ ਮੁੰਬਈ ਘਰ ਵਿੱਚ ਮੌਤ ਹੋ ਗਈ। ਜਦੋਂ ਹਾਕਮ ਧਿਰ ਨੇ ਮਹਿਸੂਸ ਕੀਤਾ ਕਿ ਬਿਹਾਰ ਚੋਣਾਂ ਤਕ ਇਸ ਨੂੰ ਮੁੱਦਾ ਬਣਾਇਆ ਜਾ ਸਕਦਾ ਹੈ ਤਾਂ ਇਸ ਦਾ ਇਸ਼ਾਰਾ ਕਰ ਦਿਤਾ ਗਿਆ। ਇਸ ਤੋਂ ਬਾਅਦ, ਕਹਾਣੀ ਦੇ ਪਾਤਰ ਬਦਲਦੇ ਗਏ। ਉਹ ਜੋ ਕੰਗਨਾ ਰਣੌਤ ਦੀਆਂ ਗਤੀਵਿਧੀਆਂ ਤੋਂ ਜਾਣੂ ਹੋਣਗੇ ਉਹ ਯਾਦ ਰੱਖਣਗੇ ਕਿ ਸੁਸ਼ਾਂਤ ਦੀ ਮੌਤ ਨੂੰ ਕਤਲ ਦੱਸਣ ਵਾਲੀ ਕੰਗਨਾ ਪਹਿਲੀ ਸ਼ਖਸ ਸੀ, ਇਸ ਦੀ ਆੜ ਵਿਚ ਕੰਗਨਾ ਨੇ ਬਾਲੀਵੁੱਡ ਤੋਂ ਬਦਲਾ ਲੈਣਾ ਸ਼ੁਰੂ ਕੀਤਾ। ਕੁਈਨ ਫਿਲਮ ਦੀ ਅਦਾਕਾਰਾ ਆਈ ਟੀ ਸੈੱਲ ਰਾਹੀਂ ਝਾਂਸੀ ਦੀ ਰਾਣੀ ਵਜੋਂ ਪੇਸ਼ ਕੀਤੀ ਗਈ।

ਕੰਗਨਾ ਨੇ ਟਵੀਟ ਕੀਤਾ ਹੈ ਕਿ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੂੰ ਮੇਰੇ ਤੋਂ ਸਿਰਫ਼ ਇਸ ਲਈ ਸਮੱਸਿਆ ਹੈ, ਕਿਉਂਕਿ ਮੈਂ ਸਿਨੇਮਾ ਮਾਫੀਆ ਨਾਲ ਜੁੜੇ ਅਜਿਹੇ ਲੋਕਾਂ ਦਾ ਪਰਦਾਫਾਸ਼ ਕੀਤਾ ਹੈ ਜਿਹੜੇ ਸੁਸ਼ਾਂਤ ਦੀ ਹੱਤਿਆ ਅਤੇ ਡਰੱਗ ਰੈਕੇਟ ਵਿਚ ਸ਼ਾਮਲ ਰਹੇ ਹਨ। ਮੁੱਖ ਮੰਤਰੀ ਦੇ ਪੁੱਤਰ ਆਦਿੱਤਿਆ ਇਨੀਂ ਲੋਕਾਂ ਨਾਲ ਪਾਰਟੀਆਂ ਮਨਾਉਂਦੇ ਹਨ। ਇਹੀ ਮੇਰਾ ਸਭ ਤੋਂ ਵੱਡਾ ਅਪਰਾਧ ਹੈ। ਇਸ ਲਈ ਉਹ ਮੈਨੂੰ ਫਸਾਉਣਾ ਚਾਹੁੰਦੇ ਹਨ। ਠੀਕ ਹੈ, ਕੋਸ਼ਿਸ਼ ਕਰਦੇ ਰਹੋ। ਦੇਖਦੇ ਹਾਂ, ਕੌਣ, ਕਿਸ ਨੂੰ ਫਸਾ ਪਾਉਂਦਾ ਹੈ।

ਦੂਸਰੇ ਪਾਸੇ ਸੋਸ਼ਲ ਮੀਡੀਆ ਨੇ ਦਸ ਦਿੱਤਾ ਕਿ ਸਰਕਾਰ ਨੇ ਇੱਕ ਰਣਨੀਤੀ ਤਹਿਤ ਝਾਂਸੀ ਦੀ ਫਿਲਮ ਰਾਣੀ ਦੀ ਨਾਇਕਾ ਕੰਗਨਾ ਨੂੰ ਵਾਈ ਸ਼੍ਰੇਣੀ ਦੀ ਸੁਰੱਖਿਆ ਦਿੱਤੀ ਹੈ ਅਤੇ ਜਲਦੀ ਹੀ ਸੱਚਾਈ ਉਸ ਵੇਲੇ ਸਾਹਮਣੇ ਆ ਗਈ ਜਦੋਂ ਕੰਗਣਾ ਨੇ ਇੱਕ ਰਣਨੀਤੀ ਤਹਿਤ ਸ਼ਿਵ ਸੈਨਾ ਅਤੇ ਖ਼ਾਸ ਕਰਕੇ ਊਧਵ ਠਾਕਰੇ ਖਿਲਾਫ ਬੋਲਣਾ ਸ਼ੁਰੂ ਕਰ ਦਿੱਤਾ। 10 ਸਤੰਬਰ ਨੂੰ, ਕੰਗਨਾ ਨੇ ਊਧਵ ਲਈ ਵਾਈ ਸੁਰੱਖਿਆ ਮਿਲਣ ਤੋਂ ਬਾਅਦ ਘਟੀਆ ਸ਼ਬਦਾਵਲੀ ਵਰਤੀ। ਸੋਸ਼ਲ ਮੀਡੀਆ ਨੇ ਜਾਣਕਾਰੀ ਦਿੱਤੀ ਕਿ ਦੇਸ਼ ਵਿਚ ਕੋਰੋਨਾ ਤੋਂ ਲੋਕ ਮਰ ਰਹੇ ਹਨ। ਹਸਪਤਾਲਾਂ ਵਿਚ ਕੋਈ ਇਲਾਜ਼ ਨਹੀਂ ਹੈ ਅਤੇ ਸਰਕਾਰ ਇਕ ਅਭਿਨੇਤਰੀ ਦੀ ਸੁਰੱਖਿਆ 'ਤੇ ਕਰੋੜਾਂ ਰੁਪਏ ਖਰਚ ਕਰ ਰਹੀ ਹੈ।

ਗੋਦੀ ਮੀਡੀਆ ਅਤੇ ਪੂੰਜੀਵਾਦੀ ਅਖਬਾਰਾਂ ਨੇ ਦੇਸ਼ ਦੇ ਲੋਕਾਂ ਨੂੰ ਇਹ ਨਹੀਂ ਦੱਸਿਆ ਕਿ ਕੇਂਦਰੀ ਜਾਂਚ ਏਜੰਸੀਆਂ, ਸੀਬੀਆਈ, ਈਡੀ ਤੇ ਐਨਸੀਬੀ (ਨਾਰਕੋਟਿਕਸ ਕੰਟਰੋਲ ਬਿਊਰੋ) ਜੋ ਸੁਸ਼ਾਂਤ ਦੇ ਕਤਲ ਜਾਂ ਖੁਦਕੁਸ਼ੀ ਦੀ ਜਾਂਚ ਵਿਚ ਸ਼ਾਮਲ ਸਨ, ਨੇ ਇਸ ਮਾਮਲੇ ਵਿਚ ਕੁਝ ਵੀ ਸਾਬਤ ਨਹੀਂ ਕੀਤਾ। ਐਨਸੀਬੀ ਨੇ ਡਰਗ ਦੇ ਦੋਸ਼ ਵਿਚ ਰਿਆ ਚੱਕਰਵਰਤੀ ਤੇ ਉਸ ਦੇ ਭਰਾ ਅਤੇ ਭਰਾ ਦੇ ਦੋਸਤ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਇਸ ਮਾਮਲੇ ਵਿਚ ਐਨਸੀਬੀ ਨੇ ਉਨਾਂ ਦੇ ਘਰਾਂ ਤੋਂ ਕੋਈ ਰਿਕਵਰੀ ਨਹੀਂ ਕੀਤੀ ਹੈ ਤੇ ਇਸੇ ਤਰਾਂ 15 ਕਰੋੜ ਦੀ ਅਦਾਇਗੀ ਹੜੱਪਣ ਦਾ ਮਾਮਲਾ ਝੂਠਾ ਨਿਕਲਿਆ। ਸੋਸ਼ਲ ਮੀਡੀਆ ਨੇ ਸੁਤੰਤਰ ਪੱਤਰਕਾਰਾਂ ਅਤੇ ਛੋਟੇ ਨਿਊਜ਼ ਪੋਰਟਲ ਦੀ ਮਦਦ ਨਾਲ ਦੱਸਿਆ ਕਿ ਕਿਵੇਂ ਦੇਸ਼ ਦੀ ਸੱਤਾਧਾਰੀ ਸਰਕਾਰ ਸੁਸ਼ਾਂਤ ਦੀ ਦੁਖਾਂਤਕ ਮੌਤ ਦੇ ਅਧਾਰ ਤੇ ਬਿਹਾਰ ਚੋਣਾਂ ਜਿੱਤਣ ਲਈ ਸਾਰੀਆਂ ਚਾਲਾਂ ਕਰ ਰਹੀ ਹੈ। ਇਹ ਸੋਸ਼ਲ ਮੀਡੀਆ ਸੀ, ਜਿਸ ਵਿਚ ਦੱਸਿਆ ਗਿਆ ਸੀ ਕਿ ਦੇਸ਼ ਦੇ ਜਾਅਲੀ ਰਾਸ਼ਟਰਵਾਦੀ ਐਂਕਰ ਅਰਨਬ ਗੋਸਵਾਮੀ, ਨਵਿਕਾ ਕੁਮਾਰ, ਰੁਬੀਨਾ ਲਿਆਕਤ, ਅੰਜਨਾ ਓਮ ਕਸ਼ਯਪ, ਦੀਪਕ ਚੌਰਸੀਆ, ਰੋਹਿਤ ਸਰਦਾਨਾ, ਅਮੀਸ਼ ਦੇਵਗਨ



ਆਦਿ ਕੰਗਨਾ ਦੇ ਦਫਤਰ ਨੂੰ ਤੋੜਨ ਦੇ ਤਰੀਕੇ ਦਾ ਮਜ਼ਾਕ ਉਡਾ ਰਹੇ ਹਨ। ਜਦੋਂ ਜਾਮੀਆ ਦੀ ਲਾਇਬ੍ਰੇਰੀ ਵਿੱਚ ਦਾਖਲ ਹੁੰਦੇ ਹੋਏ ਕੁਝ ਗੁੰਡਿਆਂ ਨੇ ਜੇ.ਐੱਨ.ਯੂ. ਏ.ਐੱਮ.ਯੂ.) ਦੇ ਹੋਸਟਲਾਂ ਅਤੇ ਵਿਦਿਆਰਥੀਆਂ 'ਤੇ ਕਥਿਤ ਤੌਰ ਤੇ ਲਾਠੀਚਾਰਜ ਕਰਕੇ ਭੰਨਿਆ ਤਾਂ ਇਹ ਪੁਲੀਸ ਤੇ ਜ਼ਾਲਮ ਸਟੇਟ ਦੀ ਵਕਾਲਤ ਕਰਦੇ ਰਹੇ। ਜ਼ੁਲਮ ਅਤੇ ਫਾਸੀਵਾਦੀ ਸਮੇਂ ਦੀ ਇਹ ਕਹਾਣੀ ਬਹੁਤ ਲੰਬੀ ਹੈ ਤੇ ਗੋਦੀ ਮੀਡੀਆ ਇਸ ਦਾ ਵਡਾ ਵਕੀਲ ਹੈ। ਗੋਦੀ ਮੀਡੀਆ ਮਿਰਚ ਮਸਾਲਾ ਲਗਾਕੇ ਖਬਰਾਂ ਪੇਸ਼ ਕਰਨ ਵਿਚ ਰੁੱਝਿਆ ਹੋਇਆ ਸੀ।

ਜਦੋਂ ਰੀਆ ਚੱਕਰਵਰਤੀ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਤਾਂ ਸ਼ੋਸ਼ਲ ਮੀਡੀਆ ਨੇ ਉਹ ਤਸਵੀਰਾਂ ਦਿਖਾਈਆਂ ਜੋ ਟੀਵੀ ਚੈਨਲਾਂ ਤੋਂ ਗਾਇਬ ਸਨ। ਇਹ ਗੋਦੀ ਮੀਡੀਆ ਗੈਂਗ ਦੀ ਤਰਾਂ ਕੰਮ ਕਰ ਰਿਹਾ ਹੈ। ਇਹ ਸਰਕਾਰ ਦੁਆਰਾ ਸਪਾਂਸਰ ਕੀਤੀ ਖ਼ਬਰਾਂ ਹੀ ਪਰੋਸਦਾ ਹੈ। ਇਸ ਮਾਮਲੇ ਵਿਚ ਇਹ ਬਹੁਤ ਸਪਸ਼ਟ ਤੌਰ ਤੇ ਦਿਖ ਰਿਹਾ ਹੈ ਕਿ ਇਹ ਸਾਰਾ ਬਿਰਤਾਂਤ ਬਿਹਾਰ ਚੋਣਾਂ ਲਈ ਗੋਦੀ ਮੀਡੀਆ ਤੇ ਸੱਤਾਧਾਰੀਆਂ ਦੇ ਗਠਜੋੜ ਦੀ ਪੇਡ ਚੋਣਾਵੀ ਪੱਤਰਕਾਰੀ ਹੈ।

ਸੋਸ਼ਲ ਮੀਡੀਆ ਰਾਹੀਂ ਕੰਗਨਾ ਦੀ ਮੌਕਾਪ੍ਰਸਤੀ ਵੀ ਸਾਹਮਣੇ ਆ ਰਹੀ ਹੈ। ਅਚਾਨਕ ਕੰਗਨਾ ਦੇ ਬਾਬਰ, ਕਸ਼ਮੀਰੀ ਪੰਡਤਾਂ, ਪੀ.ਓ.ਕੇ. (ਪਾਕਿਸਤਾਨ ਅਧਿਕਾਰਤ ਕਸ਼ਮੀਰ) ਨੂੰ ਯਾਦ ਕਰਨ ਦੇ ਬਿਆਨ ਪੂਰੀ ਤਰਾਂ ਰਣਨੀਤਕ ਹਨ।

ਬਾਲੀਵੁੱਡ ਲਈ ਇਹ ਬਹੁਤ ਚੰਗਾ ਰਹੇਗਾ ਕਿ ਕੰਗਨਾ ਨੂੰ ਭਾਜਪਾ ਨੇ ਅਪਣਾ ਲਿਆ ਅਤੇ ਉਸ ਨੂੰ ਸਾਇਦ ਪਰੇਸ਼ ਰਾਵਲ ਦੀ ਤਰਾਂ ਕਿਸੇ ਵੀ ਸੰਗਠਨ ਦਾ ਚੇਅਰਮੈਨ ਬਣਾ ਦੇਣ। ਦੇਸ਼ ਦੇ ਜਾਅਲੀ ਰਾਸ਼ਟਰਵਾਦੀ ਐਂਕਰ ਅਰਨਬ ਗੋਸਵਾਮੀ, ਨਵਿਕਾ ਕੁਮਾਰ, ਰੁਬੀਨਾ ਲਿਆਕਤ, ਅੰਜਨਾ ਓਮ ਕਸ਼ਯਪ, ਦੀਪਕ ਚੌਰਸੀਆ, ਰੋਹਿਤ ਸਰਦਾਨਾ, ਅਮੀਸ਼ ਦੇਵਗਨ ਆਦਿ ਕੰਗਨਾ ਦੇ ਦਫਤਰ ਨੂੰ ਤੋੜਨ ਦੇ ਤਰੀਕੇ ਦਾ ਮਜ਼ਾਕ ਉਡਾ ਰਹੇ ਹਨ। ਜਦੋਂ ਜਾਮਿਆ (# ਜਾਮੀਆ) ਦੀ ਲਾਇਬ੍ਰੇਰੀ ਵਿਚ ਦਾਖਲ ਹੁੰਦੇ ਹੋਏ ਕੁਝ ਗੁੰਡਿਆਂ ਨੇ ਜੇ.ਐੱਨ.ਯੂ. ਏ.ਐੱਮ.ਯੂ.) ਦੇ ਹੋਸਟਲਾਂ ਅਤੇ ਵਿਦਿਆਰਥੀਆਂ 'ਤੇ ਕਥਿਤ ਤੌਰ ਤੇ ਲਾਠੀਚਾਰਜ ਕਰਕੇ ਭੰਨਿਆ ਤਾਂ ਇਹ ਪੁਲੀਸ ਤੇ ਜ਼ਾਲਮ ਸਟੇਟ ਦੀ ਵਕਾਲਤ ਕਰਦੇ ਰਹੇ। ਜ਼ੁਲਮ ਅਤੇ ਫਾਸੀਵਾਦੀ ਸਮੇਂ ਦੀ ਇਹ ਕਹਾਣੀ ਬਹੁਤ ਲੰਬੀ ਹੈ ਤੇ ਗੋਦੀ ਮੀਡੀਆ ਇਸ ਦਾ ਵਡਾ ਵਕੀਲ ਹੈ। ਕੰਗਨਾ ਨਾਲ ਜੁੜੀਆਂ ਕਹਾਣੀਆਂ ਅਤੇ ਅਫਵਾਹਾਂ ਜਲਦੀ ਹੀ ਸੋਸ਼ਲ ਮੀਡੀਆ 'ਤੇ ਸਾਹਮਣੇ ਆਉਣਗੀਆਂ, ਕਿਉਂਕਿ ਉਨਾਂ ਨੂੰ ਦਿਖਾਉਣ ਜਾਂ ਛਾਪਣ ਦੀ ਹਿੰਮਤ ਗੋਦੀ ਮੀਡੀਆ ਵਿਚ ਨਹੀਂ ਹੈ। ਰਾਜੇਸ਼ ਖੰਨਾ, ਅਮਿਤਾਭ ਬੱਚਨ, ਸੁਨੀਲ ਦੱਤ, ਵਿਨੋਦ ਖੰਨਾ, ਜੈਪ੍ਰਦਾ ਸਮੇਤ ਕਈ ਵਡੇ ਸਟਾਰ ਹੱਥ ਸਾੜ ਕੇ ਰਾਜਨੀਤੀ ਤੋਂ ਪਰਤ ਆਏ ਹਨ। ਕੰਗਨਾ ਨਾਲ ਅਜਿਹੀ ਫਿਲਮ ਦਾ ਅੰਤ ਅਜੇ ਬਾਕੀ ਹੈ।

ਭਾਰਤੀ ਰਾਜਨੀਤੀ ਦਾ ਦੁਖਾਂਤ ਹੈ ਕਿ ਇਹ ਲੋਕ ਮੁਦਿਆਂ ਨੂੰ ਆਧਾਰ ਬਣਾਉਣ ਤੇ ਹਲ ਕਰਨ ਦੀ ਥਾਂ ਨੌਟੰਕੀ ਕਰ ਰਹੀ ਹੈ ਤੇ ਭਾਰਤ ਦੀ ਜਨਤਾ ਮਜੇ ਨਾਲ ਦੇਖ ਰਹੀ ਹੈ।

ਯਾਦ ਰੱਖਣ ਯੋਗ ਹੈ ਕਿ ਹਿਟਲਰ ਨੇ ਵੀ ਜਰਮਨੀ ਨੂੰ ਸਰਵਸ੍ਰੇਸ਼ਟ ਦੇਸ਼ ਬਣਾਉਣ ਦੇ ਨਾਂਅ ਉੱਤੇ ਕਰੋੜਾਂ ਲੋਕਾਂ ਨੂੰ ਆਪਣੇ ਪਿੱਛੇ ਲਾਇਆ ਸੀ, ਪਰ ਉਸ ਦਾ ਅੰਤ ਕੀ ਹੋਇਆ, ਇਹ ਭੁੱਲਣਾ ਨਹੀਂ ਚਾਹੀਦਾ। ਲੋਕਾਂ ਨੂੰ ਜਾਗਣ ਦੀ ਲੋੜ ਹੈ।ਹਾਕਮ ਉਦੋਂ ਹੀ ਜਾਗਦੇ ਹਨ, ਜਦ ਉਨਾਂ ਨੂੰ ਵੋਟਾਂ ਘਟਣ ਦਾ ਡਰ ਲੱਗਦਾ ਹੈ ਤੇ ਲੋਕ ਆਪਣੇ ਹਕਾਂ ਲਈ ਚੇਤਨ ਹੁੰਦੇ ਹਨ।



Gary Singh
FOR UNION CITY
CITY COUNCIL

ENDORSEMENTS
Congressmen Eric Swalwell
Alameda County Accessor Fong La
City Councilmember Pat Gacoscos
City Councilmember Jaime Patino
Former City Council Member Jim Navarro
School Board Member Linda Canlas
School Board Member Lance Nishihira
School Board Member Sharan Kaur
School Board Member Jeff Wang
School Board Member Sarabjit Cheema

garypsingh@sbcglobal.net
(510) 861-4783
1275 Atlantic St., Union City, CA 94587

Gary Singh,
The Voice of Small Business

ACCOMPLISHMENTS
- Urged the city manager in 2018 to conduct an audit management study to ensure optimal efficiency in all departments of the city.
- Consistently voted for business growth to increase revenue and prevent unreasonable tax increases.
- Collaborated with the police department and city leaders to strategically tackle crime resulting in a 20% reduction.
- Shown necessary leadership by working with others to maintain standards of excellence in our city.
- As the President of Daily Bowl, I provided the less fortunate with essential needs.

PRIORITIES
- Promoting the economic development and employment retention.
- Maintaining growth and development.
- Bringing new jobs to the community.
- Invest in public safety services.
- Build more affordable work force housing.

RE - ELECT for City Council
Gary Singh
THE VOICE OF SMALL BUSINESS

*Gary Singh is a Union City small business owner and an advocate for other small businesses in our community.*

FOR MORE INFORMATIONS ABOUT GARY SINGH, PLEASE VISIT HIS WEBSITE:
Gary-SinghForCityCouncil.com



On November 3, Remember to VOTE for
Gary Singh for Union City, City Council!

PAID FOR BY GARY SINGH FOR CITY COUNCIL 2020. FPPC #1425084

# ਸਮਾਜ ਨੂੰ ਸਮਰਪਿਤ

**ਵਿਜੈ ਗਰਗ**

ਇੱਕ ਅਧਿਆਪਕ, ਪ੍ਰਮਾਤਮਾ ਚ ਆਸਥਾ ਰੱਖਣ ਵਾਲਾ, ਆਪਣੇ ਵਿਦਿਆਰਥੀਆਂ ਪ੍ਰਤੀ ਸਮਰਪਿਤ ਅਤੇ ਆਪਣੀ ਡਿਊਟੀ ਨੂੰ ਬੜੀ ਲਗਨ ਨਾਲ ਨਿਭਾਉਂਦਾ ਸੀ।

ਜਦੋਂ ਉਹ ਰੱਬ ਨੂੰ ਪਿਆਰਾ ਹੋਇਆ ਤਾਂ ਉਸ ਨੇ ਰੱਬ ਕੋਲ ਪਈ ਰੱਬ ਦੇ ਭਗਤਾਂ ਦੀ ਇੱਕ ਲੰਮੀ ਲਿਸਟ ਦੇਖੀ।

ਅਧਿਆਪਕ ਨੇ ਬੜੀ ਉਤਸੁਕਤਾ ਨਾਲ ਲਿਸਟ ਵਿੱਚ ਆਪਣਾ ਨਾਂ ਲੱਭਣਾ ਸ਼ੁਰੂ ਕਰ ਦਿੱਤਾ। ਉਹ ਮਨ ਹੀ ਮਨ ਸੋਚ ਰਿਹਾ ਸੀ ਕਿ ਮੇਰਾ ਨਾਂ ਇਸ ਲਿਸਟ ਵਿੱਚ ਜ਼ਰੂਰ ਹੋਵੇਗਾ। ਪਰ ਅਧਿਆਪਕ ਨੂੰ ਆਪਣਾ ਨਾਂ ਉਸ ਲਿਸਟ ਵਿੱਚ ਨਾ ਲੱਭਿਆ।

ਉਸ ਨੇ ਰੱਬ ਨੂੰ ਪੁੱਛਿਆ ਕਿ ਮੈਂ ਤਾਂ ਤੁਹਾਡੀ ਬਹੁਤ ਭਗਤੀ ਕੀਤੀ,ਕਦੀ ਕਿਸੇ ਦਾ ਬੁਰਾ ਨਹੀਂ ਕੀਤਾ ਤੇ ਅਧਿਆਪਕ ਹੋਣ ਦੇ ਨਾਤੇ ਸਮਾਜ ਦੇ ਭਲੇ ਲਈ ਅਤੇ ਵਿਦਿਆਰਥੀਆਂ ਦੇ ਭਵਿੱਖ ਨੂੰ ਸੁਨਹਿਰੀ ਬਣਾਉਣ ਲਈ ਹਰ ਸਮੇਂ ਯਤਨਸ਼ੀਲ ਰਿਹਾ। ਫਿਰ ਵੀ ਮੈਂ ਤੁਹਾਡੇ ਭਗਤਾਂ ਦੀ ਲਿਸਟ ਵਿੱਚ ਨਹੀਂ!

ਰੱਬ ਨੇ ਚੁੱਪ ਚੁਪੀਤੇ ਅਧਿਆਪਕ ਨੂੰ ਇੱਕ ਛੋਟੀ ਜਿਹੀ ਲਿਸਟ ਫੜਾਈ।

ਅਧਿਆਪਕ ਨੇ ਦੇਖਿਆ ਕਿ ਉਸ ਲਿਸਟ ਵਿੱਚ ਉਸ ਦਾ ਨਾਂ ਸ਼ਾਮਿਲ ਸੀ।

ਅਧਿਆਪਕ ਨੇ ਪੁੱਛਿਆ ਇਹ ਲਿਸਟ ਕਿਹੜੀ ਹੈ?

ਰੱਬ ਨੇ ਕਿਹਾ ਉਹ ਲੰਮੀ ਲਿਸਟ ਉਹਨਾਂ ਭਗਤਾਂ ਦੀ ਹੈ ਜਿਹੜੇ ਮੇਰੀ ਪੂਜਾ ਕਰਦੇ ਹਨ।

ਤੇ ਇਹ ਛੋਟੀ ਜਿਹੀ ਲਿਸਟ ਉਹਨਾਂ ਲੋਕਾਂ ਦੀ ਏ ਜਿਨਾਂ ਦੀ ਮੈਂ ਪੂਜਾ ਕਰਦਾ ਹਾਂ। ਇਹ ਉਹ ਲੋਕ ਹਨ ਜੋ ਮੇਰੀ ਬਣਾਈ ਦੁਨੀਆ ਨੂੰ ਸਵਾਰਦੇ ਹਨ ਮੈਂ ਹਮੇਸ਼ਾ ਇਹਨਾਂ ਦਾ ਰਿਣੀ ਰਹਾਂਗਾ।

# ਜ਼ਮਾਨਾ ਬਦਲ ਗਿਆ

**-ਪ੍ਰਗਟ ਸਿੰਘ ਸਤੌਜ**

**★ ਮਿੰਨੀ ਕਹਾਣੀ ★**

ਜੱਗਰ ਫੌਜੀ ਨੇ ਆਪਣੇ ਮੁੰਡੇ ਦਾ ਰਿਸ਼ਤਾ ਲੈਣ ਦੀ ਘੇਸਲ ਵੱਟੀ ਰੱਖੀ। ਉਸ ਦਾ ਵਿਚਾਰ ਸੀ ਕਿ ਜਿੰਨਾ ਲੇਟ ਰਿਸ਼ਤਾ ਲਵਾਂਗੇ ਓਨਾ ਹੀ ਦਹੇਜ ਵੱਧ ਮਿਲੇਗਾ। ਪਰ ਹੋ ਗਿਆ ਇਸ ਦੇ ਬਿਲਕੁਲ ਉਲਟ, ਮੁੰਡਾ ਆਪਣੇ ਵਿਆਹ ਦੀ ਉਮਰ ਟਪਾ ਬੈਠਾ। ਜਿਹੜੇ ਰਿਸ਼ਤਾ ਕਰਵਾਉਣ ਵਾਲੇ ਪਹਿਲਾਂ ਅੱਗੇ-ਪਿੱਛੇ ਫਿਰਦੇ ਰਹਿੰਦੇ ਸਨ ਹੁਣ ਸਭ ਪਾਸਾ ਵੱਟ ਗਏ। ਜੱਗਰ ਆਪ ਕਿਸੇ ਨੂੰ ਆਨੀਂ-ਬਹਾਨੀਂ ਰਿਸ਼ਤਾ ਲਿਆਉਣ ਲਈ ਕਹਿੰਦਾ। ਜੇ ਕੋਈ ਭੁੱਲਿਆ ਭਟਕਿਆ ਆ ਵੀ ਜਾਂਦਾ, ਉਹ ਮੁੰਡੇ ਦੀ ਉਮਰ ਵੇਖ ਕੇ ਤਿੜਕ ਜਾਂਦਾ। ਇਕ ਦਿਨ ਅਖ਼ਬਾਰ ਪੜਦੇ ਫੌਜੀ ਦੀ ਨਜ਼ਰ ਇਕ ਇਸ਼ਤਿਹਾਰ ਉੱਪਰ ਆ ਕੇ ਅਟਕ ਗਈ। ਲਿਖਿਆ ਸੀ, 'ਪੜੀ-ਲਿਖੀ, ਸੋਹਣੀ ਮੁਟਿਆਰ ਲਈ ਵਰ ਚਾਹੀਦੈ, ਚੰਗੀ ਜਾਇਦਾਦ ਵਾਲੇ ਫੋਟੋ ਸਮੇਤ ਮਿਲਣ।' ਜੱਗਰ ਦੇ ਅੰਦਰ ਲੁਕਵੀਂ ਖੁਸ਼ੀ ਦੌੜ ਗਈ। ਉਹ ਬੁੱਲਾਂ ਵਿਚ ਮੁਸਕਰਾਇਆ। ਅਗਲੇ ਦਿਨ ਫੋਟੋ ਸਮੇਤ ਦਿੱਤੇ ਪਤੇ 'ਤੇ ਜਾ ਪਹੁੰਚਿਆ। ਦੋਵੇਂ ਪਰਿਵਾਰਾਂ ਦੇ ਸਭ ਕੁਝ ਫਿੱਟ ਆ ਗਿਆ। ਅਖੀਰ ਫੌਜੀ ਨੇ ਦਿਲ ਵਿਚ ਦੱਬੀ ਗੱਲ ਵੀ ਕਹਿ ਦਿੱਤੀ, 'ਹਾਂ ਜੀ, ਲੈਣ-ਦੇਣ ਦੱਸੋ ਫਿਰ।'

'ਹਾਂ, ਇਹ ਤਾਂ ਜ਼ਰੂਰੀ ਐ, ਤੁਸੀਂ ਐਂ ਕਰੋ ਫਿਰ ਜਿਹੜੇ ਪੈਲੇਸ ਵਿਚ ਬਰਾਤ ਲੈ ਕੇ ਆਉਂਗੇ ਉਸ ਪੈਲੇਸ ਦਾ ਚਾਹ-ਪਾਣੀ ਦਾ ਖਰਚ ਓਟ ਲਓ, ਬਾਕੀ ਸਭ ਸਾਡੇ ਜ਼ਿੰਮੇ ਛੱਡ ਦਿਓ।' ਕੁੜੀ ਦੇ ਪਿਤਾ ਨੇ ਜੱਗਰ ਫੌਜੀ ਨੂੰ ਸਮਝਾਉਂਦਿਆਂ ਕਿਹਾ।

'ਹੈਂ, ਅਸੀਂ ਓਟੀਏ!' ਫੌਜੀ ਦੀਆਂ ਹੈਰਾਨੀ ਵਿਚ ਅੱਖਾਂ ਟੱਡੀਆਂ ਗਈਆਂ।

'ਭਾਈ ਸਾਹਿਬ, ਹੁਣ ਉਹ ਜ਼ਮਾਨਾ ਨੀਂ ਰਿਹਾ ਪਹਿਲਾਂ ਆਲਾ, ਆਹ ਦੇਖੋ ਅਖ਼ਬਾਰ।'

ਕੁੜੀ ਦੇ ਪਿਤਾ ਨੇ ਅਖ਼ਬਾਰ ਜੱਗਰ ਅੱਗੇ ਕਰ ਦਿੱਤਾ, 'ਹਰ ਰੋਜ਼ ਇਨਾਂ 'ਚ ਸਰਵੇਖਣ ਆਉਂਦੇ ਨੇ ਕੁੜੀਆਂ ਦੀ ਗਿਣਤੀ ਵੱਡੇ ਪੱਧਰ 'ਤੇ ਘਟ ਰਹੀ ਐ, ਜੇ ਸਾਲ-ਛੇ ਮਹੀਨੇ ਹੋਰ ਨੀਂ ਕਰੋਂਗੇ ਤਾਂ ਕੁੜੀਆਂ ਦਾ ਭਾਅ ਵਧੂਗਾ ਈ, ਘਟਦਾ ਨੀਂ।'

ਪਹਿਲਾਂ ਕੁਝ ਚਿਰ ਬੈਠਾ ਜੱਗਰ ਫ਼ੌਜੀ ਸੋਚਦਾ ਰਿਹਾ। ਫਿਰ ਉਨਾਂ ਨੂੰ 'ਹਾਂ' ਕਰਕੇ ਵਾਪਸ ਮੁੜ ਆਇਆ। ਅੱਜ ਉਸ ਨੇ ਵੀ ਬਦਲੇ ਜ਼ਮਾਨੇ ਨਾਲ ਸਮਝੌਤਾ ਕਰ ਲਿਆ ਲਗਦਾ ਸੀ।

# ਪੰਜਾਬ ਦੀ ਦੁਰਦਸ਼ਾ ਦੇ ਕਾਰਨ

**- ਡਾਕਟਰ ਧਰਮ ਸਿੰਘ**

ਹਰ ਕੌਮ ਦੇ ਲੋਕਾਂ ਵਿਚ ਗੁਣ/ਔਗੁਣ ਹੁੰਦੇ ਹਨ। ਜੇ ਗੁਣ ਜ਼ਿਆਦਾ ਹੋਣਗੇ ਤਾਂ ਉਹ ਕੌਮ ਤਰੱਕੀ ਕਰੇਗੀ ਅਤੇ ਇਸ ਦੇ ਉਲਟ ਔਗੁਣਾਂ ਦੀ ਭਰਮਾਰ ਹੋਵੇਗੀ ਤਾਂ ਉਹ ਨਿਘਾਰ ਵੱਲ ਜਾਏਗੀ। ਪੰਜਾਬੀਆਂ ਦੇ ਅਜੋਕੇ ਵਰਤਾਰੇ ਉੱਪਰ ਝਾਤ ਮਾਰੀਏ ਤਾਂ ਸਾਨੂੰ ਔਗੁਣਾਂ ਦੀ ਪੰਡ ਭਾਰੀ ਲਗਦੀ ਹੈ। ਇਸ ਦਾ ਇਕ ਕਾਰਨ ਤਾਂ ਵਿਸ਼ਵੀਕਰਨ ਅਤੇ ਹੋਰ ਆਰਥਿਕ ਅਤੇ ਵਿੱਦਿਅਕ ਨੀਤੀਆਂ ਹਨ ਜਿਨਾਂ ਨੇ ਸਮਾਜਿਕ ਕਦਰਾਂ-ਕੀਮਤਾਂ ਨੂੰ ਡਾਢੀ ਸੱਟ ਮਾਰੀ ਹੈ। ਇਸੇ ਸੱਟ ਕਾਰਨ ਪੰਜਾਬੀਆਂ ਵਿਚ ਵੀ ਪੈਸੇ ਦੀ ਚੂਹਾ-ਦੌੜ ਤੇਜ਼ ਹੋ ਗਈ ਹੈ ਅਤੇ ਨਰੋਈਆਂ ਕਦਰਾਂ-ਕੀਮਤਾਂ ਪਿੱਛੇ ਜਾ ਪਈਆਂ ਹਨ। ਨਿਰੋਗ ਕਦਰਾਂ-ਕੀਮਤਾਂ ਪੈਦਾ ਕਰਨ ਵਿਚ ਵਿੱਦਿਆ ਦੀ ਭੂਮਿਕਾ ਅਹਿਮ ਹੁੰਦੀ ਹੈ ਪਰ ਦੁਰਭਾਗ-ਵੱਸ ਪੰਜਾਬ ਵਿਚ ਵਿੱਦਿਆ ਕਿਸੇ ਵੀ ਸਰਕਾਰ ਦੀ ਤਰਜੀਹ ਵਿਚ ਨਹੀਂ ਰਹੀ। ਸਰਕਾਰ ਚਾਹੇ ਕਿਸੇ ਵੀ ਪਾਰਟੀ ਦੀ ਹੋਵੇ, ਉਹ ਡੰਗ ਟਪਾਊ ਨੀਤੀ ਉੱਪਰ ਹੀ ਚਲਦੀ ਰਹੀ ਹੈ। ਵਿੱਦਿਆ ਦੀ ਬਿਹਤਰੀ ਕਿਸੇ ਵੀ ਦਲ ਦੇ ਏਜੰਡੇ ਉੱਪਰ ਨਹੀਂ।

ਇਹ ਵਿੱਦਿਆ ਹੀ ਹੈ ਜੋ ਮਨੁੱਖ ਨੂੰ ਚੰਗਾ ਇਨਸਾਨ ਬਣਾ ਕੇ ਉਸ ਵਿਚ ਨਰੋਈਆਂ ਕਦਰਾਂ-ਕੀਮਤਾਂ ਦਾ ਸੰਚਾਰ ਹੀ ਨਹੀਂ ਕਰਦੀ, ਸਗੋਂ ਇਕ ਚੰਗੇ ਅਹੁਦੇ ਜਾਂ ਰੁਤਬੇ ਉੱਪਰ ਵੀ ਸੁਸ਼ੋਭਿਤ ਕਰਦੀ ਹੈ। ਪੰਜਾਬ ਵਿਚ ਵਿੱਦਿਆ ਦੇ ਨਿਘਾਰ ਦਾ ਖਮਿਆਜ਼ਾ ਨੌਜਵਾਨ ਪੀੜੀ ਭੁਗਤ ਰਹੀ ਹੈ ਅਤੇ ਅਜੇ ਵੀ ਇਸ ਦਾ ਭਵਿੱਖ ਕੋਈ ਬਹੁਤਾ ਰੌਸ਼ਨ ਨਹੀਂ। ਜੇ ਮਿਆਰੀ ਵਿੱਦਿਆ ਨਹੀਂ ਤਾਂ ਵਿਕਾਸ ਜਾਂ ਉੱਚੀਆਂ ਪਦਵੀਆਂ ਵੀ ਹਾਸਲ ਨਹੀਂ ਹੋ ਸਕਦੀਆਂ। ਇਸ ਸੂਤਰ ਨੂੰ ਜੇ ਅਸੀਂ ਪੰਜਾਬ ਦੇ ਸੰਦਰਭ ਵਿਚ ਵਿਚਾਰੀਏ ਤਾਂ ਗੱਲ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ। ਫ਼ੌਜ, ਸਿਵਲ ਪ੍ਰਸ਼ਾਸਨ, ਵਿੱਤ, ਕਾਰੋਬਾਰ, ਬਹੁ-ਕੌਮੀ ਕੰਪਨੀਆਂ ਅਤੇ ਹੋਰ ਅਨੇਕਾਂ ਖੇਤਰਾਂ ਵਿਚ ਪੰਜਾਬੀਆਂ ਦੀ ਘਟ ਰਹੀ ਗਿਣਤੀ ਉਨਾਂ ਦਾ ਮੁਕਾਬਲਾ ਇਮਤਿਹਾਨਾਂ, ਜਿਵੇਂ ਆਈ.ਪੀ.ਐਸ., ਆਈ.ਏ.ਐਸ., ਪੀ.ਸੀ.ਐਸ., ਆਦਿ ਵਿਚ ਪਛੜ ਜਾਣ ਦੀ ਨਿਸ਼ਾਨੀ ਹੈ। ਸਕੂਲੀ ਵਿੱਦਿਆ ਬਾਰੇ ਮੈਨੂੰ ਬਹੁਤੀ ਜਾਣਕਾਰੀ ਨਹੀਂ ਪਰ ਉੱਚ ਵਿੱਦਿਆ ਦੀ ਤਰਸਯੋਗ ਹਾਲਤ ਬਾਰੇ ਕੁਝ ਤੱਥ ਮੈਂ ਜ਼ਰੂਰ ਰੱਖਣਾ ਚਹਾਂਗਾ। ਪਿਛਲੇ ਤਕਰੀਬਨ ਤੀਹ ਸਾਲਾਂ ਤੋਂ ਕਾਲਜਾਂ ਵਿਚ ਅਧਿਆਪਕਾਂ ਦੀ ਨਿਯਮਿਤ ਭਰਤੀ ਨਹੀਂ ਹੋਈ। ਪਹਿਲਾਂ ਖਾੜਕੂਵਾਦ ਦੇ ਦੌਰ ਨੇ ਅਤੇ ਫਿਰ ਕਥਿਤ ਆਰਥਿਕ ਤੰਗੀ ਨੇ ਸਭ ਤੋਂ ਵੱਧ ਨੁਕਸਾਨ ਵਿੱਦਿਆ ਨੂੰ ਹੀ ਪਹੁੰਚਾਇਆ ਹੈ। ਐਡਹਾਕ, ਗੈਸਟ ਫੈਕਲਟੀ ਅਤੇ ਮੁੜ-ਨਿਯੁਕਤੀ ਆਦਿ ਬਹਾਨਿਆਂ ਨਾਲ ਡੰਗ ਟਪਾਇਆ ਜਾ ਰਿਹਾ ਹੈ। ਹੁਣ ਇਹ ਬਿਮਾਰੀ ਯੂਨੀਵਰਸਿਟੀਆਂ ਵਿਚ ਵੀ ਆਣ ਵੜੀ ਹੈ। ਸਾਰੇ ਕਾਲਜ ਵਿਚ ਇਕ ਹੀ ਪ੍ਰਿੰਸੀਪਲ ਹੁੰਦਾ ਹੈ ਪਰ ਪੰਜਾਬ ਦੇ ਅੱਧੇ ਤੋਂ ਵੱਧ ਸਰਕਾਰੀ ਕਾਲਜਾਂ ਵਿਚ ਪ੍ਰਿੰਸੀਪਲ ਹੀ ਨਹੀਂ। ਇਕ ਪ੍ਰਿੰਸੀਪਲ ਨੂੰ ਕਈ ਕਈ ਕਾਲਜਾਂ ਦੀ ਵਾਧੂ ਜ਼ਿੰਮੇਵਾਰੀ ਸੌਂਪੀ ਹੋਈ ਹੈ। ਫ਼ੌਜ ਵਿਚ ਪੰਜਾਬੀਆਂ ਦੀ ਕਿਸੇ ਵੇਲੇ ਚੜਤ ਸੀ। ਕਈ ਪੰਜਾਬੀ ਚੀਫ਼ ਆਫ਼ ਆਰਮੀ ਸਟਾਫ਼, ਚੀਫ਼ ਆਫ਼ ਨੇਵਲ ਸਟਾਫ਼, ਚੀਫ਼ ਆਫ਼ ਏਅਰ ਸਟਾਫ਼ ਬਣੇ ਹਨ। ਲੈਫਟੀਨੈਂਟ ਜਨਰਲ, ਮੇਜਰ ਜਨਰਲ, ਡਿਪਟੀ ਚੀਫ਼ ਆਫ਼ ਆਰਮੀ, ਚੀਫ਼ ਏਅਰ ਮਾਰਸ਼ਲ ਆਦਿ ਅਹੁਦਿਆਂ ਉੱਪਰ ਰਹੇ ਹਨ। ਇਹ ਸਾਰੇ ਉਹ ਅਫ਼ਸਰ ਹਨ ਜੋ ਤੀਹ-ਪੈਂਤੀ ਜਾਂ ਚਾਲੀ ਸਾਲ ਪਹਿਲਾਂ ਰੱਖਿਆ ਸੈਨਾਵਾਂ ਵਿਚ ਆਏ ਸਨ ਪਰ ਹੁਣ ਇਹ ਸਭ ਕੁਝ ਇਤਿਹਾਸ ਹੈ। ਪਿਛਲੇ ਦਿਨੀਂ ਦੇਹਰਾਦੂਨ ਵਿਖੇ ਸਥਾਪਤ ਨੈਸ਼ਨਲ ਡਿਫੈਂਸ ਅਕੈਡਮੀ ਦੀ ਪਾਸਿੰਗ ਆਊਟ ਪਰੇਡ ਹੋਈ ਜਿਸ ਵਿਚ ਸਫ਼ਲ ਉਮੀਦਵਾਰਾਂ ਨੂੰ ਕਮਿਸ਼ਨ ਦਿੱਤਾ ਗਿਆ। ਇਸ ਮੌਕੇ ਜਾਰੀ ਕੀਤੀ ਗਈ ਸਰਕਾਰੀ ਸੂਚੀ ਅਨੁਸਾਰ ਪੰਜਾਬ ਦੇ 25 ਅਫ਼ਸਰ ਸਨ ਜਦ ਕਿ ਗੁਆਂਢੀ ਹਰਿਆਣੇ ਦੇ 34 ਅਫ਼ਸਰ ਸਨ। ਪੰਜਾਬ ਵਿਚ ਐਨ. ਡੀ. ਏ. ਵਿਚ ਦਾਖ਼ਲੇ ਦੇ ਇੱਛਾਵਾਨ ਵਿਦਿਆਰਥੀਆਂ ਨੂੰ ਇਮਤਿਹਾਨ ਦੀ ਤਿਆਰੀ ਕਰਵਾਉਣ ਲਈ ਕਈ ਕੇਂਦਰ ਹਨ ਪਰ ਬਾਵਜੂਦ ਇਸ ਦੇ ਇਹ ਹਾਲ ਹੈ। ਇਹ ਸਭ ਕੁਝ ਵਿੱਦਿਆ ਦੇ ਨਿਘਾਰ ਅਤੇ ਪੜਾਈ ਵਿਚ ਲੋੜੀਂਦੀ ਦਿਲਚਸਪੀ ਨਾ ਲੈਣ ਕਰਕੇ ਹੈ।

**ਭੱਖਦਾ ਮੱਸਲਾ**

ਹੁਣ ਥੋੜੀ ਜਿਹੀ ਗੱਲ ਮੁਕਾਬਲੇ ਵਾਲੀਆਂ ਪ੍ਰੀਖਿਆਵਾਂ ਦੀ ਹੋ ਜਾਏ। ਕੇਂਦਰੀ ਪੱਧਰ ਉੱਪਰ ਲਈਆਂ ਜਾਂਦੀਆਂ ਪ੍ਰੀਖਿਆਵਾਂ ਵਿਚ ਪੰਜਾਬੀਆਂ ਦੀ ਕਾਮਯਾਬੀ ਦਾ ਗ੍ਰਾਫ਼ ਥੱਲੇ ਆ ਰਿਹਾ ਹੈ। ਆਈ. ਏ. ਐੱਸ., ਆਈ. ਪੀ. ਐੱਸ., ਆਈ. ਆਰ. ਐੱਸ. ਅਤੇ ਹੋਰ ਅਲਾਈਡ ਸਰਵਿਸਿਜ਼ ਦੇ ਤਾਜ਼ਾ ਨਤੀਜੇ ਸਾਡੀ ਇਸ ਧਾਰਨਾ ਦੀ ਪੁਸ਼ਟੀ ਕਰਦੇ ਹਨ। ਨੈੱਟ ਉੱਪਰ ਪੰਜਾਬ ਸਰਕਾਰ ਦੀ ਅਧਿਕਾਰਤ ਤੌਰ ’ਤੇ ਜਾਰੀ ਸੂਚੀ ਅਨੁਸਾਰ ਜੋ 17 ਅਗਸਤ, 2020 ਤੱਕ ਸੋਧੀ ਹੋਈ ਹੈ, ਪੰਜਾਬ ਵਿਚ 100 ਤੋਂ ਵੱਧ ਆਈ. ਏ. ਐੱਸ. ਅਧਿਕਾਰੀ ਤਾਇਨਾਤ ਹਨ। ਜੇ ਨਾਵਾਂ ਤੋਂ ਹੀ ਉਨਾਂ ਦੇ ਪੰਜਾਬੀ ਅਤੇ ਗ਼ੈਰ-ਪੰਜਾਬੀ ਹੋਣ ਦਾ ਅਨੁਮਾਨ ਲਗਾਉਣ ਹੋਵੇ ਤਾਂ 30 ਤੋਂ ਉੱਪਰ ਅਧਿਕਾਰੀ ਗ਼ੈਰ-ਪੰਜਾਬੀ ਹਨ, ਬਾਕੀ ਸੱਤਰਾਂ ਵਿਚ ਕਈ ਅਜਿਹੇ ਹਨ, ਜੋ ਪੀ. ਸੀ. ਐੱਸ. ਤੋਂ ਤਰੱਕੀ ਕਰਕੇ ਆਈ. ਏ. ਐੱਸ. ਕੇਡਰ ਵਿਚ ਆਏ ਹਨ। ਇਹੋ ਹਾਲ ਆਈ. ਪੀ. ਐੱਸ. ਅਫ਼ਸਰਾਂ ਦਾ ਹੈ। ਜਿਹੜੇ ਪੰਜਾਬੀ ਦਿਸਦੇ ਹਨ, ਉਹ ਵਧੇਰੇ ਕਰਕੇ ਪੀ. ਪੀ. ਐੱਸ. ਤੋਂ ਤਰੱਕੀ ਕਰਕੇ ਇਸ ਵਰਗ ਵਿਚ ਆਏ ਹਨ।

ਹੁਣ ਪ੍ਰਸ਼ਨ ਇਹ ਹੈ ਕਿ ਪੰਜਾਬ ਦੀ ਅਜਿਹੀ ਦੁਰਦਸ਼ਾ ਦੇ ਕੀ ਕਾਰਨ ਹਨ? ਵਿੱਦਿਆ ਦੇ ਇਕ ਕਾਰਨ ਬਾਰੇ ਗੱਲ ਪਹਿਲਾਂ ਹੋ ਚੁੱਕੀ ਹੈ ਅਤੇ ਪਰਵਾਸ ਇਸ ਦਾ ਦੂਜਾ ਕਾਰਨ ਹੈ। ਵਿਗਿਆਨਕ, ਵਿੱਤ ਅਤੇ ਤਕਨੀਕੀ ਨਿਪੁੰਨਤਾ ਵਾਲੇ ਲੋਕ ਵਿਦੇਸ਼ਾਂ ਵਿਚ ਵਸਣ ਨੂੰ ਤਰਜੀਹ ਦੇ ਰਹੇ ਹਨ। ਪੰਜਾਬ ਖਾਲੀ ਹੋ ਰਿਹਾ ਹੈ ਅਤੇ ਚਾਰੇ ਪਾਸੇ ਨਿਰਾਸ਼ਾ, ਵਿਸ਼ਾਦ ਅਤੇ ਬੇਵਸੀ ਪਸਰੀ ਪਈ ਹੈ। ਪੰਜਾਬੀਆਂ ਦੇ ਵੱਡੇ ਸੁਪਨੇ ਮਰ ਰਹੇ ਹਨ ਅਤੇ ਇਹੋ ਇਨਾਂ ਦੀ ਹੋਣੀ ਬਣੀ ਪਈ ਹੈ। ਹੁਣ ਇਨਾਂ ਦੇ ਸੁਪਨਿਆਂ ਵਿਚ ਕਲਰਕ, ਚਪੜਾਸੀ ਅਤੇ ਦਰਬਾਨ ਲੱਗਣਾ ਰਹਿ ਗਿਆ ਹੈ। ਜਦੋਂ ਤੋਂ ਪੰਜਾਬ ਵਿਚ ਬਹੁਕੌਮੀ ਕੰਪਨੀਆਂ ਦੇ ਸ਼ੋਅਰੂਮ ਅਤੇ ਰੈਸਟੋਰੈਂਟ ਖੁੱਲੇ ਹਨ, ਉਦੋਂ ਤੋਂ ਤੁਹਾਡੇ ਲਈ ਸਲੂਟ ਮਾਰ ਬਾਰ ਖੋਲਣ ਵਾਲਾ ਚੰਗੀ ਡੀਲ ਡੌਲ ਵਾਲਾ ਉੱਚਾ ਲੰਮਾ ਕੋਈ ਪੰਜਾਬੀ ਹੀ ਹੋਵੇਗਾ।

ਸੁਰੱਖਿਆ ਕਰਮੀ ਅਤੇ ਡੰਡੇ ਫੜੀ ਦਰਵਾਜ਼ੇ ਉੱਪਰ ਤੁਹਾਨੂੰ ਪੰਜਾਬੀ ਹੀ ਖੜੇ ਮਿਲਣਗੇ। ਹੋਰ ਤਾਂ ਹੋਰ ਹੁਣ ਦਰਮਿਆਨੇ ਦਰਜੇ ਦੇ ਦੁਕਾਨਦਾਰਾਂ ਨੇ ਵੀ ਡੰਡਿਆਂ ਵਾਲੇ ਵਰਦੀਧਾਰੀ ਸੁਰੱਖਿਆ ਕਰਮੀ ਰੱਖਣੇ ਸ਼ੁਰੂ ਕਰ ਦਿੱਤੇ ਹਨ। ਜੇ ਉਨਾਂ ਦੇ ਸੁਪਨਿਆਂ ਵਿਚ ਅਫ਼ਸਰੀ, ਉੱਚੀਆਂ ਪਦਵੀਆਂ ਅਤੇ ਕਰਨੈਲ/ਜਰਨੈਲ ਬਣਨਾ ਨਹੀਂ ਤਾਂ ਫਿਰ ਉਨਾਂ ਨੂੰ ਇਨਾਂ ਅਦਨੀਆਂ ਨੌਕਰੀਆਂ ਉੱਪਰ ਹੀ ਗੁਜ਼ਾਰਾ ਕਰਨਾ ਪਵੇਗਾ। ਮੈਂ ਕਿਸੇ ਵੀ ਕੰਮ ਨੂੰ ਛੋਟਾ ਵੱਡਾ ਨਹੀਂ ਮੰਨਦਾ, ਪਰ ਉੱਚੀਆਂ ਉਡਾਣਾਂ ਨਾ ਭਰਨ ਦੀ ਇੱਛਾ ਬਦਕਿਸਮਤੀ ਅਤੇ ਲਾਚਾਰੀ ਦੀ ਅਲਾਮਤ ਹੈ।ਮਹਿੰਗਾਈ ਦੇ ਇਸ ਯੁੱਗ ਵਿਚ ਜਦ ਕਿ ਵਿੱਦਿਆ ਵੀ ਮਹਿੰਗੀ ਹੈ, ਅਦਨੀਆਂ ਨੌਕਰੀਆਂ ਕਰਨ ਵਾਲੇ ਆਪਣੀ ਔਲਾਦ ਨੂੰ ਇਹੋ ਜਿਹੀ ਵਿੱਦਿਆ ਦਿਵਾ ਸਕਣਗੇ? ਕਲਪਨਾ ਕਰਨੀ ਔਖੀ ਨਹੀਂ। ਉੱਚ ਵਿੱਦਿਆ ਹੁਣ ਕੇਵਲ ਜਾਗਰੂਕ ਲੋਕਾਂ ਤੱਕ ਸਿਮਟ ਕੇ ਰਹਿ ਗਈ ਹੈ।

ਪੜੇ ਲਿਖੇ ਮਾਤਾ-ਪਿਤਾ ਹੀ ਬੱਚਿਆਂ ਦੀ ਪੜਾਈ ਲਈ ਫ਼ਿਕਰਮੰਦ ਹਨ ਅਤੇ ਜਿਥੇ ਅਜਿਹੀ ਜਾਗਰੂਕਤਾ ਨਹੀਂ, ਉਥੇ ਧੱਕੇ ਧੋੜੇ ਹੀ ਹਨ। ਸਾਧਾਰਨ ਘਰਾਂ ਵਿਚੋਂ ਪੜ ਕੇ ਅੱਗੇ ਨਿਕਲਣਾ ਹੁਣ ਤਕਰੀਬਨ ਅਸੰਭਵ ਹੈ। ਵਿਪੰਨਤਾ, ਤੁੱਛਤਾ, ਗ਼ਰੀਬੀ ਅਤੇ ਸਾਧਨਹੀਣਤਾ ਪੰਜਾਬੀਆਂ ਦਾ ਮੁਕੱਦਰ ਬਣ ਚੁੱਕੀ ਹੈ। ਇਨਾਂ ਦੀ ਬਦਨਸੀਬੀ ਦੀਵਾਰ ਉੱਪਰ ਲਿਖੀ ਜਾ ਚੁੱਕੀ ਹੈ, ਇਹ ਇਨਾਂ ਦੀ ਮਰਜ਼ੀ ਹੈ ਅੱਜ ਪੜ ਲੈਣ ਜਾਂ ਕੱਲ।

---

# ਅਮਰੀਕਾ ਵਿਚ ਬੇਰੁਜ਼ਗਾਰੀ ਦੀ ਸਮੱਸਿਆ ਮਹਾਮੰਦੀ ਦੇ ਪੱਧਰ ਜਿੰਨੀ ਵਿਕਰਾਲ

## ਇਕ ਸਰਵੇਖਣ ਮੁਤਾਬਕ ਲਗਪਗ 55 ਫ਼ੀਸਦੀ ਅਮਰੀਕੀ ਮੰਨਦੇ ਹਨ ਕਿ ਪੁਲਿਸੀਆ ਹਿੰਸਾ ਇਕ ਵੱਡੀ ਸਮੱਸਿਆ

**- ਹਰਸ਼ ਵੀ. ਪੰਤ**

ਜਦ ਅਮਰੀਕੀ ਰਾਸ਼ਟਰਪਤੀ ਚੋਣ ਦੀ ਘੜੀ ਨੇੜੇ ਢੁੱਕਦੀ ਜਾ ਰਹੀ ਹੈ ਉਦੋਂ ਉੱਥੇ ਕੁਝ ਵੀ ਸਹੀ ਹੁੰਦਾ ਨਹੀਂ ਦਿਸ ਰਿਹਾ ਹੈ। ਉਦਾਰ ਲੋਕਤੰਤਰ ਦੀ ਮਿਸਾਲ ਨੂੰ ਲੈ ਕੇ ਸਵਾਲ ਉੱਠ ਰਹੇ ਹਨ ਕਿ ਕੀ ਉੱਥੇ ਨਵੰਬਰ ਵਿਚ ਆਉਣ ਵਾਲੇ ਲੋਕ ਫਤਵੇ ਦਾ ਸਨਮਾਨ ਕੀਤਾ ਜਾਵੇਗਾ? ਉਸ ਨਾਲ ਹਿੰਸਾ ਭੜਕਣ ਦਾ ਡਰ ਹੈ ਜੋ ਪਹਿਲਾਂ ਹੀ ਧਰੁਵੀਕਰਨ ਨੂੰ ਹਵਾ ਦੇ ਰਹੀ ਹੈ। ਅਸਲ ਵਿਚ ਕੁਝ ਮੋਰਚਿਆਂ ’ਤੇ ਹਾਲਾਤ ਹੱਥੋਂ ਨਿਕਲ ਗਏ ਹਨ। ਮਸਲਨ ਕੋਵਿਡ-19 ਨਾਲ ਨਜਿੱਠਣ ਨੂੰ ਲੈ ਕੇ ਵਾਸ਼ਿੰਗਟਨ ਦੀ ਰਣਨੀਤੀ ਇੰਨੀ ਲਾਪਰਵਾਹੀ ਵਾਲੀ ਰਹੀ ਕਿ ਕੋਈ ਅਮਰੀਕਾ ਤੋਂ ਜਵਾਬ ਦੀ ਆਸ ਤਕ ਨਹੀਂ ਲਾ ਰਿਹਾ। ਜਨਵਰੀ ਵਿਚ ਚੀਨ ਦੇ ਵੂਹਾਨ ਵਿਚ ਕੋਰੋਨਾ ਵਾਇਰਸ ਕਾਰਨ ਫੈਲੀ ਬਿਮਾਰੀ ਫਰਵਰੀ ਦੇ ਅੰਤ ਤਕ ਇਕ ਵਿਸ਼ਵ ਮਹਾਮਾਰੀ ਵਿਚ ਬਦਲ ਗਈ। ਕਾਰਗਰ ਇਲਾਜ ਦੀ ਘਾਟ ਵਿਚ ਉਸ ਨਾਲ ਨਜਿੱਠਣ ਲਈ ਸਮੁੱਚੇ ਅਰਥਚਾਰੇ ਨੂੰ ਬੰਦ ਕਰਨ ਦੇ ਇਲਾਵਾ ਹੋਰ ਕੋਈ ਬਦਲ ਨਹੀਂ ਸੀ। ਸਿੱਟੇ ਵਜੋਂ ਅੱਜ ਅਮਰੀਕਾ ਵਿਚ ਬੇਰੁਜ਼ਗਾਰੀ ਦੀ ਸਮੱਸਿਆ ਮਹਾਮੰਦੀ ਦੇ ਪੱਧਰ ਜਿੰਨੀ ਵਿਕਰਾਲ ਹੋ ਗਈ ਹੈ। ਖ਼ਦਸ਼ਾ ਜ਼ਾਹਿਰ ਕੀਤਾ ਜਾ ਰਿਹਾ ਹੈ ਕਿ ਅਮਰੀਕਾ ਵਿਚ ਲਗਪਗ ਇਕ ਲੱਖ ਛੋਟੇ ਉੱਦਮ ਬੰਦ ਹੋਣ ਦੇ ਕੰਢੇ ਪੁੱਜ ਗਏ ਹਨ। ਓਥੇ ਹੀ ਵਪਾਰ ਅਤੇ ਤਕਨੀਕ ਦੇ ਮੋਰਚੇ ’ਤੇ ਚੀਨ ਨਾਲ ਸੰਘਰਸ਼ ਵਿਸ਼ਵ-ਵਿਆਪੀ ਰਾਜਨੀਤੀ ਦਾ ਬੁਨਿਆਦੀ ਟਕਰਾਅ ਬਣ ਗਿਆ ਹੈ ਜਿਸ ਵਿਚ ਸੁਲਾ ਦੀ ਕੋਈ ਸੰਭਾਵਨਾ ਨਹੀਂ ਦਿਖਾਈ ਦੇ ਰਹੀ। ਅਮਰੀਕਾ ਵਿਚ ਕੋਰੋਨਾ ਅਜੇ ਵੀ ਕੋਹਰਾਮ ਮਚਾ ਰਿਹਾ ਹੈ। ਉਸ ਤੋਂ ਰਾਹਤ ਦੀਆਂ ਦੂਰ-ਦੂਰ ਤਕ ਸੰਭਾਵਨਾਵਾਂ ਨਹੀਂ ਦਿਸ ਰਹੀਆਂ ਹਨ।

ਇਸ ਮਹਾਮਾਰੀ ਕਾਰਨ ਹੋਣ ਵਾਲੇ ਨੁਕਸਾਨ ਨੂੰ ਘੱਟ ਕਰਨ ਵਿਚ ਰਾਜਨੀਤਕ ਲੀਡਰਸ਼ਿਪ ਲਾਚਾਰ ਦਿਖਾਈ ਦੇ ਰਹੀ ਹੈ। ਅਜਿਹੇ ਵਿਚ ਅਮਰੀਕਾ ਦੁਆਰਾ ਖ਼ੁਦ ਲਈ ਘੜਿਆ ਗਿਆ ਵਿਸ਼ਵ ਨੇਤਾ ਦਾ ਅਕਸ ਤਾਰ-ਤਾਰ ਹੁੰਦਾ ਦਿਖਾਈ ਦੇ ਰਿਹਾ ਹੈ। ਇਸ ਆਫ਼ਤ ਨੇ ਕਲਿਆਣਕਾਰੀ ਰਾਜ ਦੇ ਰੂਪ ਵਿਚ ਅਮਰੀਕਾ ਦੀ ਕਮਜ਼ੋਰੀ ਦੀ ਪੋਲ ਖੋਲ ਕੇ ਰੱਖ ਦਿੱਤੀ ਹੈ ਅਤੇ ਹਾਲਾਤ ਨਾਲ ਨਜਿੱਠਣ ਵਿਚ ਲਾਚਾਰ ਨੀਤੀਆਂ ਨੇ ਮੌਜੂਦਾ ਸੰਕਟ ਨੂੰ ਹੋਰ ਵਿਕਰਾਲ ਬਣਾ ਦਿੱਤਾ ਹੈ। ਅਮਰੀਕਾ ਵਿਚ ਲਗਪਗ 43 ਫ਼ੀਸਦੀ ਲੋਕਾਂ ਕੋਲ ਸਿਹਤ ਬੀਮੇ ਦੀ ਸਹੂਲਤ ਨਹੀਂ ਹੈ। ਇਨਾਂ ਲੋਕਾਂ ਕੋਲ ਸਰਕਾਰੀ ਸਿਹਤ ਸਹੂਲਤਾਂ ਦਾ ਵੀ ਖ਼ਾਸ ਸਹਾਰਾ ਨਹੀਂ ਹੈ। ਅਜਿਹੇ ਵਿਚ ਇਹ ਆਫ਼ਤ ਉਨਾਂ ’ਤੇ ਵੱਡੀ ਮੁਸੀਬਤ ਬਣ ਕੇ ਟੁੱਟੀ ਹੈ। ਅਮਰੀਕਾ ਦੀਆਂ ਦੁਸ਼ਵਾਰੀਆਂ ਲਈ ਮੰਨੋ ਇੰਨਾ ਹੀ ਕਾਫ਼ੀ ਨਹੀਂ ਸੀ। ਜਦ ਕੋਰੋਨਾ ਸੰਕਟ ਜੋਬਨ ’ਤੇ ਸੀ ਉਦੋਂ ਪੁਲਿਸ ਦੇ ਜ਼ੁਲਮ ਕਾਰਨ ਅਮਰੀਕਾ ਵਿਚ ਨਸਲੀ ਤਣਾਅ ਦੀ ਅੱਗ ਭੜਕ ਉੱਠੀ। ਇਕ 46 ਸਾਲਾ ਅਫ਼ਰੀਕੀ-ਅਮਰੀਕੀ ਜਾਰਜ ਫਲੋਇਡ ਦੀ ਮਈ ਵਿਚ ਪੁਲਿਸ ਦੇ ਹੱਥੋਂ ਹੋਈ ਮੌਤ ’ਤੇ ਅਮਰੀਕਾ ਵਿਚ ਤਿੱਖਾ ਪ੍ਰਤੀਕਰਮ ਹੋਇਆ। ਇਸ ਕਾਰਨ ਵਿਰੋਧ-ਪ੍ਰਦਰਸ਼ਨ, ਹਿੰਸਾ, ਦੰਗੇ ਅਤੇ ਪੁਲਿਸੀਆ ਕਾਰਵਾਈ ਦਾ ਹੜ ਆ ਗਿਆ। ਇਕ ਸਰਵੇਖਣ ਮੁਤਾਬਕ ਲਗਪਗ 55 ਫ਼ੀਸਦੀ ਅਮਰੀਕੀ ਮੰਨਦੇ ਹਨ ਕਿ ਪੁਲਿਸੀਆ ਹਿੰਸਾ ਇਕ ਵੱਡੀ ਸਮੱਸਿਆ ਹੈ। ਓਥੇ ਹੀ 58 ਫ਼ੀਸਦੀ ਇਸ ਗੱਲ ਦਾ ਸਮਰਥਨ ਕਰਦੇ ਹਨ ਕਿ ਨਸਲਵਾਦ ਅੱਜ ਦੀਆਂ ਸਭ ਤੋਂ ਵੱਡੀਆਂ ਸਮੱਸਿਆਵਾਂ ’ਚੋਂ ਇਕ ਹੈ। ਇਸੇ ਤਰਾਂ ਦੋ-ਤਿਹਾਈ ਅਮਰੀਕੀਆਂ ਨੂੰ ਲੱਗਦਾ ਹੈ ਕਿ ਉਨਾਂ ਦਾ ਦੇਸ਼ ਗ਼ਲਤ ਦਿਸ਼ਾ ਵਿਚ ਜਾ ਰਿਹਾ ਹੈ। ਇਕ ਅਜਿਹਾ ਦੇਸ਼ ਜੋ ਗਵਰਨੈਂਸ ਅਤੇ ਮਨੁੱਖੀ ਅਧਿਕਾਰ ਦੇ ਮਸਲੇ ’ਤੇ ਬਾਕੀ ਦੁਨੀਆ ਨੂੰ ਭਾਸ਼ਣ ਦਿੰਦਾ ਹੋਵੇ ਅਤੇ ਜੋ ਖ਼ੁਦ ਨੂੰ ਦੁਨੀਆ ਦਾ ਲੀਡਰ ਮੰਨਦਾ ਹੋਵੇ, ਉਹ ਆਪਣੀਆਂ ਅੰਦਰੂਨੀ ਸਮੱਸਿਆਵਾਂ ਨਾਲ ਨਜਿੱਠਣ ਵਿਚ ਨਾਕਾਮ ਦਿਖਾਈ ਦੇ ਰਿਹਾ ਹੈ।

**ਵਿਸ਼ਵ ਚੇਤਨਾ**

ਅਮਰੀਕਾ ਵਿਚ ਵਿਰੋਧ-ਪ੍ਰਦਰਸ਼ਨ ਅੱਜ ਵੀ ਜਾਰੀ ਹਨ। ਇਸ ਨਾਲ ਅਮਰੀਕੀ ਸਮਾਜ ਹੋਰ ਵੱਧ ਧਰੁਵੀਕ੍ਰਿਤ ਹੁੰਦਾ ਜਾ ਰਿਹਾ ਹੈ। ਅਜਿਹੇ ਔਖੇ ਹਾਲਾਤ ਵਿਚ ਸਿਆਸੀ ਲੀਡਰਸ਼ਿਪ ਲੋਕਾਂ ਨੂੰ ਇਕਜੁੱਟ ਕਰਨ ਅਤੇ ਦੇਸ਼ ਨੂੰ ਇਕਜੁੱਟ ਕਰਨ ਦੀ ਤਾਂਘਵਾਨ ਨਹੀਂ ਦਿਸ ਰਹੀ ਹੈ। ਦਰਅਸਲ, ਇਹ ਚੋਣ ਦੌਰ ਹੈ ਅਤੇ ਅਜਿਹੇ ਵਿਚ ਆਪੋ-ਆਪਣੇ ਵੋਟ ਬੈਂਕ ਨੂੰ ਖ਼ੁਸ਼ ਕਰਨਾ ਜ਼ਰੂਰੀ ਹੈ। ਇਹੀ ਕਾਰਨ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਨੂੰ ਕਾਨੂੰਨ-ਵਿਵਸਥਾ ਦੀ ਸਮੱਸਿਆ ਦੇ ਤੌਰ ’ਤੇ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨਾਂ ਨੇ ਆਪਣੇ ਸਿਆਸੀ ਵਿਰੋਧੀਆਂ ’ਤੇ ਅਜਿਹੇ ਤਲਖ਼ ਲਫ਼ਜ਼ਾਂ ਜ਼ਰੀਏ ਹਮਲਾ ਕੀਤਾ ਕਿ ਇਕ ਮ੍ਰਿਤਕ ਡੈਮੋਕ੍ਰੈਟ ਹੀ ਅਸਲ ਵਿਚ ਵਧੀਆ ਡੈਮੋਕ੍ਰੈਟ ਹੁੰਦਾ ਹੈ। ਟਰੰਪ ਆਪਣੇ ਵਿਰੋਧੀ ਡੈਮੋਕ੍ਰੈਟਿਕ ਉਮੀਦਵਾਰ ਜੋਏ ਬਿਡੇਨ ਬਾਰੇ ਵੀ ਫ਼ਜ਼ੂਲ ਦੀਆਂ ਟਿੱਪਣੀਆਂ ਕਰੀ ਜਾ ਰਹੇ ਹਨ। ਉਨਾਂ ਦੀ ਬੌਖਲਾਹਟ ਸ਼ਾਇਦ ਇਸ ਕਾਰਨ ਹੈ ਕਿਉਂਕਿ ਉਹ ਕਈ ਸਰਵੇਖਣਾਂ ਵਿਚ ਬਿਡੇਨ ਤੋਂ ਪਿੱਛੇ ਚੱਲ ਰਹੇ ਹਨ। ਇਸ ਦਾ ਅਰਥ ਇਹ ਹੈ ਕਿ ਟਰੰਪ ਦੀਆਂ ਨੀਤੀਆਂ ਤੋਂ ਜ਼ਿਆਦਾਤਰ ਅਮਰੀਕੀ ਨਾਖ਼ੁਸ਼ ਹਨ। ਇਸੇ ਲਈ ਉਹ ਬਿਡੇਨ ਵੱਲ ਝੁਕਦੇ ਦਿਖਾਈ ਦੇ ਰਹੇ ਹਨ। ਜੇ ਦੇਖਿਆ ਜਾਵੇ ਤਾਂ ਫ਼ਿਲਹਾਲ ਅਮਰੀਕੀ ਸੰਸਥਾਵਾਂ ਦੀ ਸਾਖ਼ ਰਸਾਤਲ ਵਿਚ ਹੈ। ਪੁਲਿਸ ਦੇ ਜ਼ੁਲਮੋ-ਸਿਤਮ ਕਾਰਨ ਘੱਟ-ਗਿਣਤੀ ਭਾਈਚਾਰਿਆਂ ਨਾਲ ਸਬੰਧਤ ਵਿਅਕਤੀਆਂ ਦੀ ਹੋਈ ਮੌਤ ਅਤੇ ਕੋਰੋਨਾ ਦੇ ਇਲਾਜ ਵਿਚ ਅਫ਼ਰੀਕੀ-ਅਮਰੀਕੀਆਂ ਨਾਲ ਹੋ ਰਹੇ ਪੱਖਪਾਤ ਨੇ ਵਿਰੋਧ-ਪ੍ਰਦਰਸ਼ਨਾਂ ਨੂੰ ਹੋਰ ਹਿੰਸਕ ਬਣਾ ਦਿੱਤਾ ਹੈ। ਨਸਲ ਦਾ ਮੁੱਦਾ ਅਮਰੀਕੀ ਸਮਾਜ ਅਤੇ ਨਿਜ਼ਾਮ ਦੇ ਦਿਲੋ-ਦਿਮਾਗ਼ ਵਿਚ ਵਸਿਆ ਹੋਇਆ ਹੈ। ਜਿੱਥੋਂ ਤਕ ਅੰਦਰੂਨੀ ਮਾਮਲਿਆਂ ਨੂੰ ਸੰਭਾਲਣ ਦੀ ਗੱਲ ਹੈ ਤਾਂ ਜਿਹੜਾ ਅਮਰੀਕਾ ਇਸ ਮਾਮਲੇ ਵਿਚ ਭਾਰਤ ਸਹਿਤ ਦੂਜੇ ਮੁਲਕਾਂ ਨੂੰ ਅਕਸਰ ਮਾੜੀ ਨਜ਼ਰ ਨਾਲ ਦੇਖਦਾ ਆਇਆ ਹੈ, ਉਹੀ ਅੱਜ ਇਕਜੁੱਟਤਾ ਦੀ ਅੰਦਰੂਨੀ ਕਮੀ ਤੋਂ ਪੀੜਤ ਮਹਿਸੂਸ ਕਰ ਰਿਹਾ ਹੈ ਜਿਸ ਦਾ ਫ਼ਿਲਹਾਲ ਕੋਈ ਹੱਲ ਵੀ ਨਹੀਂ ਸੁੱਝ ਰਿਹਾ। ਕੋਵਿਡ-19 ਮਹਾਮਾਰੀ ਦੇ ਨਤੀਜੇ, ਵੱਧਦੀ ਸਮਾਜਿਕ-ਆਰਥਿਕ ਭਿੰਨਤਾ, ਰਾਸ਼ਟਰਵਾਦ ਦਾ ਉੱਭਰਨਾ ਅਤੇ ਨਸਲੀ ਤਣਾਅ ਦਾ ਮਿਸ਼ਰਨ ਅਮਰੀਕਾ ਨੂੰ ਕਿਸ ਤਰਾਂ ਦਾ ਆਕਾਰ ਦੇਵੇਗਾ, ਇਸ ਦੀ ਆਪੋ-ਆਪਣੇ ਤਰੀਕੇ ਨਾਲ ਕਲਪਨਾ ਕੀਤੀ ਜਾ ਰਹੀ ਹੈ। ਕੁਝ ਲੋਕ ਇਸ ਨੂੰ ਇਸ ਰੂਪ ਵਿਚ ਦੇਖ ਰਹੇ ਹਨ ਕਿ ਹੁਣ ਵਿਸ਼ਵ ਪੱਧਰੀ ਮਾਮਲਿਆਂ ਵਿਚ ਅਮਰੀਕੀ ਸਰਬਉੱਚਤਾ ਦਾ ਅੰਤ ਹੋ ਰਿਹਾ ਹੈ। ਇਹ ਭਾਵੇਂ ਸੱਚ ਹੋਵੇ ਜਾਂ ਨਾ, ਪਰ ਅਮਰੀਕਾ ਵਿਚ ਖ਼ੁਦ ਨੂੰ ਮੁਸੀਬਤਾਂ ਵਿਚੋਂ ਬਾਹਰ ਕੱਢਣ ਦੀ ਅਥਾਹ ਅੰਦਰੂਨੀ ਸਮਰੱਥਾ ਹੈ।

ਇਸ ਨੂੰ ਉਸ ਨੇ ਅਤੀਤ ਵਿਚ ਪ੍ਰਦਰਸ਼ਿਤ ਵੀ ਕੀਤਾ ਹੈ।ਅਜਿਹਾ ਲੱਗਦਾ ਹੈ ਕਿ ਅਮਰੀਕਾ ਹੋਰ ਵੱਧ ਧਰੁਵੀਕ੍ਰਿਤ ਹੋਵੇਗਾ ਅਤੇ ਉਸ ਦੀ ਰਾਜਨੀਤੀ ਵਿਚ ਟਕਰਾਅ ਵੀ ਵਧੇਗਾ।

**(ਲੇਖਕ ਆਬਜ਼ਰਵਰ ਰਿਸਰਚ ਫਾਊਂਡੇਸ਼ਨ ’ਚ ਰਣਨੀਤਕ ਅਧਿਐਨ ਪ੍ਰੋਗਰਾਮ ਦਾ ਨਿਰਦੇਸ਼ਕ ਹੈ)**

# ਯੂ.ਪੀ. ਦੇ ਦਲਿਤ ਭਗਵਿਆਂ ਦੀ ਗੁੰਡਾਗਰਦੀ ਦੇ ਸ਼ਿਕਾਰ

## ✪ ਠਾਕੁਰ ਦਲਿਤ ਬਸਤੀਆਂ ਦੀਆਂ ਔਰਤਾਂ ਨਾਲ ਕਰ ਰਹੇ ਨੇ ਛੇੜਖਾਨੀਆਂ ਤੇ ਦਲਿਤਾਂ ਦਾ ਕਰ ਰਹੇ ਨੇ ਜਾਨੀ ਮਾਲੀ ਨੁਕਸਾਨ

## ✪ ਠਾਕੁਰ ਸ਼ਮਸ਼ਾਨਘਾਟਾਂ ਵਿਚ ਨਹੀਂ ਕਰਨ ਦੇ ਰਹੇ ਸਸਕਾਰ ✪ ਪੁਲਿਸ ਭੁਗਤ ਰਹੀ ਏ ਠਾਕੁਰਾਂ ਦੇ ਪੱਖ ਵਿਚ

**- ਕਾਰਵਾਂ ਮੀਡੀਆ**







ਯੂਪੀ ਵਿਚ ਇਸ ਸਮੇਂ ਦਲਿਤਾਂ ਤੇ ਘਟ ਗਿਣਤੀਆਂ ਉਪਰ ਨਸਲੀ ਤੇ ਫਿਰਕੂ ਹਮਲੇ ਹੋ ਰਹੇ ਹਨ। ਜਾਤੀਵਾਦ ਆਪਣੇ ਆਪ ਵਿਚ ਵਿਚ ਨਸਲੀ ਅੱਤਵਾਦ ਹੈ। ਕੋਰੋਨਾ ਮਹਾਂਮਾਰੀ ਨੂੰ ਨਜਿੱਠਣ ਲਈ ਲਾਗੂ ਕੀਤੀ ਗਈ ਦੇਸ਼ ਵਿਆਪੀ ਤਾਲਾਬੰਦੀ ਦੌਰਾਨ ਉੱਤਰ ਪ੍ਰਦੇਸ਼ ਦੇ ਦਲਿਤਾਂ ਉੱਤੇ ਉਚ ਜਾਤੀਆਂ, ਖ਼ਾਸ ਕਰਕੇ ਠਾਕੁਰਾਂ ਦੁਆਰਾ ਹਿੰਸਕ ਹਮਲੇ ਕੀਤੇ ਜਾ ਰਹੇ ਹਨ। ਇਸ ਸਮੇਂ ਦੌਰਾਨ ਸ਼ਹਿਰਾਂ ਵਿਚ ਰੁਜ਼ਗਾਰ ਖ਼ਤਮ ਹੋ ਗਿਆ ਹੈ ਤੇ ਲੱਖਾਂ ਮਜ਼ਦੂਰ ਪਿੰਡ ਵਾਪਸ ਪਰਤ ਆਏ ਹਨ, ਪਰ ਇੱਥੇ ਉਨਾਂ ਨੂੰ ਜਾਤੀਵਾਦੀ ਜ਼ੁਲਮਾਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। 12 ਜੂਨ ਨੂੰ 100 ਤੋਂ ਵੱਧ ਠਾਕੁਰਾਂ ਨੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਆਦਿਤਿਆਨਾਥ ਦੇ ਗੋਰਖਪੁਰ ਜ਼ਿਲੇ ਦੇ ਥਾਣਾ ਗਗਾਹਾ ਅਧੀਨ ਪੈਂਦੇ ਪੋਖੜੀ ਪਿੰਡ ਵਿੱਚ ਦਲਿਤਾਂ ਦੀ ਇੱਕ ਬਸਤੀ ਉੱਤੇ ਹਮਲਾ ਕੀਤਾ । ਹਮਲੇ ਵਿਚ ਬਹੁਤ ਸਾਰੇ ਦਲਿਤਾਂ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਪੁਲਿਸ ਨੇ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਪਰ ਅਜੇ ਤਕ ਕਿਸੇ ਵੀ ਦੋਸ਼ੀ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ। ਪੋਖੜੀ ਪਿੰਡ ਦੇ 24 ਸਾਲਾ ਅਤੁੱਲ ਕੁਮਾਰ ਨੇ ਦੱਸਿਆ ਕਿ 12 ਜੂਨ ਨੂੰ ਪਿੰਡ ਵਿੱਚ ਦੇਵੀ ਕਾਲੀ ਦੀ ਪੂਜਾ ਸੀ । ਅਤੁਲ ਦੇ ਇਲਾਕੇ ਦੇ ਤਿੰਨ ਲੋਕ ਰਜਨੀਕਾਂਤ, ਛੋਟੂ ਅਤੇ ਉਨਾਂ ਦੇ ਪਿਤਾ ਮੁਰਾਰੀ ਇਸ ਪੂਜਾ ਵਿਚ ਸ਼ਾਮਲ ਹੋਣ ਆਏ ਸਨ। ਅਤੁੱਲ ਨੇ ਦੱਸਿਆ, ਕੁਝ ਸਮੇਂ ਬਾਅਦ ਮੁਰਾਰੀ ਉਥੋਂ ਵਾਪਸ ਆਇਆ। ਮੁਰਾਰੀ ਦੇ ਵਾਪਸ ਪਰਤਣ ਤੋਂ ਬਾਅਦ ਛੋਟੂ ਅਤੇ ਰਜਨੀਕਾਂਤ ਨੂੰ ਪਿੰਡ ਦੀ ਠਾਕੁਰ ਮਾਂ ਅਤੇ ਭੈਣ ਨੇ ਗਾਲਾਂ ਕੱਢੀਆਂ ਅਤੇ ਦੋਹਾਂ ਨੂੰ ਕੁਟ ਮਾਰ ਕੇ ਭਜਾ ਦਿਤਾ। ਅਤੁੱਲ ਨੇ ਕਿਹਾ, “ਪਰ ਅਗਲੇ ਹੀ ਦਿਨ, 13 ਜੂਨ ਨੂੰ ਸਵੇਰੇ 8 ਵਜੇ ਦੇ ਕਰੀਬ ਸਾਡੇ ਇਲਾਕੇ ਦੇ ਸ਼ੈਲੇਸ਼ ਜੋ ਕਿ ਮਾਰਕੀਟ ਜਾ ਰਹੇ ਸਨ, ਨੂੰ ਰਸਤੇ ਵਿੱਚ ਹੀ ਠਾਕੁਰਾਂ ਨੇ ਕੁੱਟਮਾਰ ਕੀਤੀ।“

ਜ਼ਖਮੀ ਸ਼ੈਲੇਸ਼ ਸਿਰਫ ਘਰ ਪਹੁੰਚਿਆ ਸੀ ਕਿ ਬਜ਼ੁਰਗ ਠਾਕੁਰਾਂ ਨੇ ਘਰ ਆ ਕੇ ਮੁਆਫੀ ਮੰਗੀ ਅਤੇ ਦੋਵਾਂ ਧਿਰਾਂ ਵਿਚਕਾਰ ਸਮਝੌਤਾ ਹੋ ਗਿਆ। ਇਸ ਤੋਂ ਬਾਅਦ ਰਾਤ 10 ਵਜੇ ਦੇ ਕਰੀਬ ਸੌ ਠਾਕੁਰਾਂ ਨੇ ਪਿੰਡ ’ਤੇ ਹਮਲਾ ਕਰ ਦਿੱਤਾ ਅਤੇ ਉਨਾਂ ਨੇ ਪਿੰਡ ਵਿਚ ਮੌਜੂਦ ਸਾਰੇ ਲੋਕਾਂ ਨੂੰ ਕੁਟਿਆ।



ਅਤੁੱਲ ਨੇ ਦੱਸਿਆ, “ਮੇਰੀ ਗਰਭਵਤੀ ਭਾਬੀ ਮਨੀਸ਼ਾ ਦੇਵੀ ਨੂੰ ਵੀ ਕੁਟਿਆ। ਪਿੰਡ ਦੇ ਚੰਦਰਕਲਾ, ਅੰਕਿਤਾ, ਰਜਨੀਕਾਂਤ, ਰਾਮਕੀਰਤ ਅਤੇ ਹੋਰਨਾਂ ਨੂੰ ਗੰਭੀਰ ਸੱਟਾਂ ਲੱਗੀਆਂ। ਅਤੁੱਲ ਨੇ ਕਿਹਾ, ’ਚੰਦਰਕਲਾ ਨੂੰ ਦੋ ਦਿਨਾਂ ਲਈ ਗੋਰਖਪੁਰ ਮੈਡੀਕਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ।’ ਅਤੁੱਲ ਨੇ ਕਿਹਾ ਕਿ ਹਮਲੇ ਵਿੱਚ ਉਸ ਦੇ ਹੱਥ ਦੀ ਇੱਕ ਉਂਗਲ ਟੁੱਟ ਗਈ ਸੀ । ‘ਮੇਰੀ ਡਾਕਟਰੀ ਜਾਂਚ 10 ਦਿਨਾਂ ਬਾਅਦ ਕੀਤੀ ਗਈ ਪਰ ਉਦੋਂ ਤਕ ਮੇਰੀ ਸੱਟ ਠੀਕ ਹੋ ਗਈ।’ ਅਸੀਂ 29 ਨਾਮਜ਼ਦ ਅਤੇ 71 ਅਣਪਛਾਤੇ ਲੋਕਾਂ ਖ਼ਿਲਾਫ਼ ਕੇਸ ਦਰਜ ਕਰਵਾਇਆ ਪਰ ਅਜੇ ਤੱਕ ਕੋਈ ਗ੍ਰਿਫ਼ਤਾਰੀ ਨਹੀਂ ਹੋਈ ।

ਅਤੁਲ ਅਤੇ ਉਸ ਦਾ ਭਰਾ ਅਭਿਸ਼ੇਕ ਮੁੰਬਈ ਵਿੱਚ ਮਜਦੂਰੀ ਕਰਦੇ ਹਨ। ਉਸਨੇ ਦੱਸਿਆ, ਸਾਡੇ ਦੋਵੇਂ ਭਰਾ 18 ਮਈ ਨੂੰ ਘਰ ਆਏ ਸਨ, ਪਰ ਠਾਕੁਰਾਂ ਦੇ ਹਮਲੇ ਤੋਂ ਡਰ ਗਏ ਹਨ। ਠਾਕੁਰਾਂ ਨੇ ਸਾਡੇ ਇਲਾਕੇ ਦੀਆਂ ਚਾਰ ਮੋਟਰ ਸਾਈਕਲਾਂ ਭੰਨ ਦਿੱਤੀਆਂ ।

ਗੋਰਖਪੁਰ ਵਰਗੀ ਇਕ ਹੋਰ ਘਟਨਾ ਅਯੁੱਧਿਆ ਜ਼ਿਲੇ ਦੇ ਸਮਰਧੀਰ ਪਿੰਡ ਦੀ ਹੈ। 17 ਜੁਲਾਈ ਨੂੰ ਇਸ ਪਿੰਡ ਦੇ ਠਾਕੁਰਾਂ ਨੇ ਦਲਿਤਾਂ ਦੀ ਬਸਤੀ ਤੇ ਹਮਲਾ ਕੀਤਾ ਸੀ। ਪਿੰਡ ਦੇ ਬ੍ਰਿਜ ਲਾਲ ਗੌਤਮ ਨੇ ਦੱਸਿਆ, ਸਾਡੇ ਇਲਾਕੇ ਦਾ ਇੱਕ ਛੋਟਾ ਬੱਚਾ, ਜਿਸ ਦੀ ਉਮਰ 10 ਸਾਲ ਹੋਵੇਗੀ, ਤਲਾਅ ਵਿੱਚ ਮੱਛੀ ਫੜਣ ਗਿਆ ਸੀ। ਉਸੇ ਸਮੇਂ ਉਥੇ ਤਿੰਨ ਠਾਕੁਰ ਮੁੰਡੇ ਸ਼ਰਾਬ ਪੀ ਰਹੇ ਸਨ। ਉਨਾਂ ਵਿਚੋਂ ਇਕ ਨੇ ਇਸ ਬੱਚੇ ਦੇ ਕੰਡੇ ’ਤੇ ਇਕ ਵੱਟਾ ਮਾਰ ਦਿੱਤਾ। ਜਦੋਂ ਉਸ ਛੋਟੇ ਬੱਚੇ ਨੇ ਗੁਸੇ ਵਿਚ ਗਾਲਾਂ ਕੱਢ ਦਿੱਤੀਆਂ ਤਾਂ ਠਾਕੁਰ ਮੁੰਡਿਆਂ ਨੇ ਉਸ ਨੂੰ ਛੱਪੜ ਵਿਚ ਡੁੱਬੋਣਾ ਸ਼ੁਰੂ ਕਰ ਦਿੱਤਾ। ਉਸੇ ਸਮੇਂ ਉਸਦਾ ਵੱਡਾ ਭਰਾ ਪ੍ਰਮੋਦ ਉਥੇ ਆਇਆ, ਤਦ ਉਨਾਂ ਨੇ ਪ੍ਰਮੋਦ ਨੂੰ ਵੀ ਕੁਟਣਾ ਸ਼ੁਰੂ ਕਰ ਦਿੱਤਾ। ਉਸੇ ਸਮੇਂ ਦਲਿਤ ਇਲਾਕੇ ਦੇ ਤਿੰਨ ਲੜਕੇ ਆਏ ਅਤੇ ਉਨਾਂ ਦਾ ਬਚਾਅ ਕਰਨ ਲੱਗੇ ਕਿ ਠਾਕੁਰ ਮੁੰਡਿਆਂ ਨੇ ਉਨਾਂ ਨੂੰ ਵੀ ਮਾਰਨਾ ਸ਼ੁਰੂ ਕਰ ਦਿੱਤਾ।

ਬ੍ਰਿਜਲਾਲ ਨੇ ਕਿਹਾ, ਅਸੀਂ ਅਗਲੀ ਸਵੇਰ 18 ਜੁਲਾਈ ਨੂੰ ਸਵੇਰੇ 9 ਵਜੇ ਹੈਦਰਗੰਜ ਥਾਣੇ ਸ਼ਿਕਾਇਤ ਕਰਨ ਗਏ, ਤਾਂ ਪੁਲਿਸ ਵਾਲਿਆਂ ਨੇ ਇਹ ਕਹਿ ਕੇ ਸਾਡਾ ਚਲਾਨ ਕੱਟ ਦਿੱਤਾ ਕਿ ਤੁਸੀਂ ਮਾਸਕ ਨਹੀਂ ਪਹਿਨੇ ਹੋਏ। ਬ੍ਰਿਜਲਾਲ ਨੇ ਦਾਅਵਾ ਕੀਤਾ, ਸਾਡੇ ਚਿਹਰੇ ਕਪੜੇ ਨਾਲ ਢਕੇ ਹੋਏ ਸਨ । ਸਾਨੂੰ 10 ਜਣਿਆਂ ਨੂੰ ਸਾਰਿਆਂ ਲਈ 500-500 ਰੁਪਏ ਦਾ ਚਲਾਣ ਭਰਨਾ ਪਿਆ।

ਗੌਤਮ ਨੇ ਦੱਸਿਆ ਕਿ ਅਗਲੇ ਹੀ ਦਿਨ 20 ਜੁਲਾਈ ਨੂੰ 40-50 ਹਥਿਆਰਬੰਦ ਠਾਕੁਰ ਹਥਿਆਰਾਂ ਪਿਸਤੋਲਾ, ਤਲਵਾਰਾਂ ਨਾਲ ਸਾਨੂੰ ਮਾਰਨ ਆ ਗਏ। ਇਸ ਹਮਲੇ ਦੌਰਾਨ ਮਨੀਸ਼, ਰਮੇਸ਼, ਦਿਨੇਸ਼, ਸੰਤਜੀ, ਊਸ਼ਾ ਅਤੇ ਪ੍ਰਮੋਦ ਨੂੰ ਗੰਭੀਰ ਸੱਟਾਂ ਲੱਗੀਆਂ। ਊਸ਼ਾ ਦੀ ਪਿੱਠ ਉੱਤੇ ਇੱਕ ਕੁਹਾੜਾ ਲਗਿਆ । ਸੰਤ ਜੀ ਦਾ ਸਿਰ ਫਟਿਆ ਹੋਇਆ ਸੀ ।ਦੋਵਾਂ ਨੂੰ ਫੈਜ਼ਾਬਾਦ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਗੌਤਮ ਨੇ ਦਸਿਆ ਕਿ ਅਸੀਂ ਐਫਆਈਆਰ ਦਰਜ ਕਰਵਾਈ ਹੈ ਪਰ ਪੁਲੀਸ ਨੇ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ । ਇਹੋ ਜਿਹੀਆਂ ਦੁਖਾਂਤ ਭਰੀਆਂ ਬਹੁਤ ਸਾਰੀਆਂ ਕਹਾਣੀਆਂ ਹਨ ਜੋ ਦਬਾ ਲਈਆਂ ਜਾਂਦੀਆਂ ਹਨ। ਗਰੀਬਾਂ ਦਾ ਕੋਣ ਹੁੰਦਾ ਹੈ। ਨਾ ਇਨਸਾਫ ਨਾ ਇਨਸਾਫ ਦੇ ਦੇਵਤੇ। ਨਾ ਇਹ ਮੀਡੀਆ ਦੀ ਖਬਰ ਬਣਦੇ ਹਨ।

ਹਮਲੇ ਦੇ ਕਾਰਨਾਂ ਬਾਰੇ ਬ੍ਰਿਜਲਾਲ ਨੇ ਦੱਸਿਆ, ਅਸੀਂ 20 ਲੋਕਾਂ ਨੇ 10 ਦਿਨ ਠਾਕੁਰਾਂ ਦੇ ਖੇਤਾਂ ਵਿੱਚ ਝੋਨਾ ਲਾਇਆ ਸੀ। ਇੱਕ ਆਦਮੀ ਦੀ ਦਿਹਾੜੀ ਇੱਕ ਦਿਨ ਵਿੱਚ 8 ਕਿੱਲੋ ਕਣਕ ਹੁੰਦੀ ਹੈ, ਪਰ ਹੁਣ ਉਹ ਦੇਣ ਤੋਂ ਇਨਕਾਰ ਕਰਦੇ ਹਨ। ਜਦੋਂ ਅਸੀਂ ਸ਼ਿਕਾਇਤ ਕਰਨ ਗਏ ਤਾਂ ਪੁਲਿਸ ਨੇ ਕੋਈ ਸੁਣਵਾਈ ਨਹੀਂ ਕੀਤੀ ਅਤੇ ਠਾਕੁਰ ਸਾਨੂੰ ਧਮਕੀਆਂ ਦੇ ਰਹੇ ਹਨ ।

ਥਾਣਾ ਇੰਚਾਰਜ ਕਨਈਆ ਯਾਦਵ ਦਾ ਕਹਿਣਾ ਹੈ ਕਿ ਦੋਵੇਂ ਧਿਰਾਂ ਵਿਚ ਝਗੜਾ ਹੋਇਆ ਸੀ, ਇਸ ਲਈ ਦੋਵਾਂ ’ਤੇ ਕੇਸ ਦਰਜ ਕੀਤਾ ਗਿਆ ਹੈ। ਯਾਦਵ ਨੇ ਕਿਹਾ, ‘ਦੋਵਾਂ ਪਾਸਿਆਂ ਦੇ ਲੋਕਾਂ ਤੇ ਧਾਰਾ 151 ਦਾ ਚਲਾਨ ਕੀਤਾ ਗਿਆ ਹੈ ਅਤੇ ਅਗਲੀ ਕਾਰਵਾਈ ਕਰ ਰਹੇ ਹਨ।’

ਤੀਜੀ ਘਟਨਾ ਜੌਨਪੁਰ ਜ਼ਿਲੇ ਦੇ ਪਿੰਡ ਭੁਆ ਖੁਰਦ ਦੀ ਹੈ। ਇਥੇ ਵੀ 40 ਤੋਂ ਵੱਧ ਠਾਕੁਰਾਂ ਨੇ ਦਲਿਤਾਂ ਦੀ ਬਸਤੀ ’ਤੇ ਹਮਲਾ ਕੀਤਾ ਸੀ। ਬਹੁਤ ਸਾਰੇ ਦਲਿਤਾਂ ਨੂੰ ਗੰਭੀਰ ਸੱਟਾਂ ਲੱਗੀਆਂ। ਇਸ ਪਿੰਡ ਦੇ ਮੰਗਰੋਰਾਮ ਨੇ ਦੱਸਿਆ; ਹਮਲਾ 19 ਜੁਲਾਈ ਦੀ ਸਵੇਰ ਨੂੰ ਹੋਇਆ ਸੀ। ਸਾਡੇ ਦੋ ਬੱਚੇ ਗੋਲੂ ਅਤੇ ਰਾਹੁਲ ਬਗੀਚੇ ਵਿਚ ਮੱਝਾਂ ਨੂੰ ਚਾਰ ਰਹੇ ਸਨ। ਜਦੋਂ ਉਹ ਦੋਵੇਂ ਬਾਗ਼ ਵਿਚ ਅੰਬਾਂ ਨੂੰ ਵਟੇ ਮਾਰ ਰਹੇ ਸਨ ਤਾਂ ਇਕ ਵਟਾ ਲੰਘ ਰਹੇ ਦੋ ਠਾਕੁਰ ਮੁੰਡਿਆਂ ਵਿਚੋਂ ਇਕ ਦੇ ਲਗਿਆ। ਇਸ ’ਤੇ, ਉਹ ਜਾਤੀ ਸੂਚਕ ਗਾਲ਼ਾਂ ਕਢਣ ਲਗੇ। ਦੋਹਾਂ ਵਿਚਾਲੇ ਝਗੜਾ ਸੁਰੂ ਹੋ ਗਿਆ। ਠਾਕੁਰ ਦੇ ਮੁੰਡਿਆਂ ਨੇ ਉਥੇ 10 ਹੋਰ ਮੁੰਡਿਆਂ ਨੂੰ ਬੁਲਾਇਆ ।ਉਹ ਸਾਰੇ ਡਾਂਗਾਂ ਅਤੇ ਹਾਕੀਆਂ ਲੈ ਕੇ ਪਹੁੰਚੇ ਅਤੇ ਗੋਲੂ ਅਤੇ ਰਾਹੁਲ ਦੋਵਾਂ ਨੂੰ ਬਹੁਤ ਜਿਆਦਾ ਮਾਰਿਆ ।ਜਿਵੇਂ ਹੀ ਸਾਡੇ ਮੁੰਡਿਆਂ ਨੂੰ ਇਸ ਬਾਰੇ ਪਤਾ ਲੱਗਿਆ, ਉਹ ਵੀ ਚਾਰ-ਪੰਜ ਲੋਕਾਂ ਨਾਲ ਉਥੇ ਪਹੁੰਚ ਗਏ ਅਤੇ ਗੋਲੂ ਅਤੇ ਰਾਹੁਲ ਨੂੰ ਬਚਾਉਣਾ ਸ਼ੁਰੂ ਕਰ ਦਿੱਤਾ। ਠਾਕੁਰਾਂ ਨੇ ਉਹਨਾਂ ਨੂੰ ਕੁਟਿਆ। ਮੰਗਰੋ ਰਾਮ ਨੇ ਕਿਹਾ ਕਿ ਰਾਤ 12 ਵਜੇ ਦੇ ਕਰੀਬ ਉਨਾਂ ਨੇ ਪੁਲਿਸ ਨੂੰ ਬੁਲਾਇਆ ਕਿਉਂਕਿ ਉਸੇ ਸਮੇਂ 40 ਤੋਂ ਵੱਧ ਠਾਕੁਰਾਂ ਨੇ ਲਾਠੀਆਂ, ਹਾਕੀਆਂ, ਡੰਡਿਆਂ ਨਾਲ ਬਸਤੀ ਉੱਤੇ ਹਮਲਾ ਕਰ ਦਿਤਾ ਸੀ । ਉਸਨੇ ਕਿਹਾ, ਮੇਰੇ ਹੱਥ ਤੇ ਸੱਟ ਲੱਗੀ। ਠਾਕੁਰਾਂ ਨੇ ਪੁਲਿਸ ਦੇ ਸਾਹਮਣੇ ਸਾਡੀ ਕੁੱਟਮਾਰ ਕੀਤੀ। ‘ਮੀਨਾਕਸ਼ੀ, ਸ਼ਿਲਪੀ, ਸੰਦੀਪ, ਰਾਹੁਲ, ਮੂਲਚੰਦ, ਗੋਲੂ ਅਤੇ ਪ੍ਰਦੀਪ ਸਮੇਤ ਪਿੰਡ ਦੇ ਬਹੁਤ ਸਾਰੇ ਲੋਕ ਜ਼ਖਮੀ ਹੋਏ ਹਨ। ਮੰਗੂਰਾਮ ਨੇ ਕਿਹਾ, ਅਸੀਂ 15 ਲੋਕਾਂ ਨੂੰ ਨਾਮਜ਼ਦ ਕੀਤਾ ਹੈ ਅਤੇ 25 ਅਣਪਛਾਤੇ ਲੋਕਾਂ ਬਾਰੇ ਰਿਪੋਰਟਾਂ ਦਰਜ ਕਰਵਾਈਆਂ ਹਨ। ਜਿਸ ਵਿਚ ਪੁਲਿਸ ਨੇ ਸਿਰਫ 9 ਲੋਕਾਂ ਦਾ ਨਾਮ ਦਰਜ ਕੀਤਾ ਹੈ। ਉਸਨੇ ਦੱਸਿਆ, ਸਾਨੂੰ ਅਜੇ ਵੀ ਧਮਕੀਆਂ ਮਿਲ ਰਹੀਆਂ ਹਨ ।’

ਇਸੇ ਤਰਾਂ ਆਗਰਾ ਦੇ ਪਿੰਡ ਦਹਗਵਾਨ ਵਿੱਚ, ਠਾਕੁਰਲੋਕਾਂ ਨੇ ਦਲਿਤ ਲੋਕਾਂ ਦੀ ਕੁੱਟਮਾਰ ਕੀਤੀ ਅਤੇ ਔਰਤਾਂ ਨਾਲ ਛੇੜਛਾੜ ਕੀਤੀ। ਪਿੰਡ ਦੇ ਸੁਨੀਲ ਕੁਮਾਰ ਨੇ ਦੱਸਿਆ ਕਿ 11 ਜੁਲਾਈ ਨੂੰ ਸਵੇਰੇ 9.30 ਵਜੇ ਜਦੋਂ ਉਸਦੀ ਭੈਣ ਸੱਤਵਤੀ, ਚਾਚੀ, ਪਤਨੀ ਅਤੇ ਘਰੇਲੂ ਬੱਚੇ ਮੰਦਰ ਜਾ ਰਹੇ ਸਨ ਤਾਂ ਠਾਕੁਰ ਜਾਤੀ ਅਕਾਸ਼ ਸਿੰਘ ਅਤੇ



ਉਸ ਦੇ ਭਰਾ ਵਿਕਾਸ ਸਿੰਘ ਨੇ ਭੈਣ ਨਾਲ ਛੇੜਛਾੜ ਕੀਤੀ । ਜਦੋਂ ਸੱਤਿਆਵਤੀ ਨੇ ਰੌਲਾ ਪਾਇਆ ਤਾਂ ਵਿਕਾਸ ਅਤੇ ਆਕਾਸ਼ ਦੇ ਪਿਤਾ ਭਗਵਾਨ ਸਿੰਘ ਅਤੇ ਛੀਦਾ ਸਿੰਘ ਵੀ ਆ ਗਏ। ਇਨਾਂ ਸਾਰੇ ਲੋਕਾਂ ਨੇ ਸੱਤਿਆਵਤੀ, ਚਾਚੀ ਸੁਨੀਲ ਦੀ ਮਾਂ ਨੂੰ ਕੁਟਿਆ।ਜਦੋਂ ਇਹ ਸਭ ਹੋ ਰਿਹਾ ਸੀ ਤਾਂ ਸੁਨੀਲ ਦਾ ਚਾਚਾ ਉਥੇ ਦਖਲ ਦੇਣ ਲਈ ਉਥੇ ਪਹੁੰਚ ਗਿਆ ਪਰ ਠਾਕੁਰਾਂ ਨੇ ਵੀ ਉਸ ਦੀ ਕੁੱਟਮਾਰ ਕੀਤੀ।

ਸੁਨੀਲ ਨੇ ਦੱਸਿਆ, ਮੈਂ ਅਤੇ ਮੇਰਾ ਭਰਾ ਨੋਇਡਾ ਵਿਚ ਇਕ ਨਿਜੀ ਕੰਪਨੀ ਵਿਚ ਕੰਮ ਕਰਦੇ ਹਾਂ। ਜਿਵੇਂ ਹੀ ਸਾਨੂੰ ਇਸ ਘਟਨਾ ਬਾਰੇ ਪਤਾ ਲੱਗਿਆ, ਅਸੀਂ ਉੱਥੋਂ ਰਵਾਨਾ ਹੋਏ ਅਤੇ ਸ਼ਾਮ ਤੱਕ ਪਿੰਡ ਆ ਗਏ .।

ਅਗਲੇ ਹੀ ਦਿਨ, 12 ਜੁਲਾਈ ਨੂੰ ਅਸੀਂ ਉਸ ਨੂੰ ਇਲਾਜ ਲਈ ਆਗਰਾ ਲੈ ਗਏ ਪਰ ਸਰਕਾਰੀ ਹਸਪਤਾਲਾਂ ਨੇ ਉਸ ਨੂੰ ਦਾਖਲ ਕਰਨ ਤੋਂ ਇਨਕਾਰ ਕਰ ਦਿੱਤਾ। ਕਿਸੇ ਤਰਾਂ ਉਨਾਂ ਨੇ ਇੱਕ ਨਿੱਜੀ ਹਸਪਤਾਲ ਵਿੱਚ ਇਲਾਜ ਸ਼ੁਰੂ ਕੀਤਾ। ਸੁਨੀਲ ਨੇ ਕਿਹਾ ਕਿ ਉਸ ਨੇ 12 ਜੁਲਾਈ ਨੂੰ ਇਸ ਮਾਮਲੇ ਦੀ ਸ਼ਿਕਾਇਤ ਪੁਲੀਸ ਨੂੰ ਦਿੱਤੀ ਸੀ ਪਰ ਉਸ ਦਿਨ ਕੋਈ ਰਿਪੋਰਟ ਦਰਜ ਨਹੀਂ ਕੀਤੀ ਗਈ ਸੀ। ਸਾਡੀ ਰਿਪੋਰਟ ਅਗਲੇ ਹੀ ਦਿਨ 13 ਜੁਲਾਈ ਨੂੰ ਦਰਜ ਕੀਤੀ ਗਈ ਸੀ।

ਸੁਨੀਲ ਨੇ ਦੱਸਿਆ ਕਿ ਸ਼ਿਕਾਇਤ ਦੀ ਖ਼ਬਰ ਮਿਲਦਿਆਂ ਹੀ ਉਸੇ ਰਾਤ 11 ਵਜੇ ਦੇ ਕਰੀਬ ਠਾਕੁਰਾਂ ਨੇ ਉਨਾਂ ਦੀਆਂ ਝੁੱਗੀਆਂ ਨੂੰ ਅੱਗ ਲਗਾ ਦਿੱਤੀ, ਪਰ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ।

ਬਾਕੀ ਸਫ਼ਾ 27 ’ਤੇ

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**



**PROPERTY ADDRESS: 27022 RIVER ROADM, NEWMAN CA 95360.**



RANJIT SINGH
(Lic: 01922089)

## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਭਾਰਤੀ ਅਦਾਕਾਰਾ ਕੰਗਨਾ ਰਣੌਤ ਨੇ ਸੰਘਰਸ਼ ਕਰ ਰਹੇ ਕਿਸਾਨਾਂ ਨੂੰ ਅੱਤਵਾਦੀ ਦੱਸਿਆ, ਰਣਜੀਤ ਬਾਵੇ ਨੇ ਲਈ ਕਰੜੇ ਹੱਥੀਂ




**ਅੰਮ੍ਰਿਤਸਰ ਟਾਈਮਜ਼ ਬਿਊਰੋ:** ਭਾਜਪਾ ਸਰਕਾਰ ਵੱਲੋਂ ਉੱਚ ਸੁਰੱਖਿਆ ਹਾਸਲ ਕਰਨ ਤੋਂ ਬਾਅਦ ਬਾਲੀਵੁੱਡ ਦੀ ਅਦਾਕਾਰਾ ਕੰਗਨਾ ਰਣੌਤ ਦੀ ਮਾਨਸਿਕਤਾ ਇਸ ਕਦਰ ਹੰਕਾਰੀ ਹੋ ਗਈ ਹੈ ਕਿ ਉਸਨੂੰ ਸੜਕਾਂ ’ਤੇ ਸਰਕਾਰ ਖਿਲਾਫ ਅਤੇ ਆਪਣੇ ਹੱਕ ਬਚਾਉਣ ਲਈ ਸ਼ਾਂਤਮਈ ਸੰਘਰਸ਼ ਕਰ ਰਹੇ ਕਿਸਾਨ ਵੀ ‘ਅੱਤਵਾਦੀ’ ਨਜ਼ਰ ਆ ਰਹੇ ਹਨ।

ਭਾਵੇਂ ਕਿ ਭਾਰਤ ਦੀ ਸਰਕਾਰ ਨੇ ਰਾਜ ਸਭਾ ਵਿਚ ਸ਼ਰੇਆਮ ਗੁੰਡਾਗਰਦੀ ਕਰਦਿਆਂ ਗੈਰ-ਵਾਜਿਬ ਤਰੀਕੇ ਨਾਲ ਕਿਸਾਨ ਵਿਰੋਧੀ ਬਿੱਲ ਪਾਸ ਕਰ ਦਿੱਤੇ ਪਰ ਕਿਸਾਨਾਂ ਦਾ ਸੰਘਰਸ਼ ਲਗਾਤਾਰ ਸ਼ਾਂਤਮਈ ਚਲ ਰਿਹਾ ਹੈ। ਕੰਗਨਾ ਰਣੌਤ ਭਾਜਪਾ ਪ੍ਰਸਤੀ ਵਿਚ ਇਸ ਕਦਰ ਡੁੱਬ ਗਈ ਹੈ ਕਿ ਉਸਨੇ ਆਪਣੇ ਸੋਸ਼ਲ ਮੀਡੀਆ ਖਾਤੇ ’ਤੇ ਲਿਖ ਦਿੱਤਾ ਕਿ ਕਿਸਾਨ ਬਿੱਲਾਂ ਦਾ ਵਿਰੋਧ ਕਰਨ ਵਾਲੇ ਲੋਕ ‘ਅੱਤਵਾਦੀ’ ਹਨ।

ਕੰਗਨਾ ਰਣੌਤ ਦੀਆਂ ਇਹਨਾਂ ਟਿੱਪਣੀਆਂ ’ਤੇ ਮੋੜਵੀਂ ਟਿੱਪਣੀਆਂ ਕਰਦਿਆਂ ਪੰਜਾਬੀ ਕਲਾਕਾਰ ਰਣਜੀਤ ਬਾਵਾ ਨੇ ਲਿਖਿਆ, “ਮੈਡਮ ਜੀ ਕਿੰਨਾਂ ਨੂੰ ਕਹਿ ਰਹੇ ਹੋ , ਜਿਹੜੇ ਹੱਕ ਮੰਗ ਰਹੇ ਜਾਂ ਕੌਣ ? ਅੱਤਵਾਦੀ ਪਤਾ ਵੀ ਆ ਕੌਣ ਹੁੰਦੇ , ਕਾਸ਼ ਤੁਹਾਡੇ ਵੀ ਦੋ ਚਾਰ ਵਿਘੇ ਹੁੰਦੇ ਫਿਰ ਪਤਾ ਚੱਲਦਾ ਕਾਹਤੋਂ ਇਹ ਲੜ ਮਰ ਰਹੇ ਸੜਕਾਂ ਤੇ। ਜੈ ਜਵਾਨ ਜੈ ਮਜਦੂਰ ਕਿਸਾਨ।“

ਰਣਜੀਤ ਬਾਵੇ ਦੀਆਂ ਇਹਨਾਂ ਟਿੱਪਣੀਆਂ ਤੋਂ ਬਾਅਦ ਕੰਗਨਾ ਰਣੌਤ ਨੇ ਉਸਨੂੰ ਆਪਣੇ ਟਵਿਟਰ ਖਾਤੇ ਤੋਂ ਬਲਾਕ ਕਰ ਦਿੱਤਾ। ਰਣਜੀਤ ਬਾਵੇ ਵੱਲੋਂ ਕਿਸਾਨ ਸੰਘਰਸ਼ ਦੇ ਸਮਰਥਨ ਵਿਚ ਲਗਾਤਾਰ ਪ੍ਰਚਾਰ ਕੀਤਾ ਜਾ ਰਿਹਾ ਹੈ। ਰਣਜੀਤ ਬਾਵਾ ਲਗਾਤਾਰ ਪੰਜਾਬ ਦੇ ਮਸਲਿਆਂ ਖਾਸ ਕਰਕੇ ਪੰਜਾਬੀ ਬੋਲੀ ਦੇ ਮਾਮਲੇ ਵਿਚ ਅਵਾਜ਼ ਚੁੱਕਦਾ ਰਹਿੰਦਾ ਹੈ।

ਭਾਜਪਾ ਦੇ ਸਮਰਥਕ ਅਤੇ ਬਾਲੀਵੁੱਡ ਦੇ ਫਿਲਮੀ ਅਦਾਕਾਰ ਅਨੁਪਮ ਖੇਰ ਨੇ ਇਹਨਾਂ ਕਿਸਾਨ ਵਿਰੋਧੀ ਬਿੱਲਾਂ ਦਾ ਸਮਰਥਨ ਕਰਦਿਆਂ ਆਪਣੇ ਟਵਿਟਰ ਖਾਤੇ ’ਤੇ ਪੋਸਟ ਪਾਈ ਤਾਂ ਰਣਜੀਤ ਬਾਵੇ ਨੇ ਉਸ ’ਤੇ ਸਖਤ ਟਿੱਪਣੀ ਕਰਦਿਆਂ ਲਿਖਿਆ, “ਮੈਨੂੰ ਸਮਝ ਨਹੀ ਆਉਦੀ ਇਹਨਾਂ ਦਾ ਲੈਣ ਦੇਣ ਹੀ ਨਹੀ ਜਦ ਫਿਰ ਕਿਉ ਜਖਮਾਂ ਤੇ ਲੂਣ ਪਾਉਦੇਂ । ਭਰਾਵਾ ਇਹ ਫਿਲਮ ਨਹੀ ਚੱਲ ਰਹੀ , ਗਰਾਉਡ ਲੈਵਲ ਤੇ ਸਮਝੋ , ਪੰਜਾਬ ਦਾ ਨਾ ਨਾਸ ਮਾਰੋ ਹੋਰ ਬਥੇਰੇ ਮਸਲੇ ਹੋਣਗੇ ਉਹਨਾ ਤੇ ਕਰਲੋ ਚਮਚਾਗਿਰੀ।“

ਪੰਜਾਬ ਦੇ ਲਗਭਗ ਸਾਰੇ ਕਲਾਕਾਰ ਕਿਸਾਨਾਂ ਦੇ ਸਮਰਥਨ ਵਿਚ ਸਾਹਮਣੇ ਆ ਗਏ ਹਨ। ਕਈ ਕਲਾਕਾਰ ਕਿਸਾਨ ਮੋਰਚਿਆਂ ਵਿਚ ਸ਼ਾਮਲ ਹੋ ਰਹੇ ਹਨ ਅਤੇ ਕਲਾਕਾਰਾਂ ਨੇ 25 ਸਤੰਬਰ ਦੇ ਪੰਜਾਬ ਬੰਦ ਨੂੰ ਸਮਰਥਨ ਦਿੱਤਾ ਹੈ। ਭਾਰਤ ਦੇ ਕਿਸਾਨ ਵਿਰੋਧੀ ਬਿੱਲਾਂ ਖਿਲਾਫ ਪੰਜਾਬ ਵਿਚ ਲਹਿਰ ਜਨਤਕ ਰੂਪ ਧਾਰ ਚੁੱਕੀ ਹੈ।

ਇਕ ਵਾਰ ਫੇਰ ਪੰਜਾਬ ਅਤੇ ਦਿੱਲੀ ਇਤਿਹਾਸਕ ਦੇ ਸਮੇਂ ਵਿਚ ਆਹਮੋ-ਸਾਹਮਣੇ ਹੋ ਗਏ ਹਨ।






# ਜੇਲਾਂ ਅੰਦਰ ਡੱਕੇ ਲੋਕ



- ਡਾ. ਹਰਸ਼ਿੰਦਰ ਕੌਰ, ਐਮ. ਡੀ.

ਕੁੱਝ ਅੰਕੜੇ ਹੈਰਾਨੀਜਨਕ ਹੁੰਦੇ ਹਨ। ਦੁਨੀਆ ਭਰ ਵਿਚ ਜਿੰਨੇ ਲੋਕ ਜੇਲਾਂ ਵਿਚ ਬੰਦ ਹਨ, ਉਨਾਂ ਵਿੱਚੋਂ ਅੱਧੇ (ਲਗਭਗ 90 ਲੱਖ) ਸਿਰਫ਼ ਅਮਰੀਕਾ, ਚੀਨ ਅਤੇ ਰੂਸ ਵਿਚ ਬੰਦ ਹਨ। ਅਮਰੀਕਾ ਦੀਆਂ ਜੇਲਾਂ ਵਿਚ ਲਗਭਗ 22 ਲੱਖ ਲੋਕ ਬੰਦ ਹਨ, ਚੀਨ ਵਿਚ ਸਾਢੇ 15 ਲੱਖ, ਰੂਸ ਵਿਚ 8,74,161, ਬਰਾਜ਼ੀਲ ਵਿਚ ਤਿੰਨ ਲੱਖ 71,482, ਭਾਰਤ ਵਿਚ 3,96,223, ਮੈਕਸੀਕੋ ਵਿਚ 2,14,450, ਯੂਕਰੇਨ ਵਿਚ 1,62,602, ਸਾਊਥ ਅਫ਼ਰੀਕਾ 1,58,501, ਪੋਲੈਂਡ ਵਿਚ 89,546, ਇੰਗਲੈਂਡ ਵਿਚ 80 ਹਜ਼ਾਰ, ਜਪਾਨ ਵਿਚ ਵੀ ਲਗਭਗ ਏਨੇ ਹੀ। ਅਸਟ੍ਰੇਲੀਆ ਵਿਚ 25,790 ਅਤੇ ਆਇਰਲੈਂਡ ਵਿਚ 1375 ਹਨ। ਇਹ ਅੰਕੜੇ ਅੰਤਰਰਾਸ਼ਟਰੀ ਸੈਂਟਰ ਫੌਰ ਪਰਿਜ਼ਨ ਸਟੱਡੀਜ਼ ਵੱਲੋਂ ਜਾਰੀ ਕੀਤੇ ਗਏ ਹਨ।

ਬੀ.ਬੀ.ਸੀ. ਵੱਲੋਂ ਜਾਰੀ ਕੀਤੀ ਰਿਪੋਰਟ ਅਨੁਸਾਰ ਦੁਨੀਆ ਭਰ ਵਿਚ ਜੇਲਾਂ ਵਿਚ ਡੱਕੇ ਲੋਕਾਂ ਵਿਚ ਵਾਧਾ ਹੁੰਦਾ ਜਾ ਰਿਹਾ ਹੈ। ਪਰ ਵਿਕਾਸਸ਼ੀਲ ਦੇਸਾਂ ਵਿਚਲੀਆਂ ਜੇਲਾਂ ਵਿਚ ਲੋੜੋਂ ਵੱਧ ਲੋਕ ਤੁੰਨੇ ਹੋਏ ਹਨ। ਕੀਨੀਆ ਵਿਚ ਡੱਕੇ ਲੋਕਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਹੈ ਉੱਥੇ ਜਿੰਨੇ ਡੱਕੇ ਜਾ ਸਕਦੇ ਹਨ, ਉਸ ਗਿਣਤੀ ਨਾਲੋਂ 343.7 ਫ਼ੀਸਦੀ ਵੱਧ ਕੈਦੀ ਰੱਖੇ ਗਏ ਹਨ।

ਆਈਸਲੈਂਡ ਬਾਰੇ ਕਿਹਾ ਗਿਆ ਹੈ ਕਿ ਉਸ ਦੇਸ ਵਿਚ ਤਿੰਨ ਲੱਖ ਚਾਲੀ ਹਜ਼ਾਰ ਲੋਕ ਰਹਿੰਦੇ ਹਨ। ਉੱਥੇ ਸਿਰਫ਼ 5 ਜੇਲਾਂ ਹਨ ਜਿਨਾਂ ਵਿਚ 200 ਤੋਂ ਵੀ ਘੱਟ ਲੋਕ ਤਾੜੇ ਗਏ ਹਨ। ਸਿਰਫ਼ ਸਜ਼ਾਯਾਫ਼ਤਾ ਮੁਜਰਮ ਹੀ ਨਹੀਂ ਬਲਕਿ ਜਿਨਾਂ ਨੂੰ ਹਾਲੇ ਸਜ਼ਾ ਸੁਣਾਈ ਜਾਣੀ ਹੈ ਜਾਂ ਹਾਲੇ ਕੇਸ ਲਟਕ ਰਿਹਾ ਹੈ ਤੇ ਫ਼ੈਸਲੇ ਦੀ ਉਡੀਕ ਵਿਚ ਹਨ, ਇਹੋ ਜਿਹੇ ਵੀ ਲੱਖਾਂ ਦੀ ਗਿਣਤੀ ਵਿਚ ਲੋਕ ਬੇਕਸੂਰ ਹੁੰਦਿਆਂ ਹੋਇਆਂ ਵੀ ਸਜ਼ਾ ਭੁਗਤ ਰਹੇ ਹਨ।

ਕਰਿਮੀਨਲ ਜਸਟਿਸ ਰਿਫੌਰਮ ਦੀ ਰਿਪੋਰਟ ਅਨੁਸਾਰ ਅਮਰੀਕਾ ਦੀਆਂ ਜੇਲਾਂ ਵਿਚ ਰਿਸ਼ਵਤਖ਼ੋਰੀ, ਭ੍ਰਿਸ਼ਟਾਚਾਰ, ਲੜਾਈਆਂ, ਸਰੀਰਕ ਸ਼ੋਸ਼ਣ, ਮਾਰਕੁਟਾਈ, ਕਤਲ, ਬਲਾਤਕਾਰ ਆਦਿ ਦੇ ਕਈ ਕੇਸ ਸਾਹਮਣੇ ਆਏ ਹਨ। 'ਐਲਬਾਮਾ ਡਿਪਾਰਟਮੈਂਟ ਔਫ਼ ਕੋਰੈਕਸ਼ਨ' ਦੇ ਵਿਰੁੱਧ ਪੜਤਾਲ ਜਾਰੀ ਹੋਈ ਹੈ ਕਿਉਂਕਿ ਸੇਂਟ ਕਲੇਅਰ ਜੇਲ ਵਿਚ ਬਹੁਤ ਜ਼ਿਆਦਾ ਕੁੱਟ ਮਾਰ ਦੇ ਕੇਸ ਸਾਹਮਣੇ ਆ ਚੁੱਕੇ ਹਨ।

ਐਲਬਾਮਾ ਦੀ ਟੁਟਵਿਲਰ ਔਰਤਾਂ ਦੀ ਜੇਲ ਵਿਚ ਬਲਾਤਕਾਰ ਦੇ ਕੇਸ ਬਹੁਤ ਜ਼ਿਆਦਾ ਵੱਧ ਚੁੱਕੇ ਹਨ ਜਿਸ ਬਾਰੇ ਇਨਕੁਆਇਰੀ ਸ਼ੁਰੂ ਹੋ ਚੁੱਕੀ ਹੈ।

ਉੱਥੇ 50 ਕੈਦੀ ਔਰਤਾਂ ਨੇ ਮੰਨਿਆ ਕਿ ਉਨਾਂ ਨਾਲ ਬਹੁਤ ਭੱਦੇ ਤਰੀਕੇ ਸਮੂਹਕ ਬਲਾਤਕਾਰ ਕੀਤਾ ਜਾਂਦਾ ਹੈ। ਜਿਹੜੇ ਗਾਰਡ ਉੱਥੇ ਲਾਏ ਜਾਂਦੇ ਹਨ ਉਹ ਹਰ ਰੋਜ਼ ਕਈ ਕੈਦੀ ਔਰਤਾਂ ਨੂੰ ਬੰਨ ਕੇ ਜ਼ਬਰਜ਼ਨਾਹ ਕਰਦੇ ਹਨ। ਇੰਜ ਬਥੇਰੀਆਂ ਗਰਭਵਤੀ ਹੋ ਜਾਂਦੀਆਂ ਹਨ। ਸੰਨ 2012 ਵਿਚ ਕਈ ਗਾਰਡਾਂ ਅਤੇ ਜੇਲਾਂ ਵਿਚ ਲੱਗੇ ਅਫਸਰਾਂ ਨੂੰ ਬਲਾਤਕਾਰ ਕਰਨ ਵਾਸਤੇ ਸਜ਼ਾਵਾਂ ਵੀ ਭੁਗਤਣੀਆਂ ਪਈਆਂ। ਅਫ਼ਸੋਸ ਇਹ ਹੈ ਕਿ ਕਈ ਸਜ਼ਾਵਾਂ ਸਿਰਫ਼ 5 ਦਿਨ ਦੀ ਕੈਦ ਸਨ!

ਇਸ ਤੋਂ ਬਾਅਦ ਸ਼ਿਕਾਇਤਕਰਤਾ ਕੈਦੀ ਔਰਤਾਂ ਨਾਲ ਹੋਰ ਵੀ ਭੱਦਾ ਵਿਹਾਰ ਕੀਤਾ ਗਿਆ। ਆਪਣੇ ਟੱਬਰਾਂ ਨਾਲ ਮਿਲਣ ਨਾ ਦਿੱਤਾ ਗਿਆ, ਉਨਾਂ ਦੀਆਂ ਜਾਇਦਾਦਾਂ ਖੋਹ ਲਈਆਂ ਗਈਆਂ, ਉਨਾਂ ਨਾਲ ਹੋਰ ਭਿਆਨਕ ਤਰੀਕੇ ਸ਼ਰੀਰਕ ਸ਼ੋਸ਼ਣ ਕੀਤਾ ਗਿਆ ਤੇ ਮੂੰਹ ਵਿਚ ਪਿਸ਼ਾਬ ਤੱਕ ਕੀਤਾ ਗਿਆ।

ਸੰਨ 2013 ਵਿਚ ਫਿਰ ਸ਼ਿਕਾਇਤ ਮਿਲਣ ਉੱਤੇ ਇਨਕੁਆਇਰੀ ਕਮੇਟੀ ਬਿਠਾਈ ਗਈ। ਇਸ ਕਮੇਟੀ ਦੀ ਰਿਪੋਰਟ ਸੰਨ 2014 ਵਿਚ ਜਨਤਕ ਕੀਤੀ ਗਈ ਜਿਸ ਵਿਚ ਕੈਦਣਾਂ ਨੂੰ ਖੁੱਲੇ ਵਿਚ ਸਭ ਮਰਦ ਗਾਰਡਾਂ ਸਾਹਮਣੇ ਨਿਰਵਸਤਰ ਕਰ ਕੇ ਮਲ-ਮੂਤਰ ਕਰਨਾ, ਨਹਾਉਣ ਆਦਿ ਵੇਲੇ ਦੀਆਂ ਫ਼ਿਲਮਾਂ, ਪੁੱਠੇ ਟੰਗਣ ਤੇ ਹਰ ਰੋਜ਼ ਦਿਨ ਵਿਚ ਕਈ ਵਾਰ ਗੁਪਤ ਅੰਗਾਂ ਵਿਚ ਪੱਥਰ ਪਾਉਣ ਜਾਂ ਹੋਰ ਚੀਜ਼ਾਂ ਵਾੜਨ, ਸਮੂਹਕ ਬਲਾਤਕਾਰ ਕਰਨ ਆਦਿ ਦੀਆਂ ਵੀਡੀਓ ਬਣਾਉਣ ਬਾਰੇ ਦੱਸਿਆ ਗਿਆ।

ਇਸ 36 ਸਫ਼ਿਆਂ ਦੀ ਰਿਪੋਰਟ ਵਿਚ ਅਣਮਨੁੱਖੀ ਦਾਸਤਾਨ ਦਰਜ ਕੀਤੀ ਸੀ ਜੋ ਰੌਂਗਟੇ ਖੜੇ ਕਰਨ ਵਾਲੀ ਸੀ।

ਇਸ ਰਿਪੋਰਟ ਤੋਂ ਲਗਭਗ ਦੋ ਸਾਲ ਬਾਅਦ ਵੀ ਇਹ ਪਤਾ ਲੱਗਿਆ ਕਿ ਕੈਦੀ ਔਰਤਾਂ ਵਿਰੁੱਧ ਕੀਤੇ ਜਾਂਦੇ ਘਿਨਾਉਣੇ ਕੁਕਰਮ ਜੇਲਾਂ ਅੰਦਰ ਬੰਦ ਨਹੀਂ ਸਨ ਹੋਏ। ਅਮਰੀਕਾ ਦੀ ਨੈਸ਼ਨਲ ਇੰਸਟੀਚਿਊਟ ਔਫ ਕੋਰੈਕਸ਼ਨ ਰਿਪੋਰਟ ਜੋ ਅਮਰੀਕਾ ਦੇ ਡਿਪਾਰਟਮੈਂਟ ਔਫ ਜਸਟਿਸ ਵੱਲੋਂ ਜਾਰੀ ਕੀਤੀ ਗਈ ਹੈ, ਜੇਲਾਂ ਅੰਦਰ ਚੱਲ ਰਹੇ ਮਨੁੱਖੀ ਅਧਿਕਾਰਾਂ ਦੇ ਕਤਲਾਂ ਦੀ ਖੁੱਲੀ ਕਿਤਾਬ ਹੈ!

ਜੇ ਇੰਗਲੈਂਡ ਵਿਚ ਝਾਤ ਮਾਰੀਏ ਤਾਂ ਉੱਥੇ 12 ਜੇਲਾਂ ਔਰਤਾਂ ਲਈ ਹਨ। ਇਨਾਂ ਵਿੱਚੋਂ 48 ਫ਼ੀਸਦੀ ਔਰਤਾਂ ਸਿਰਫ਼ ਆਪਣੇ ਪਤੀ ਜਾਂ ਟੱਬਰ ਵਿਚ ਕਿਸੇ ਨੂੰ ਲੋੜੀਂਦਾ ਨਸ਼ਾ ਪਹੁੰਚਾਉਣ ਲਈ ਫੜੀਆਂ ਗਈਆਂ; 53 ਫ਼ੀਸਦੀ ਔਰਤਾਂ ਆਪਣੇ ਬਚਪਨ ਵਿਚ ਮਾਰ ਕੁਟਾਈ ਸਹਿੰਦੀਆਂ ਰਹੀਆਂ, ਤਾਅਨੇ ਸੁਣਦੀਆਂ ਰਹੀਆਂ ਤੇ ਸਰੀਰਕ ਸ਼ੋਸ਼ਣ ਵੀ ਭੋਗਿਆ; ਹਰ 10 ਵਿੱਚੋਂ 7 ਔਰਤਾਂ ਜੋ ਜੇਲ ਵਿਚ ਬੰਦ ਹਨ, ਘਰੇਲੂ ਹਿੰਸਾ ਦਾ ਸ਼ਿਕਾਰ ਹੋਈਆਂ ਸਨ। ਇਨਾਂ ਕੈਦੀ ਔਰਤਾਂ ਵਿੱਚ ਪੰਜ ਗੁਣਾ ਵੱਧ ਮਾਨਸਿਕ ਰੋਗ ਹੋ ਚੁੱਕੇ ਸਨ।

ਅੱਸੀ ਫ਼ੀਸਦੀ ਤੋਂ ਵੱਧ ਆਪਣੀ ਭੁੱਖ ਮਿਟਾਉਣ ਲਈ ਦੁਕਾਨ ਤੋਂ ਖਾਣਾ ਚੁੱਕਦੀਆਂ ਫੜੀਆਂ ਗਈਆਂ ਸਨ ਅਤੇ 58 ਫ਼ੀਸਦੀ ਔਰਤਾਂ ਛੁੱਟ ਜਾਣ ਬਾਅਦ ਇੱਕ ਸਾਲ ਦੇ ਅੰਦਰ ਫੇਰ ਜੇਲ ਵਿਚ ਵਾਪਸ ਪਹੁੰਚ ਰਹੀਆਂ ਸਨ।

ਇਸ ਸਾਰੇ ਵਿਚ ਪਿਸ ਰਹੇ ਸਨ ਨਾਬਾਲਗ ਬੱਚੇ! ਹਰ ਦੱਸਾਂ ਵਿੱਚੋਂ 9 ਬੱਚੇ ਘਰ ਛੱਡ ਕੇ ਮਜਬੂਰੀ ਵੱਸ ਬਾਹਰ ਨਿਕਲ ਰਹੇ ਸਨ ਕਿਉਂਕਿ ਉਨਾਂ ਦੀ ਮਾਂ ਜੇਲ ਵਿਚ ਬੰਦ ਸੀ। ਜਦ ਮਾਂ ਜੇਲੋਂ ਬਾਹਰ ਵੀ ਆ ਜਾਏ ਤਾਂ ਉਸ ਕੋਲ ਰਹਿਣ ਲਈ ਕੋਈ ਥਾਂ ਨਹੀਂ ਛੱਡੀ ਜਾਂਦੀ। ਇਸ ਲਈ ਹਰ ਪੰਜਾਂ ਵਿੱਚੋਂ ਦੋ ਔਰਤਾਂ ਜੇਲ ਵਿੱਚੋਂ ਬਾਹਰ ਨਿਕਲ ਕੇ ਆਪਣਾ ਨਵਾਂ ਠਿਕਾਣਾ ਭਾਲਦੀਆਂ ਹਨ।

'ਵੁਮੈਨ ਇਨ ਪਰਿਜ਼ਨ' ਨਾਮੀ ਪਰਚਾ, ਜੋ 6 ਮਾਰਚ 2018 ਨੂੰ ਛਾਪਿਆ ਗਿਆ, ਉਸ ਵਿਚ ਵਿਕਸਿਤ ਮੁਲਕਾਂ ਦੀਆਂ ਕੈਦੀ ਔਰਤਾਂ ਬਾਰੇ ਕੁੱਝ ਤੱਥ ਛਾਪੇ ਗਏ। ਉਸ ਅਨੁਸਾਰ :-

1. ਕੈਦ ਵਿਚ ਬੰਦ ਔਰਤਾਂ ਵਿੱਚੋਂ 57 ਫ਼ੀਸਦੀ ਤੋਂ ਵੱਧ ਮੰਨੀਆਂ ਕਿ ਉਹ ਘਰੇਲੂ ਹਿੰਸਾ ਦੀਆਂ ਸ਼ਿਕਾਰ ਸਨ। ਅਸਲ ਨੰਬਰ ਬਹੁਤ ਵੱਧ ਹੋਵੇਗਾ ਕਿਉਂਕਿ ਬਾਕੀ ਔਰਤਾਂ ਡਰਦੀਆਂ ਮਾਰੀਆਂ ਜਵਾਬ ਹੀ ਨਹੀਂ ਸੀ ਦੇ ਰਹੀਆਂ ਕਿ ਜੇਲ ਤੋਂ ਬਾਹਰ ਨਿਕਲ ਕੇ ਕਿੱਥੇ ਰਹਾਂਗੀਆਂ।
2. ਕੈਦੀ ਔਰਤਾਂ ਕੈਦ ਵਿਚਲੇ ਮਰਦਾਂ ਨਾਲੋਂ ਦੁੱਗਣੀ ਗਿਣਤੀ ਵਿਚ ਢਹਿੰਦੀ ਕਲਾ ਦਾ ਸ਼ਿਕਾਰ ਹੋ ਰਹੀਆਂ ਸਨ ਤੇ ਕੈਦ ਤੋਂ ਬਾਹਰ ਵਿਚਰ ਰਹੀਆਂ ਔਰਤਾਂ ਨਾਲੋਂ ਤਿੰਨ ਗੁਣਾ ਵੱਧ ਢਹਿੰਦੀ ਕਲਾ ਸਹਿੰਦੀਆਂ ਸਨ।
3. ਕੈਦ ਵਿਚ ਔਰਤਾਂ ਵਿੱਚੋਂ 30 ਫ਼ੀਸਦੀ ਦੇ ਲਗਭਗ ਉਹ ਸਨ ਜੋ ਜੇਲ ਵਿਚ ਆਉਣ ਤੋਂ ਪਹਿਲਾਂ ਹੀ ਮਾਨਸਿਕ ਰੋਗ ਸਹੇੜ ਚੁੱਕੀਆਂ ਹੋਈਆਂ ਸਨ।
4. ਜੁਰਮ ਕਰ ਕੇ ਜੇਲ ਪਹੁੰਚਣ ਵਾਲੀਆਂ ਔਰਤਾਂ ਵਿੱਚੋਂ 49 ਫ਼ੀਸਦੀ ਪਹਿਲਾਂ ਨਸ਼ੇ ਦੀਆਂ ਆਦੀ ਹੋ ਚੁੱਕੀਆਂ ਸਨ।
5. ਕੈਦੀ ਔਰਤਾਂ ਵਿੱਚੋਂ 53 ਫ਼ੀਸਦੀ ਆਪਣੇ ਬਚਪਨ ਵਿਚ ਮਾਰ ਕੁਟਾਈ, ਭੱਦੀ ਛੇੜ ਛਾੜ, ਦੁਰਕਾਰਿਆ ਜਾਣਾ ਜਾਂ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹੋਈਆਂ ਸਨ।

ਇਹ ਸਾਰੇ ਤੱਥ 13 ਜੇਲਾਂ ਵਿਚਲੀਆਂ ਔਰਤਾਂ ਦਾ ਸਰਵੇਖਣ ਕਰਨ ਬਾਅਦ ਸਾਹਮਣੇ ਰੱਖੇ ਗਏ ਜਿਨਾਂ ਵਿਚ ਬਰੌਂਜ਼ਫੀਲਡ ਔਰਤਾਂ ਦੀ ਜੇਲ ਸ਼ਾਮਲ ਸੀ।

ਇਹ ਵੀ ਗੱਲ ਸਾਹਮਣੇ ਆਈ ਕਿ ਬਹੁਤੀਆਂ ਔਰਤਾਂ ਨਸ਼ੇ ਦੀ ਲਤ ਜੁਰਮ ਕਰਨ ਤੋਂ ਪਹਿਲਾਂ ਹੀ ਪਾਲ ਚੁੱਕੀਆਂ ਹੋਈਆਂ ਸਨ। ਹੈਰਾਨੀਜਨਕ ਗੱਲ ਇਹ ਸੀ ਕਿ 46 ਫ਼ੀਸਦੀ ਕੈਦੀ ਔਰਤਾਂ ਨੇ ਆਤਮਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਸੀ ਜੋ ਆਜ਼ਾਦ ਔਰਤਾਂ ਨਾਲੋਂ 7 ਗੁਣਾ ਵੱਧ ਰੇਟ ਸੀ।

ਕੈਦੀ ਔਰਤਾਂ ਵਿਚ ਇੱਕ ਹੋਰ ਗੱਲ ਵੇਖਣ ਨੂੰ ਮਿਲੀ। ਉਹ ਸੀ-ਇਨਾਂ ਵਿਚ ਸਵੈ-ਭਰੋਸੇ ਦੀ ਘਾਟ। ਲਗਭਗ ਸਾਰੀਆਂ ਨੂੰ ਹੀ ਘਰ ਵਿੱਚੋਂ ਤਿਰਸਕਾਰ ਹਾਸਲ ਹੋਇਆ ਸੀ ਤੇ ਮਾਨਸਿਕ ਤਸ਼ੱਦਦ ਦਾ ਸ਼ਿਕਾਰ ਹੋਈਆਂ ਸਨ। ਇਨਾਂ ਵਿੱਚੋਂ ਲਗਭਗ ਸਾਰੀਆਂ ਨੂੰ ਹੀ ਕਿਸੇ ਪਾਸਿਉਂ ਕੋਈ ਆਸਰਾ ਜਾਂ ਹੌਸਲਾ ਨਹੀਂ ਦਿੱਤਾ ਗਿਆ ਸੀ। ਸਭ ਪਾਸਿਉਂ ਨਕਾਰੇ ਜਾਣ ਉੱਤੇ ਅਤੇ ਪਿਆਰ ਵਿਹੂਣੇ ਰਹਿ ਜਾਣ ਸਦਕਾ ਇਨਾਂ ਦੇ ਮਨਾਂ ਵਿਚ ਏਨਾ ਗੁੱਸਾ ਭਰ ਗਿਆ ਸੀ ਕਿ ਉਹ ਜੁਰਮ ਕਰਨ ਲਈ ਮਜਬੂਰ ਹੋ ਗਈਆਂ ਸਨ। ਕੁੱਝ ਸਮੂਹਕ ਬਲਾਤਕਾਰ ਦਾ ਸ਼ਿਕਾਰ ਹੋਈਆਂ ਸਨ ਤੇ ਕੁੱਝ ਆਪਣੇ ਹੀ ਘਰ ਵਿਚਲੇ ਰਿਸ਼ਤੇਦਾਰਾਂ ਵੱਲੋਂ ਇੱਜ਼ਤ ਤਾਰ-ਤਾਰ ਕਰਵਾਈ ਬੈਠੀਆਂ ਸਨ।

ਤਾਜ਼ਾ ਰਿਪੋਰਟ ਅਨੁਸਾਰ ਇੰਗਲੈਂਡ ਦੀਆਂ ਜੇਲਾਂ ਵਿਚ ਪੰਜ ਫ਼ੀਸਦੀ ਔਰਤਾਂ ਹਨ ਤੇ ਉਨਾਂ ਲਈ 12 ਜੇਲਾਂ, ਪਰ ਮਰਦਾਂ ਦੀਆਂ 123 ਜੇਲਾਂ। ਇਸੇ ਲਈ ਸਿਰਫ਼ ਮਰਦਾਂ ਦੇ ਮਨੁੱਖੀ ਹੱਕਾਂ ਲਈ ਲਗਾਤਾਰ ਆਵਾਜ਼ ਚੁੱਕੀ ਜਾ ਰਹੀ ਹੈ।

ਜੇਲਾਂ ਵਿਚ ਜੋ ਹੁਕਮ ਲਾਗੂ ਹੁੰਦੇ ਹਨ ਉਹ ਮਰਦਾਂ ਦੇ ਹਿਸਾਬ ਨਾਲ ਲਾਗੂ ਹੋ ਰਹੇ ਹਨ। ਉਸ ਵਿਚ ਔਰਤਾਂ ਦੇ ਮਾਨਸਿਕ ਪੱਖ ਨੂੰ ਉੱਕਾ ਹੀ ਅਣਗੌਲਿਆ ਕਰ ਦਿੱਤਾ ਹੋਇਆ ਹੈ। ਦੋਨਾਂ ਦੀਆਂ ਸਰੀਰਕ ਲੋੜਾਂ ਵੀ ਵੱਖ ਹਨ, ਪਰ ਔਰਤਾਂ ਬਾਰੇ ਕੁੱਝ ਵੀ ਵੱਖ ਨਹੀਂ ਸੋਚਿਆ ਗਿਆ।

ਏਨੀ ਵੱਡੀ ਗਿਣਤੀ ਵਿਚ ਮਾਨਸਿਕ ਤਸ਼ੱਦਦ ਸਹਿੰਦੀਆਂ ਔਰਤਾਂ ਨੂੰ ਵੇਖਦੇ ਹੋਏ ਕਮੇਟੀ ਵੱਲੋਂ ਇਹ ਸਲਾਹ ਦਿੱਤੀ ਗਈ ਕਿ ਜੇ ਵੇਲੇ ਸਿਰ ਇਨਾਂ ਔਰਤਾਂ ਨੂੰ ਮਨੋਵਿਗਿਆਨਿਕ ਡਾਕਟਰ ਕੋਲੋਂ ਇਲਾਜ ਨਾ ਮਿਲਿਆ ਤਾਂ ਇਨਾਂ ਵਿੱਚੋਂ ਬਹੁਤੀਆਂ ਖ਼ੁਦਕੁਸ਼ੀ ਕਰ ਸਕਦੀਆਂ ਹਨ ਜਾਂ ਸਦੀਵੀ ਮਾਨਸਿਕ ਰੋਗੀ ਬਣ ਸਕਦੀਆਂ ਹਨ।

ਸੰਨ 1918 ਵਿਚ ਪਹਿਲੀ ਵਾਰ ਔਰਤਾਂ ਨੂੰ ਵੋਟ ਪਾਉਣ ਦੇ ਹੱਕ ਮਿਲਣ ਦੇ ਸੌ ਵਰੇ ਬਾਅਦ ਤੱਕ ਕੈਦੀ ਔਰਤਾਂ ਉੱਤੇ ਹੁੰਦੇ ਤਸ਼ੱਦਦ ਵਿਚ ਹਾਲੇ ਤੱਕ ਰੋਕ ਨਹੀਂ ਲੱਗ ਸਕੀ।

ਕਨੇਡਾ ਦੀਆਂ ਜੇਲਾਂ ਵਿਚ ਪਿਛਲੇ 10 ਸਾਲਾਂ ਵਿਚ ਔਰਤਾਂ ਦੀ ਗਿਣਤੀ ਵਿਚ 37 ਫ਼ੀਸਦੀ ਵਾਧਾ ਹੋਇਆ ਹੈ। ਜਿਹੜਾ ਨੁਕਤਾ ਖ਼ਾਸ ਉੱਭਰ ਕੇ ਸਾਹਮਣੇ ਆਇਆ, ਉਹ ਹੈ-ਕੈਦਣਾਂ ਨੂੰ ਨਸ਼ਿਆਂ ਤੋਂ ਛੁਡਾਉਣ ਲਈ ਖ਼ਾਸ ਪ੍ਰਬੰਧ ਨਾ ਹੋਣੇ ਅਤੇ ਜੇਲਾਂ ਵਿਚ ਉਨਾਂ ਦੀ ਮਾਨਸਿਕ ਸਿਹਤ ਦਾ ਖ਼ਿਆਲ ਨਾ ਰੱਖਣਾ!

ਉੱਥੇ ਦੇ ਸੈਨੇਟਰਾਂ ਨੇ ਜੇਲਾਂ ਦੇ ਦੌਰੇ ਬਾਅਦ ਮੌਂਟਰੀਆਲ ਦੇ ਨੇੜੇ ਦੀ ਜੋਲੀਅਟ ਔਰਤਾਂ ਦੀ ਜੇਲ ਬਾਰੇ ਦੱਸਿਆ ਕਿ ਔਰਤਾਂ ਲਈ ਮਾਹਵਾਰੀ ਵਾਸਤੇ ਠੀਕ ਪ੍ਰਬੰਧ ਨਹੀਂ ਹਨ। ਮਾਈਕਲ ਫਰਗੂਸਨ, ਕਨੇਡਾ ਦੇ ਔਡੀਟਰ ਜਨਰਲ ਨੇ ਉਦੋਂ ਮੰਨਿਆ ਕਿ ਜੇਲਾਂ ਵਿਚਲੇ ਕਾਨੂੰਨ ਮਰਦਾਂ ਨੂੰ ਆਧਾਰ ਬਣਾ ਕੇ ਬਣਾਏ ਗਏ ਹਨ ਅਤੇ ਔਰਤਾਂ ਦੀਆਂ ਲੋੜਾਂ ਨੂੰ ਤਵੱਜੋ ਨਹੀਂ ਦਿੱਤੀ ਗਈ। ਇਸ ਵਾਸਤੇ ਔਰਤਾਂ ਦੀ ਮਾਨਸਿਕ ਦਸ਼ਾ ਨੂੰ ਵਿਸਾਰ ਦਿੱਤਾ ਗਿਆ ਹੈ ਜਿਸ ਦੀ ਸੰਭਾਲ ਦੀ ਬਹੁਤ ਜ਼ਿਆਦਾ ਲੋੜ ਹੈ। ਯੂਨੀਵਰਸਿਟੀ ਔਫ ਟੋਰਾਂਟੋ ਦੇ ਡਾ. ਕੈਲੀ ਹਾਨਾ, ਜੋ ਕ੍ਰਿਮਿਨੋਲੋਜੀ ਦੇ ਪ੍ਰੋਫੈੱਸਰ ਹਨ, ਵੀ ਮੰਨੇ ਹਨ ਕਿ ਜੇਲਾਂ ਤੋਂ ਬਾਹਰ ਨਿਕਲ ਕੇ ਔਰਤਾਂ ਲਈ ਜ਼ਿੰਦਗੀ ਬਹੁਤ ਔਖੀ ਹੈ। ਉੱਥੇ ਮੁੜ ਵਸੇਬੇ ਲਈ ਔਰਤਾਂ ਵਾਸਤੇ ਬਹੁਤੇ ਰਾਹ ਨਹੀਂ ਹਨ।

ਕੈਦ ਵਿਚ ਔਰਤਾਂ ਦੀ ਮਾਨਸਿਕ ਦਸ਼ਾ ਬਾਰੇ ਖ਼ਾਸ ਖ਼ਿਆਲ ਨਹੀਂ ਰੱਖਿਆ ਜਾਂਦਾ। ਕੈਦ ਵਿੱਚੋਂ ਛੁਟ ਜਾਣ ਬਾਅਦ ਬਹੁਤੇ ਟੱਬਰ ਅਜਿਹੀਆਂ ਔਰਤਾਂ ਨੂੰ ਵਾਪਸ ਨਹੀਂ ਅਪਣਾਉਂਦੇ। ਕੈਦ ਵਿਚ ਮਾਵਾਂ ਨੂੰ ਆਮ ਤੌਰ ਉੱਤੇ ਘਰ ਵਾਲਿਆਂ ਵੱਲੋਂ ਬੱਚਿਆਂ ਨਾਲ ਮੁਲਾਕਾਤ ਨਹੀਂ ਕਰਨ ਦਿੱਤੀ ਜਾਂਦੀ ਜੋ ਕੈਦੀ ਮਾਵਾਂ ਦੇ ਮਨਾਂ ਉੱਤੇ ਹੋਰ ਡੂੰਘਾ ਅਸਰ ਕਰਦੀ ਹੈ।

ਕੁੱਲ ਮਿਲਾ ਕੇ ਨਿਚੋੜ ਇਹ ਕੱਢਿਆ ਗਿਆ ਕਿ ਜੇਲ ਵਿਚ ਕੈਦ ਔਰਤਾਂ ਨਾਲ ਵਿਹਾਰ ਵਿਚ ਹਮਦਰਦੀ ਤੇ ਇੱਜ਼ਤ ਦੀ ਬਹੁਤ ਘਾਟ ਹੈ।

ਜੇ ਦੁਨੀਆ ਭਰ ਦੀਆਂ ਜੇਲਾਂ ਅੰਦਰ ਖ਼ੁਦਕੁਸ਼ੀਆਂ ਦੀ ਗੱਲ ਕਰੀਏ ਤਾਂ ਇੱਕ ਗੱਲ ਬੜੀ ਉੱਭਰ ਕੇ ਸਾਹਮਣੇ ਆਉਂਦੀ ਹੈ। ਲਗਭਗ 26 ਫ਼ੀਸਦੀ ਖ਼ੁਦਕੁਸ਼ੀਆਂ ਪਹਿਲੇ ਤਿੰਨ ਦਿਨ ਦੀ ਕੈਦ ਵਿਚ ਹੀ ਹੁੰਦੀਆਂ ਹਨ। ਅੰਕੜਿਆਂ ਮੁਤਾਬਕ 41 ਫ਼ੀਸਦੀ ਖ਼ੁਦਕੁਸ਼ੀਆਂ ਜਾਂ ਕੁਦਰਤੀ ਮੌਤਾਂ ਕੈਦ ਹੋਣ ਤੋਂ ਇਕ ਹਫ਼ਤੇ ਅੰਦਰ ਹੁੰਦੀਆਂ ਹਨ। ਸੰਨ 2011 ਤੋਂ 2014 ਤੱਕ 24 ਮੁਲਕਾਂ ਦੀਆਂ ਜੇਲਾਂ ਵਿਚਲੀ ਰਿਪੋਰਟ ਦੱਸਦੀ ਹੈ ਕਿ 3906 ਕੈਦੀਆਂ ਨੇ ਖ਼ੁਦਕੁਸ਼ੀ ਕੀਤੀ। ਇਨਾਂ ਵਿੱਚੋਂ 93 ਫ਼ੀਸਦੀ ਬੰਦੇ ਸਨ ਤੇ 7 ਫ਼ੀਸਦੀ ਔਰਤਾਂ। ਨੌਰਵੇ ਤੇ ਸਵੀਡਨ ਵਿਚਲੀਆਂ ਜੇਲਾਂ ਵਿਚ ਸਭ ਤੋਂ ਵੱਧ ਖ਼ੁਦਕੁਸ਼ੀਆਂ ਰਿਕਾਰਡ ਕੀਤੀਆਂ ਗਈਆਂ ਜਿਨਾਂ ਵਿਚ ਇੱਕ ਲੱਖ ਕੈਦੀਆਂ ਵਿੱਚੋਂ 100 ਜਣੇ ਖ਼ੁਦਕੁਸ਼ੀ ਕਰਦੇ ਲੱਭੇ ਗਏ। ਡੈਨਮਾਰਕ ਵਿਚ 91, ਬੈਲਜੀਅਮ ਤੇ ਫਰਾਂਸ ਵਿਚ ਵੀ ਲਗਭਗ 100, ਅਮਰੀਕਾ ਤੇ ਅਸਟ੍ਰੇਲੀਆ ਵਿਚ 23 ਤੋਂ 180 ਤੱਕ।

ਇਨਾਂ ਸਾਰੀਆਂ ਥਾਵਾਂ ਉੱਤੇ ਕਾਰਨ ਇਹੋ ਲੱਭਿਆ ਗਿਆ ਕਿ ਜੇਲ ਦੀ ਚਾਰਦੀਵਾਰੀ ਵਿਚ ਮਾਨਸਿਕ ਸਿਹਤ ਦਾ ਬਿਲਕੁਲ ਖ਼ਿਆਲ ਨਹੀਂ ਰੱਖਿਆ ਜਾਂਦਾ।

ਦਰਅਸਲ ਜਿਹੜਾ ਨੁਕਤਾ ਨਜ਼ਰਅੰਦਾਜ਼ ਕੀਤਾ ਜਾਂਦਾ ਹੈ, ਉਹ ਇਹ ਹੈ ਕਿ ਸਜ਼ਾਯਾਫ਼ਤਾ ਔਰਤਾਂ ਪਹਿਲਾਂ ਜ਼ੁਲਮ ਜਾਂ ਤਸ਼ੱਦਦ ਦਾ ਸ਼ਿਕਾਰ ਹੋਣ ਸਦਕਾ ਹੀ ਜੁਰਮ ਵੱਲ ਧੱਕੀਆਂ ਜਾਂਦੀਆਂ ਹਨ। ਜੇਲ ਵਿਚ ਉੱਕਾ ਹੀ ਨਕਾਰਿਆ ਜਾਣਾ ਉਹ ਬਰਦਾਸ਼ਤ ਨਹੀਂ ਕਰ ਸਕਦੀਆਂ।

ਇਸੇ ਲਈ ਖ਼ੁਦਕੁਸ਼ੀ ਕਰ ਲੈਂਦੀਆਂ ਹਨ ਜਾਂ ਮਾਨਸਿਕ ਰੋਗੀ ਬਣ ਕੇ ਸਿਰਫ਼ ਤਿਰਸਕਾਰ ਦਾ ਪਾਤਰ ਹੀ ਬਣ ਜਾਂਦੀਆਂ ਹਨ ਤੇ ਮਰ ਖੱਪ ਜਾਂਦੀਆਂ ਹਨ। ਉਨਾਂ ਦੀਆਂ ਸਰੀਰਕ ਲੋੜਾਂ ਜੋ ਬੰਦਿਆਂ ਤੋਂ ਵੱਖ ਹਨ, ਵੀ ਧਿਆਨ ਵਿਚ ਨਹੀਂ ਰੱਖੀਆਂ ਜਾਂਦੀਆਂ।

ਜੇ ਭਾਰਤ ਦੀ ਗੱਲ ਕਰੀਏ ਤਾਂ 31 ਦਸੰਬਰ 2018 ਨੂੰ ਜਾਰੀ ਰਿਪੋਰਟ ਅਨੁਸਾਰ 1401 ਜੇਲਾਂ ਹਨ ਜਿਨਾਂ ਵਿਚ 3,96,223 ਕੈਦੀ ਹਨ। ਕਾਲੇ ਪਾਣੀ ਦੀ ਸੈਲੂਲਰ ਜੇਲ 1857 ਵਿਚ 4000 ਕ੍ਰਾਂਤੀਕਾਰੀਆਂ ਨਾਲ ਤੁੰਨ ਦਿੱਤੀ ਗਈ ਸੀ। ਅੰਡੇਮਾਨ ਨਿਕੋਬਾਰ ਵਿਚ ਆਜ਼ਾਦੀ ਦੇ ਪਰਵਾਨਿਆਂ ਨੂੰ ਭੁੱਖੇ ਭਾਣੇ ਜੇਲ ਦੀ ਉਸਾਰੀ ਵਾਸਤੇ ਪਹਾੜੀ ਉੱਪਰ ਦਰੱਖਤ ਤੱਕ ਪਿੱਠ ਉੱਤੇ ਬੰਨ ਕੇ ਲਿਜਾਉਣ ਲਈ ਮਜਬੂਰ ਕੀਤਾ ਗਿਆ ਤੇ ਮਰ ਜਾਣ ਵਾਲਿਆਂ ਦੀਆਂ ਲਾਸ਼ਾਂ ਸਮੁੰਦਰ ਵਿਚ ਸੁੱਟ ਦਿੱਤੀਆਂ ਗਈਆਂ। ਉੱਥੇ ਸਿਰਫ਼ ਮੌਤ ਹੀ ਇਸ ਕਿਸਮ ਦੇ ਨਰਕ ਤੋਂ ਨਿਜਾਤ ਪਾਉਣ ਦਾ ਰਾਹ ਸੀ। ਲਗਭਗ 6 ਮਹੀਨੇ ਇਕੱਲੇ ਬੰਦ ਕਮਰੇ ਵਿਚ ਡੱਕ ਕੇ ਡੇਢ ਕਿੱਲੋ ਦੇ ਕਰੀਬ ਰੋਜ਼ ਨਾਰੀਅਲ ਦਾ ਨਲੇਰ (ਬਾਹਰੀ ਫਾਈਬਰ) ਹੱਥਾਂ ਨਾਲ ਛਿੱਲਣ ਦਾ ਕੰਮ ਦਿੱਤਾ ਜਾਂਦਾ ਸੀ। ਜਿਹੜੇ ਸ਼ਿਕਾਇਤ ਕਰਦੇ, ਉਨਾਂ ਨੂੰ ਨਾਗਕਣੀ (ਕੈਕਟਸ) ਛਿੱਲਣ ਲਾ ਦਿੱਤਾ ਜਾਂਦਾ ਸੀ। ਫੇਰ ਚੇਨਾਂ ਵਿਚ ਬੰਨ ਕੇ ਤੇਲ ਕੱਢਣ ਲਾ ਦਿੱਤਾ ਜਾਂਦਾ। ਕਿਸੇ ਵੱਲੋਂ 'ਸੀਂ' ਕਰ ਜਾਣ ਉੱਤੇ 7 ਦਿਨ ਤੱਕ ਕੰਧ ਨਾਲ ਖਲੋ ਕੇ ਚੇਨ ਨਾਲ ਹੱਥ ਬੰਨ ਦਿੱਤੇ ਜਾਂਦੇ। ਅਣਗਿਣਤ ਲੋਕ ਸੱਪ ਤੇ ਠੂੰਏਂ ਦੇ ਵੱਢੇ ਜਾਣ ਨਾਲ ਮਰ ਗਏ।

ਤਿਹਾੜ ਜੇਲ (ਦਿੱਲੀ) ਆਪਣੇ ਵਿਚ ਬਥੇਰੀਆਂ ਦਰਦਨਾਕ ਕਹਾਣੀਆਂ ਲੁਕਾਈ ਬੈਠੀ ਹੈ ਜਿਸ ਵਿਚ 14000 ਤੋਂ ਵੱਧ ਕੈਦੀ, ਵੀ.ਆਈ.ਪੀ., ਵਪਾਰੀ ਤੇ ਸਿਆਸਤਦਾਨਾਂ ਦੇ ਨਾਲ ਢੇਰ ਸਾਰੇ ਸਿੱਖ ਵੀ ਨਜ਼ਰਬੰਦ ਹਨ। ਯੇਰਵੜਾ ਜੇਲ (ਪੂਨਾ) 512 ਏਕੜ ਵਿਚ ਬਣੀ ਹੈ ਤੇ ਇਸ ਵਿੱਚ 3000 ਕੈਦੀ ਹਨ। ਇਸ ਵਿਚ ਪਹਿਲਾਂ ਮਹਾਤਮਾ ਗਾਂਧੀ ਵੀ ਕੈਦ ਰਹੇ ਤੇ ਪਿੱਛੇ ਜਿਹੇ ਅਜਮਲ ਕਸਾਬ ਨੂੰ ਮੁਬੰਈ ਉੱਤੇ ਹਮਲੇ ਲਈ ਫਾਂਸੀ ਦਿੱਤੀ ਗਈ। ਇਸ ਵਿਚ ਸੰਜੇ ਦੱਤ ਐਕਟਰ ਵੀ ਕੈਦ ਰਿਹਾ ਸੀ।

ਪੰਜਾਬ ਦੀ ਗੱਲ ਕਰੀਏ ਤਾਂ ਤਾਜ਼ਾ ਰਿਪੋਰਟ ਅਨੁਸਾਰ ਕੁੱਲ 25 ਜੇਲਾਂ ਵਿਚ 16,826 ਮਰਦ ਅਤੇ 955 ਔਰਤਾਂ ਕੈਦ ਹਨ। ਇਨਾਂ ਵਿੱਚੋਂ ਐਨ.ਡੀ.ਪੀ.ਐੱਸ. ਐਕਟ ਅਧੀਨ 7195 ਬੰਦੇ ਤੇ 351 ਔਰਤਾਂ ਕੈਦ ਹਨ। ਵਤਨੋਂ ਪਾਰ ਦੇ ਕੈਦੀ 165 ਬੰਦੇ ਅਤੇ 29 ਔਰਤਾਂ ਹਨ।

ਜੇਲ ਕਰਮਚਾਰੀਆਂ ਦੀਆਂ ਤਨਖ਼ਾਹਾਂ ਲਈ 168 ਕਰੋੜ ਰੁਪਏ ਖ਼ਰਚ ਕੀਤੇ ਜਾਂਦੇ ਹਨ।

ਸਤੰਬਰ 2020 ਦੀ ਰਿਪੋਰਟ ਅਨੁਸਾਰ ਜੇਲਾਂ ਅੰਦਰ ਡੀ-ਅਡਿਕਸ਼ਨ ਤਹਿਤ 75,193 ਕੈਦੀ ਇਲਾਜ ਲੈ ਚੁੱਕੇ ਹਨ ਤੇ 161 ਹੁਣ ਵੀ ਲੈ ਰਹੇ ਹਨ। ਇਨਾਂ ਵਿੱਚੋਂ 138 ਨਸ਼ਾ ਛੱਡ ਚੁੱਕੇ ਹਨ ਤੇ 5190 ਜੇਲਾਂ ਵਿਚਲੇ ਓਟ ਸੈਂਟਰ ਤੋਂ ਦਵਾਈਆਂ ਖਾ ਰਹੇ ਹਨ।

ਪੰਜਾਬ ਵਿਚਲੀਆਂ ਜੇਲਾਂ ਵਿਚ ਡੱਕੇ ਵੱਡੇ-ਵੱਡੇ ਗੈਂਗਸਟਰ 262 ਹਨ (8 ਸਤੰਬਰ 2020 ਦੀ ਰਿਪੋਰਟ ਅਨੁਸਾਰ)। ਹਿਟਲਰ ਵੇਲੇ ਦੀਆਂ ਜੇਲਾਂ ਵਿਚਲੇ ਤਸ਼ੱਦਦ ਕਿਸੇ ਤੋਂ ਲੁਕੇ ਨਹੀਂ। ਉੱਥੇ ਲੱਤਾਂ ਸਿੱਧੀਆਂ ਕਰਨ ਦੀ ਵੀ ਥਾਂ ਨਹੀਂ ਦਿੱਤੀ ਜਾਂਦੀ ਸੀ। ਮਾਰ-ਕੁਟਾਈ, ਭੁੱਖੇ ਰੱਖਣਾ, ਅਣਮਨੁੱਖੀ ਤਸ਼ੱਦਦ, ਅੰਗ ਵੱਢਣੇ, ਬਰਫ਼ ਵਿਚ ਲਾਉਣਾ, ਉਬਾਲਣਾ, ਲੋੜੋਂ ਵੱਧ ਕੰਮ ਕਰਵਾਉਣਾ, ਦੋ ਸਾਲ ਦੇ ਬੱਚੇ ਤੱਕ ਨੂੰ ਤੜਫਾਉਣਾ, ਗੈੱਸ ਚੈਂਬਰਾਂ ਵਿਚ ਮਾਰਨਾ, ਚੂਹੇ ਖਾਣ ਲਈ ਮਜਬੂਰ ਕਰਨਾ, ਪਾਣੀ ਵਿਚ ਜਾਂ ਰੇਤ ਵਿਚ ਦੱਬ ਕੇ ਮਾਰਨਾ, ਪੁੱਠਾ ਟੰਗ ਕੇ ਸਿਰ ਨੂੰ ਗਰੀਸ ਵਿਚ ਡੁੱਬੋ ਦੇਣਾ, ਗੁਪਤ ਅੰਗ ਵੱਢਣੇ, ਸਿਗਰਟਾਂ ਨਾਲ ਬੱਚਿਆਂ ਨੂੰ ਸਾੜਨਾ ਆਦਿ ਬੇਅੰਤ ਜ਼ੁਲਮ ਢਾਹੇ ਜਾਂਦੇ ਸਨ। ਨਿੱਕੇ ਬਾਲਾਂ ਨੂੰ ਬਰਫ਼ ਵਿਚ ਜਮਾ ਕੇ ਠੁੱਡੇ ਮਾਰ ਮਾਰ ਕੇ ਤੜਫਾਉਣਾ ਵੀ ਆਮ ਹੀ ਗੱਲ ਬਣ ਗਈ ਸੀ।ਜੇਲਾਂ ਨੂੰ ਸੁਧਾਰ ਘਰ ਕਿਵੇਂ ਬਣਾਇਆ ਜਾਵੇ? ਜੇਲਾਂ ਅੰਦਰ ਤਾੜ ਕੇ, ਤਸ਼ੱਦਦ ਢਾਹੁੰਦਿਆਂ ਮਾਨਸਿਕ ਰੋਗੀ ਬਣਾ ਕੇ ਕੈਦੀਆਂ ਨੂੰ ਬਾਹਰ ਕੱਢਣਾ ਜਾਂ ਪਹਿਲਾਂ ਤੋਂ ਵੀ ਕੱਟੜ ਗੈਂਗਸਟਰ ਬਣਾ ਕੇ ਬਾਹਰ ਕੱਢਣਾ ਬਹੁਤ ਖ਼ਤਰਨਾਕ ਸਾਬਤ ਹੋ ਸਕਦਾ ਹੈ। ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਇਸੇ ਲਈ ਕਈ ਸੁਧਾਰਾਂ ਦਾ ਜ਼ਿਕਰ ਕਰਦਾ ਹੈ ਜਿਸ ਨਾਲ ਸਮਾਜ ਵਿਚ ਚੰਗੇ ਲੋਕਾਂ ਦੀ ਭਰਮਾਰ ਹੋ ਸਕੇ ਤੇ ਜੁਰਮ ਘੱਟ ਸਕੇ।

ਬਾਕੀ ਸਫ਼ਾ 27 'ਤੇ

# ਮੋਦੀ ਸਰਕਾਰ ਵੱਲੋਂ ਰਾਜ ਸਭਾ ਵਿੱਚ ਧੱਕੇਸ਼ਾਹੀ ਨਾਲ ਕਿਸਾਨ ਵਿਰੋਧੀ ਬਿੱਲਾਂ ਨੂੰ ਪਾਸ ਕਰਾਇਆ

**✪ ਪੰਜਾਬ ਦੇ 11.25 ਲੱਖ ਕਿਸਾਨਾਂ ਨੂੰ ਲਪੇਟੇ 'ਚ ਲੈਣਗੇ ਖੇਤੀ ਬਿੱਲ ✪ ਫੈਸਲਾਕੁਨ ਸੰਘਰਸ਼ ਦੇ ਰਾਹ ਪਏ ਪੰਜਾਬ ਦੇ ਕਿਰਤੀ ਕਿਸਾਨ**

**ਜਿਉਂ ਹੀ ਖੇਤੀ ਕਾਨੂੰਨ ਹੋਂਦ ਵਿੱਚ ਆਉਣਗੇ, ਉਦੋਂ ਹੀ ਉਨਾਂ ਨੂੰ ਸੁਪਰੀਮ ਵਿੱਚ ਚੁਣੌਤੀ ਦਿਆਂਗੇ**



**- ਬਘੇਲ ਸਿੰਘ ਧਾਲੀਵਾਲ**

99142-58142

20 ਸਤੰਬਰ 2020 ਦਾ ਦਿਨ ਭਾਰਤੀ ਇਤਿਹਾਸ ਵਿੱਚ ਇੱਕ ਕਾਲੇ ਦਿਨ ਵਜੋਂ ਯਾਦ ਕੀਤਾ ਜਾਵੇਗਾ, ਜਦੋਂ ਮੋਦੀ ਸਰਕਾਰ ਵੱਲੋਂ ਰਾਜ ਸਭਾ ਵਿੱਚ ਧੱਕੇਸ਼ਾਹੀ ਨਾਲ ਕਿਸਾਨ ਵਿਰੋਧੀ ਬਿੱਲਾਂ ਨੂੰ ਪਾਸ ਕਰਾ ਲਿਆ ਗਿਆ। ਇਸ ਦੌਰਾਨ ਰਾਜ ਸਭਾ ਟੀ ਵੀ ਨੂੰ ਬੰਦ ਕਰ ਦਿੱਤਾ ਗਿਆ, ਤਾਂ ਜੋ ਵਿਰੋਧੀ ਪਾਰਟੀਆਂ ਦੀ ਅਵਾਜ਼ ਲੋਕਾਂ ਤੱਕ ਨਾ ਪਹੁੰਚ ਸਕੇ। ਸੰਸਦ ਵਿੱਚ ਬਹੁਮਤ ਦੇ ਗਰੂਰ ਵਿੱਚ ਚੂਰ ਭਾਜਪਾ ਇਹ ਭੁੱਲ ਗਈ ਹੈ ਕਿ ਵੱਟ ਵੱਢਣ ਪਿੱਛੇ ਸਿਰ ਵੱਢ ਦੇਣ ਵਾਲਾ ਕਿਸਾਨ ਜਿਊਂਦੇ ਜੀ ਆਪਣੀਆਂ ਜ਼ਮੀਨਾਂ ਕਾਰਪੋਰੇਟਾਂ ਦੇ ਹਵਾਲੇ ਨਹੀਂ ਹੋਣ ਦੇਵੇਗਾ। ਜ਼ਮੀਨ ਕਿਸਾਨ ਦੀ ਮਾਂ ਹੁੰਦੀ ਹੈ ਤੇ ਉਹ ਆਪਣੀ ਮਾਂ ਦੀ ਰਾਖੀ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। ਮੌਜੂਦਾ ਭਾਜਪਾ ਸਰਕਾਰ ਕਾਰਪੋਰੇਟਾਂ ਦੀ ਸਰਕਾਰ ਹੈ। ਉਹ ਦੇਸ਼ ਦੀ ਸਾਰੀ ਸੰਪਤੀ ਕਾਰਪੋਰੇਟਾਂ ਦੇ ਹਵਾਲੇ ਕਰਨ ਉੱਤੇ ਤੁਲੀ ਹੋਈ ਹੈ। ਜਨਤਕ ਅਦਾਰੇ, ਬੈਂਕ, ਬੀਮਾ ਕੰਪਨੀਆਂ ਤੇ ਸਰਕਾਰੀ ਮਾਲਕੀ ਵਾਲੇ ਸਭ ਅਦਾਰੇ ਪਹਿਲਾਂ ਹੀ ਸੇਲ 'ਤੇ ਲਾਏ ਹੋਏ ਹਨ। ਐਤਵਾਰ ਪਾਸ ਕਰਾਏ ਬਿੱਲਾਂ ਰਾਹੀਂ ਉਹ ਦੇਸ਼ ਦੀ ਖੇਤੀਬਾੜੀ ਹੇਠਲੀ ਜ਼ਮੀਨ ਨੂੰ ਵੀ ਕਾਰਪੋਰੇਟਾਂ ਦੇ ਹਵਾਲੇ ਕਰਨ ਦੇ ਰਾਹੇ ਪੈ ਚੁੱਕੀ ਹੈ। ਇਨਾਂ ਨਵੇਂ ਕਾਨੂੰਨਾਂ ਅਧੀਨ ਪਹਿਲਾਂ ਸਮੱਰਥਨ ਮੁੱਲ ਖ਼ਤਮ ਕੀਤਾ ਜਾਵੇਗਾ, ਮੰਡੀਆਂ ਖ਼ਤਮ ਹੋ ਜਾਣਗੀਆਂ, ਫਿਰ ਸ਼ਹਿਰਾਂ ਵਿੱਚ ਪਈ ਮੰਡੀਆਂ ਦੀ ਜ਼ਮੀਨ ਨਿਲਾਮ ਕੀਤੀ ਜਾਵੇਗੀ। ਐੱਫ ਸੀ ਆਈ ਖ਼ਤਮ ਹੋ ਜਾਵੇਗੀ ਤੇ ਫਿਰ ਐੱਫ ਸੀ ਆਈ ਦੇ ਸ਼ਹਿਰ-ਸ਼ਹਿਰ ਵਿੱਚ ਬਣੇ ਲੱਖਾਂ ਗੋਦਾਮ ਤੇ ਦਫ਼ਤਰ ਵੇਚ ਦਿੱਤੇ ਜਾਣਗੇ। ਇਹੋ ਨਹੀਂ ਜਨਤਕ ਵੰਡ ਪ੍ਰਣਾਲੀ ਰਾਹੀਂ ਗਰੀਬਾਂ ਤੱਕ ਪੁੱਜਣ ਵਾਲਾ ਅਨਾਜ ਵੰਡਣ ਵਾਲੇ ਮਹਿਕਮੇ ਦੇ ਦਫ਼ਤਰ ਵੀ ਵਿਹਲੇ ਹੋ ਜਾਣਗੇ ਤੇ ਉਨਾਂ ਦੀ ਬੋਲੀ ਲੱਗ ਜਾਵੇਗੀ। ਨਵੇਂ ਖੇਤੀ ਬਿੱਲ ਪੰਜਾਬ ਦੇ 11.25 ਲੱਖ ਕਿਸਾਨਾਂ ਦੇ ਗਲੇ ਦੀ ਹੱਡੀ ਬਣਨਗੇ। ਜੇਕਰ ਖੇਤੀ ਬਿੱਲ ਜਿਣਸਾਂ ਦੇ ਸਰਕਾਰੀ ਭਾਅ ਨੂੰ ਕੁੜਿੱਕੀ ਪਾਉਂਦੇ ਹਨ ਤਾਂ ਸਰਕਾਰੀ ਭਾਅ 'ਤੇ ਫ਼ਸਲਾਂ ਵੇਚਣ ਵਾਲੇ ਦੇਸ਼ ਦੇ ਸਵਾ ਕਰੋੜ ਕਿਸਾਨਾਂ ਲਈ ਨਵਾਂ ਸੰਕਟ ਖੜਾ ਹੋ ਜਾਵੇਗਾ। ਸਮੁੱਚੇ ਦੇਸ਼ 'ਚੋਂ ਪੰਜਾਬ ਅਜਿਹਾ ਦੂਸਰਾ ਸੂਬਾ ਹੈ ਜਿਥੋਂ ਦੇ ਸਭ ਤੋਂ ਵੱਧ 10.49 ਲੱਖ ਕਿਸਾਨ ਸਰਕਾਰੀ ਭਾਅ 'ਤੇ ਕਣਕ ਵੇਚਦੇ ਹਨ। ਕੇਂਦਰੀ ਖੁਰਾਕ ਤੇ ਸਪਲਾਈ ਮੰਤਰਾਲੇ ਅਨੁਸਾਰ ਪੰਜਾਬ ਦੇ 10.49 ਲੱਖ ਕਿਸਾਨਾਂ ਨੇ ਲੰਘੇ ਸੀਜ਼ਨ 'ਚ ਕਣਕ ਦੀ ਫ਼ਸਲ ਸਰਕਾਰੀ ਭਾਅ 'ਤੇ ਵੇਚੀ ਸੀ ਜਦੋਂਕਿ ਸਾਲ 2019-20 ਦੇ ਸੀਜ਼ਨ 'ਚ ਪੰਜਾਬ ਦੇ 11.25 ਲੱਖ ਕਿਸਾਨਾਂ ਨੇ ਝੋਨੇ ਦੀ ਫ਼ਸਲ ਘੱਟੋ ਘੱਟ ਸਮਰਥਨ ਮੁੱਲ 'ਤੇ ਵੇਚੀ ਸੀ। ਖੇਤੀ ਬਿੱਲ ਆਉਂਦੇ ਸਮੇਂ ਵਿੱਚ ਪੰਜਾਬ ਦੇ ਕਰੀਬ 11.25 ਲੱਖ ਕਿਸਾਨਾਂ ਨੂੰ ਹਨੇਰੇ ਵਿੱਚ ਧੱਕ ਸਕਦੇ ਹਨ। ਕੇਂਦਰ ਸਰਕਾਰ ਤਰਫ਼ੋਂ ਅੱਜ ਅਗਲੀ ਕਣਕ ਦੀ ਫ਼ਸਲ ਦਾ ਘੱਟੋ ਘੱਟ ਸਮਰਥਨ ਮੁੱਲ ਐਲਾਨ ਦਿੱਤਾ ਹੈ। ਇਸੇ ਦੌਰਾਨ ਸਮੁੱਚਾ ਪੰਜਾਬ ਕਿਸਾਨ ਅੰਦੋਲਨਾਂ 'ਚ ਖੇਤੀ ਬਿੱਲਾਂ ਦੇ ਖ਼ਿਲਾਫ਼ ਡਟਿਆ ਹੋਇਆ ਹੈ। ਮੱਧ ਪ੍ਰਦੇਸ਼ ਦੇ 15.93 ਲੱਖ, ਪੰਜਾਬ ਦੇ 10.49 ਲੱਖ, ਹਰਿਆਣਾ ਦੇ 7.80 ਲੱਖ, ਯੂ.ਪੀ ਦੇ 6.63 ਲੱਖ ਅਤੇ ਰਾਜਸਥਾਨ ਦੇ 2.19 ਲੱਖ ਕਿਸਾਨਾਂ ਨੇ ਲੰਘੇ ਸੀਜ਼ਨ 'ਚ ਕਣਕ ਦੀ ਫ਼ਸਲ ਸਰਕਾਰੀ ਮੁੱਲ 'ਤੇ ਵੇਚੀ ਸੀ। ਇਵੇਂ ਹੀ ਸਾਲ 2019-20 'ਚ ਤਿਲੰਗਾਨਾ ਦੇ 19.88 ਲੱਖ, ਹਰਿਆਣਾ ਦੇ 18.91 ਲੱਖ, ਛਤੀਸਗੜ ਦੇ 18.38 ਲੱਖ, ਉੜੀਸਾ ਦੇ 11.61 ਲੱਖ ਅਤੇ ਪੰਜਾਬ ਦੇ 11.25 ਲੱਖ ਕਿਸਾਨਾਂ ਨੇ ਝੋਨੇ ਦੀ ਫਸਲ ਸਰਕਾਰੀ ਕੀਮਤ 'ਤੇ ਵੇਚੀ ਸੀ। ਪੰਜਾਬ ਦੇ ਝੋਨੇ ਦੀ ਜਿਣਸ ਸਰਕਾਰੀ ਭਾਅ 'ਤੇ ਵੇਚਣ ਵਾਲੇ ਕਿਸਾਨਾਂ ਦੀ ਸਾਲ 2015-16 ਵਿਚ ਦੇਸ਼ ਵਿਚੋਂ ਸਭ ਤੋਂ ਵੱਧ ਗਿਣਤੀ 12.06 ਲੱਖ ਸੀ। ਉਦੋਂ ਮੁਲਕ 'ਚੋਂ ਪੰਜਾਬ ਪਹਿਲੇ ਨੰਬਰ 'ਤੇ ਸੀ ਅਤੇ ਹੁਣ ਪਛੜ ਕੇ ਪੰਜਵੇਂ ਨੰਬਰ 'ਤੇ ਆ ਗਿਆ ਹੈ। ਪੂਰੇ ਮੁਲਕ 'ਤੇ ਨਜ਼ਰ ਮਾਰੀਏ ਤਾਂ ਦਸ ਸੂਬਿਆਂ ਵਿੱਚ ਕਣਕ ਦੀ ਫ਼ਸਲ ਸਰਕਾਰੀ ਭਾਅ 'ਤੇ ਲੰਘੇ ਸੀਜ਼ਨ ਵਿੱਚ ਖਰੀਦ ਕੀਤੀ ਗਈ ਸੀ ਅਤੇ ਇਨਾਂ ਦਸ ਸੂਬਿਆਂ ਦੇ ਕਿਸਾਨਾਂ ਦੀ ਗਿਣਤੀ 43.35 ਲੱਖ ਬਣਦੀ ਹੈ। ਇਸੇ ਤਰਾਂ ਦੇਸ਼ ਦੇ 22 ਸੂਬਿਆਂ 'ਚ ਝੋਨੇ ਵਾਲੇ 1.24 ਕਰੋੜ ਕਿਸਾਨਾਂ ਨੇ ਆਪਣੀ ਜਿਣਸ ਸਰਕਾਰੀ ਕੀਮਤ 'ਤੇ ਵੇਚੀ ਸੀ। ਭਾਰਤੀ ਖੁਰਾਕ ਨਿਗਮ ਵੱਲੋਂ ਦੇਸ਼ ਭਰ 'ਚੋਂ ਲੰਘੇ ਸੀਜ਼ਨ ਵਿਚ 38.66 ਲੱਖ ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਸੀ, ਜਿਸ 'ਚੋਂ 14.20 ਲੱਖ ਮੀਟਰਿਕ ਟਨ ਇਕੱਲੇ ਪੰਜਾਬ 'ਚੋਂ ਖਰੀਦੀ




ਗਈ ਸੀ। ਇਸੇ ਤਰਾਂ ਖੁਰਾਕ ਨਿਗਮ ਨੇ ਪੰਜਾਬ 'ਚੋਂ ਲੰਘੇ ਸੀਜ਼ਨ ਵਿਚ 2.24 ਲੱਖ ਮੀਟਰਿਕ ਟਨ ਝੋਨਾ ਖਰੀਦਿਆ ਸੀ। ਵੇਰਵਿਆਂ ਅਨੁਸਾਰ ਖੁਰਾਕ ਨਿਗਮ ਵੱਲੋਂ ਪੂਰਬੀ ਰਾਜਾਂ 'ਚ ਇੱਕ ਤਜਰਬਾ ਕੀਤਾ ਗਿਆ ਸੀ ਜਿਸ ਤਹਿਤ ਨਿਗਮ ਨੇ ਪ੍ਰਾਈਵੇਟ ਕੰਪਨੀਆਂ ਨੂੰ ਖਰੀਦ ਦੇ ਕੰਮ ਵਿੱਚ ਸ਼ਾਮਲ ਕੀਤਾ ਸੀ। ਖੁਰਾਕ ਨਿਗਮ ਦੇ ਇਸ ਤਜਰਬੇ ਤਹਿਤ ਝਾਰਖੰਡ, ਯੂ.ਪੀ ਅਤੇ ਪੱਛਮੀ ਬੰਗਾਲ 'ਚੋਂ ਸਾਲ 2015-16 ਤੋਂ 2017-18 ਦੌਰਾਨ ਪ੍ਰਾਈਵੇਟ ਕੰਪਨੀਆਂ ਨੇ ਸਰਕਾਰੀ ਮੁੱਲ 'ਤੇ ਸਿਰਫ਼ 7.60 ਲੱਖ ਮੀਟਰਿਕ ਟਨ ਫ਼ਸਲ ਹੀ ਖਰੀਦ ਕੀਤੀ ਸੀ। ਕੇਂਦਰ ਸਰਕਾਰ ਨੇ ਅੱਜ ਕਣਕ ਦਾ ਸਰਕਾਰੀ ਭਾਅ 50 ਰੁਪਏ ਵਧਾ ਕੇ 1975 ਰੁਪਏ ਪ੍ਰਤੀ ਕੁਇੰਟਲ ਐਲਾਨ ਦਿੱਤਾ ਗਿਆ ਹੈ। ਆਉਂਦੇ ਸਮੇਂ ਵਿਚ ਸਰਕਾਰੀ ਭਾਅ ਹਕੀਕਤ ਨਾ ਬਣਿਆ ਤਾਂ ਸਭ ਤੋਂ ਵੱਡੀ ਮਾਰ ਪੰਜਾਬ ਦੀ ਕਿਸਾਨੀ ਨੂੰ ਝੱਲਣੀ ਪੈਣੀ ਹੈ।

ਇਸ ਕੋਰੋਨਾ ਕਾਲ ਦੇ ਸਮੇਂ ਸਨਅਤ, ਸੇਵਾ ਖੇਤਰ, ਸੈਰ-ਸਪਾਟਾ, ਆਟੋਮੋਬਾਇਲ, ਨਿਰਮਾਣ, ਵਪਾਰ ਤੇ ਟਰਾਂਸਪੋਰਟ ਸਭ ਕੁਝ ਡੁੱਬ ਰਿਹਾ ਹੈ, ਹਰ ਖੇਤਰ ਵਿੱਚ ਮੰਗ ਦੀ ਭਾਰੀ ਕਮੀ ਹੈ। ਇੱਕ ਖਾਧ-ਖੁਰਾਕ ਦਾ ਖੇਤਰ ਹੀ ਹੈ, ਜਿਸ ਵਿੱਚ ਮੰਗ ਦੀ ਕਦੇ ਕਮੀ ਨਹੀਂ ਆਉਂਦੀ। ਇਸੇ ਕਾਰਨ ਅੱਜ ਕਾਰਪੋਰੇਟਾਂ ਦੀ ਨਜ਼ਰ ਖੇਤੀ ਸੈਕਟਰ ਉੱਤੇ ਹੈ। ਭਾਰਤ ਦੇ ਖੇਤੀ ਖੇਤਰ ਵਿੱਚ ਨੈਸਲੇ, ਕੈਡਬਰੀ, ਹਿੰਦੋਸਤਾਨ ਲੀਵਰ, ਗੋਦਰੇਜ, ਡਾਬਰ ਤੇ ਬ੍ਰਿਟੇਨੀਆ ਵਰਗੀਆਂ ਕੰਪਨੀਆਂ ਪਹਿਲਾਂ ਹੀ ਆਪਣੇ ਪੈਰ ਜਮਾ ਚੁੱਕੀਆਂ ਹਨ, ਹੁਣ ਕਾਰਗਿਲ ਤੇ ਰਿਲਾਇੰਸ ਵਰਗੀਆਂ ਬਹੁ-ਰਾਸ਼ਟਰੀ ਕੰਪਨੀਆਂ ਦੀ ਗਿਰਝ ਅੱਖ ਇਸ ਉੱਤੇ ਲੱਗੀ ਹੋਈ ਹੈ। ਇਸ ਸਥਿਤੀ ਵਿੱਚ ਭਾਰਤ ਦੇ ਕਿਸਾਨ ਕੋਲ ਲੜਨ ਤੋਂ ਬਿਨਾਂ ਕੋਈ ਹੋਰ ਰਾਹ ਨਹੀਂ ਰਿਹਾ। ਦੇਸ਼ ਦੀਆਂ 250 ਕਿਸਾਨ ਜਥੇਬੰਦੀਆਂ ਨੇ ਕਿਸਾਨ ਸੰਘਰਸ਼ ਤਾਲਮੇਲ ਕਮੇਟੀ ਦੇ ਬੈਨਰ ਹੇਠ ਲੜਾਈ ਵਿੱਢੀ ਹੋਈ ਹੈ। ਨਿੱਤ ਦਿਨ ਇਹ ਕਾਫ਼ਲਾ ਵਧਦਾ ਹੀ ਜਾ ਰਿਹਾ ਹੈ। ਪੰਜਾਬ ਦੀਆਂ 10 ਕਿਸਾਨ ਜਥੇਬੰਦੀਆਂ ਨੇ ਇਨਾਂ ਕਾਨੂੰਨਾਂ ਵਿਰੁੱਧ ਮੋਰਚਾ ਸ਼ੁਰੂ ਕੀਤਾ ਸੀ, ਸ਼ਨੀਵਾਰ ਇਸ ਵਿੱਚ 21 ਹੋਰ ਜਥੇਬੰਦੀਆਂ ਸ਼ਾਮਲ ਹੋ ਗਈਆਂ ਹਨ। ਰਾਜ ਸਭਾ ਵਿੱਚ ਜਦੋਂ ਬਿੱਲ ਪਾਸ ਕਰਾਇਆ ਜਾ ਰਿਹਾ ਸੀ ਤਾਂ ਸਮੁੱਚੇ ਪੰਜਾਬ ਦੇ ਪਿੰਡ-ਪਿੰਡ, ਸ਼ਹਿਰ-ਸ਼ਹਿਰ ਵਿੱਚ ਮੋਦੀ ਦੇ ਪੁਤਲੇ ਤੇ ਕਿਸਾਨ ਮਾਰੂ ਬਿੱਲਾਂ ਦੀਆਂ ਕਾਪੀਆਂ ਸਾੜੀਆਂ ਜਾ ਰਹੀਆਂ ਸਨ।

ਕੇਂਦਰ ਸਰਕਾਰ ਦੀਆਂ ਨੀਤੀਆਂ ਹਮੇਸਾਂ ਕਿਸਾਨ ਵਿਰੋਧੀ ਰਹੀਆਂ ਹਨ । ਦੇਸ਼ ਦੀ ਅਜ਼ਾਦੀ ਤੋ ਬਾਅਦ ਕਦੇ ਵੀ ਕਿਸਾਨ ਖੁਸ਼ਹਾਲ ਨਹੀਂ ਦੇਖਿਆ ਗਿਆ। ਦੇਸ਼ ਦੇ ਅੰਨ ਭੰਡਾਰ ਭਰਨ ਵਾਲੇ ਕਿਸਾਨ ਦੀ ਆਪਣੀ ਹਾਲਤ ਐਨੀ ਤਰਸਯੋਗ ਬਣਾ ਦਿੱਤੀ ਗਈ ਹੈ ਕਿ ਅੰਨਦਾਤਾ ਅਖਵਾਉਣ ਵਾਲਾ ਖੁਦ ਫਾਕੇ ਕੱਟਣ ਲਈ ਮਜਬੂਰ ਹੈ । ਪੰਜਾਬ ਨਾਲ ਹਮੇਸ਼ਾ ਹੀ ਦਿੱਲੀ ਨੇ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ । ਪੰਜਾਬ ਦੇ ਬਿਜਲੀ ਪਾਣੀ ਕੇਂਦਰ ਨੇ ਧੋਖੇ ਨਾਲ ਖੋਹ ਲਏ ਤੇ ਪੰਜਾਬ ਦੇ ਗਲ ਪਾ ਦਿੱਤੇ । ਮਹਿੰਗੇ ਭਾਅ ਦੇ ਥਰਮਲ ਅਤੇ ਟਿਉਬਵੈਲ,ਜਿੰਨਾਂ ਨੇ ਪੰਜਾਬ ਦੀ ਉਪਜਾਊ ਸ਼ਰਜਮੀਨ ਬੰਜਰ ਬਣਾ ਦਿੱਤੀ ਤੇ ਉੱਪਰੋ ਗਲ ਪਾਈ ਬੇਲੋੜੀ ਮਸ਼ੀਨਰੀ ਦੀ ਚਕਾਚੌਂਧ ਨੇ ਕਿਸਾਨੀ ਦਾ ਰੋਮ ਰੋਮ ਕਰਜਈ ਕਰ ਦਿੱਤਾ ਹੈ , ਲਿਹਾਜਾ ਖੁਦਕੁਸ਼ੀਆਂ ਦੀ ਮੌਤ ਕਿਸਾਨ ਦੀ ਹੋਣੀ ਸਮਝੀ ਜਾਣ ਲੱਗੀ ਹੈ। ਇਹ ਵੀ ਕੌੜਾ ਸੱਚ ਹੈ ਕਿ ਕੇਂਦਰੀ ਹਕੂਮਤਾਂ ਨੇ ਕਦੇ ਵੀ ਕਿਸਾਨੀ ਦੀ ਜੂਨ ਸੁਧਾਰਨ ਲਈ ਕੋਈ ਨੀਤੀ ਨਹੀਂ ਬਣਾਈ ,ਬਲਕਿ ਸਵਾਮੀਨਾਥਨ ਕਮਿਸ਼ਨ ਦੀਆਂ ਰਿਪੋਰਟਾਂ ਨੂੰ ਲਾਗੂ ਕਰਨ ਤੋ ਕਾਂਗਰਸ ਦੀ ਯੂ ਪੀ ਏ ਸਰਕਾਰ ਨੇ ਵੀ ਪਾਸਾ ਵੱਟੀ ਰੱਖਿਆ,ਜਦੋਂ ਕਿ ਯੂ ਪੀ ਏ ਸਰਕਾਰ ਵੱਲੋਂ ਇਸ ਕਮਿਸ਼ਨ ਦੀਆਂ ਰਿਪੋਰਟਾਂ ਦੀ ਸਮੀਖਿਆ ਕਰਨ ਲਈ 10 ਸੂਬਿਆਂ ਦੇ ਮੁੱਖ ਮੰਤਰੀਆਂ ਦੀ ਬਣਾਈ ਕਮੇਟੀ ਨੇ ਵੀ ਸਵਾਮੀਨਾਥਨ ਕਮਿਸ਼ਨ ਦੀਆਂ ਰਿਪੋਰਟਾਂ ਲਾਗੂ ਕਰਨ ਦੀ ਸਿਫਾਰਸ਼ ਕਰ ਦਿੱਤੀ ਸੀ ਅਤੇ ਮੋਦੀ ਨੇ 2014 ਦੀਆਂ ਲੋਕ ਸਭਾ ਚੋਣਾਂ ਤੋ ਪਹਿਲਾਂ ਕਿਸਾਨਾਂ ਨਾਲ ਸਵਾਮੀਨਾਥਨ ਰਿਪੋਰਟ ਲਾਗੂ ਕਰਨ ਦਾ ਵਾਅਦਾ ਕੀਤਾ ਸੀ,ਪਰ ਸਰਕਾਰ ਬਣਦਿਆਂ ਹੀ ਸਵਾਮੀਨਾਥਨ ਰਿਪੋਰਟ ਲਾਗੂ ਕਰਨ ਤੋ ਅਸਮਰੱਥਾ ਪਰਗਟ ਕਰ ਦਿੱਤੀ , ਬਲਕਿ ਇਸ ਤੋ ਵੀ ਅੱਗੇ ਜਾਂਦਿਆਂ ਕਿਸਾਨਾਂ ਦੀਆਂ ਵੋਟਾਂ ਲੈ ਕੇ ਬਣੀ ਇਸ ਮੋਦੀ ਸਰਕਾਰ ਨੇ 5 ਜੂਨ 2020 ਨੂੰ ਲਿਆਂਦੇ ਤਿੰਨ ਕਿਸਾਨ ਵਿਰੋਧੀ ਆਰਡੀਨੈਂਸਾਂ ਨੂੰ ਲੋਕ ਸਭਾ ਅਤੇ ਰਾਜ ਸਭਾ ਵਿੱਚੋਂ ਪਾਸ ਕਰਵਾ ਲਿਆ ਹੈ। ਤਿੰਨੇ ਆਰਡੀਨੈਂਸਾਂ ਅਤੇ ਬਿਜਲੀ ਸੋਧ ਬਿਲ-2020 ਖਿਲਾਫ ਪੰਜਾਬ ਦੀ ਧਰਤੀ ਤਿੰਨ ਮਹੀਨੇ ਤੋਂ ਕਿਸਾਨੀ ਘੋਲਾਂ ਦਾ ਅਖਾੜਾ ਬਣੀ ਹੋਈ ਹੈ। ਪੰਜਾਬ ਦੇ ਕਿਸਾਨੀ ਸੰਘਰਸ਼ਾਂ ਨੇ ਪੰਜਾਬ ਤੋਂ ਬਾਹਰ ਹਰਿਆਣਾ, ਯੂ.ਪੀ ਅਤੇ ਦਿੱਲੀ ਤੱਕ ਜਾ ਦਸਤਕ ਦਿੱਤੀ ਹੈ, ਪ੍ਰੰਤੂ ਇਸ ਦੇ ਬਾਵਜੂਦ ਵੀ ਕੇਂਦਰ ਸਰਕਾਰ ਨੇ ਆਪਣੇ ਹੱਥ ਪਿੱਛੇ ਨਹੀ ਖਿੱਚੇ । ਇੱਥੇ ਇੱਕ ਗੱਲ ਹੋਰ ਵੀ ਗੌਰ ਕਰਨ ਵਾਲੀ ਹੈ ਕਿ ਇਨਾਂ ਆਰਡੀਨੈਂਸਾਂ (ਬਿਲਾਂ) ਦਾ ਮਾਰੂ ਅਸਰ ਭਾਵੇਂ ਸਿੱਧੇ ਤੌਰ ਤੇ ਕਿਸਾਨਾਂ ਨੂੰ ਸਭ ਤੋ ਵੱਧ ਪ੍ਰਭਾਵਤ ਕਰਦਾ ਹੈ, ਪ੍ਰੰਤੂ ਇਹ ਕਿਸਾਨੀ ਤੱਕ ਸੀਮਤ ਰਹਿਣ ਵਾਲਾ ਨਹੀਂ , ਸਗੋਂ ਇਸ ਦਾ ਅਸਰ ਆੜਤੀਆਂ, ਰੇਤ, ਤੇਲ,ਬੀਜ ਡੀਲਰਾਂ, ਮੰਡੀਆਂ ਵਿੱਚ ਕੰਮ ਕਰਦੇ ਲੱਖਾਂ ਕਿਰਤੀ ਪਰਿਵਾਰਾਂ ਉੱਪਰ ਵੀ ਪਵੇਗਾ। ਸਰਮਾਏਦਾਰੀ ਨਿਜ਼ਾਮ ਲੁੱਟ ਘਸੁੱਟ,ਫਰੇਬ,ਧੋਖੇਬਾਜ਼ੀ ਅਤੇ ਭਰਿਸ਼ਟਾਚਾਰੀ ਦੀ ਬੁਨਿਆਦ 'ਤੇ ਉਸਰਿਆ ਅਜਿਹਾ ਢਾਂਚਾ ਹੈ,ਜਿਸ ਨੇ ਕਿਰਤ ਦਾ ਅਸਲੋਂ ਹੀ ਲੱਕ ਤੋੜ ਦਿੱਤਾ ਹੈ। ਇਸ ਨਿਜ਼ਾਮ ਦੀ ਕਿਰਤ ਕਰਨ ਵਾਲੇ ਸਮਾਜ ਨਾਲ ਕੋਈ ਹਮਦਰਦੀ ਨਹੀਂ,ਬਲਕਿ ਸਰਮਾਏਦਾਰ ਹਮੇਸਾਂ ਕਿਰਤੀ ਲੋਕਾਂ ਨੂੰ ਆਪਣੇ ਲੁਟੇਰੇ ਸਾਮਰਾਜ ਦੀ ਵਿਸ਼ਾਲਤਾ ਦੇ ਸਾਧਨਾਂ ਤੋ ਵੱਧ ਕੁੱਝ ਨਹੀਂ ਸਮਝਦਾ। ਕਿਸਾਨੀ ਤੇ ਕਿਰਤ ਨੂੰ ਅਲੱਗ ਅਲੱਗ ਕਰਨ ਲਈ ਸ਼ਰਮਾਏਦਾਰੀ ਨਿਜ਼ਾਮ ਪੂਰੀ ਤਰਾਂ ਜ਼ਿੰਮੇਵਾਰ ਹੈ,ਜਿਸ ਨੇ ਆਪਣੀ ਲੁੱਟ ਦੀ ਪੈਦਾਵਾਰ ਵਧਾਉਣ ਲਈ ਅਜਿਹੀ ਮਸ਼ੀਨਰੀ ਈਜਾਦ ਕਰ ਦਿੱਤੀ ਹੈ,ਜਿਹੜੀ ਕਿਸਾਨ ਅਤੇ ਮਜਦੂਰ ਨੂੰ ਅਸਲੋਂ ਹੀ ਵਿਹਲਾ ਕਰ ਗਈ। ਭਾਵੇਂ ਸਰਮਾਏਦਾਰ ਪੱਖੀ ਮਸ਼ੀਨਰੀ ਯੁਗ ਨੇ ਜੱਟ ਤੇ ਸ਼ੀਰੀ ਦੇ ਪਵਿੱਤਰ ਰਿਸ਼ਤੇ ਵਿਚ ਦੂਰੀਆਂ ਵਧਾ ਦਿੱਤੀਆਂ ਹਨ,

**ਬਾਕੀ ਸਫ਼ਾ 27 'ਤੇ**

## ਰਾਸ਼ਟਰਪਤੀ ਨੂੰ ਅਕਾਲੀ ਦਲ ਨੇ ਸੌਂਪਿਆ ਮੰਗ ਪੱਤਰ

**ਨਵੀਂ ਦਿੱਲੀ/ਏ.ਟੀ.ਨਿਊਜ਼:** ਸ਼੍ਰੋਮਣੀ ਅਕਾਲੀ ਦਲ ਦੇ ਵਫ਼ਦ ਨੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਨਾਲ ਦੇਰ ਸ਼ਾਮ ਮੁਲਾਕਾਤ ਕਰ ਕੇ ਊਨਾਂ ਨੂੰ ਮੰਗ ਪੱਤਰ ਸੌਂਪਿਆ ਅਤੇ ਅਪੀਲ ਕੀਤੀ ਕਿ ਉਹ ਕਿਸਾਨ ਵਿਰੋਧੀ ਬਿੱਲਾਂ 'ਤੇ ਦਸਤਖ਼ਤ ਕੀਤੇ ਬਿਨਾਂ ਊਨਾਂ ਨੂੰ ਵਾਪਸ ਸੰਸਦ ਵਿੱਚ ਭੇਜ ਦੇਣ। ਰਾਸ਼ਟਰਪਤੀ ਨਾਲ ਮੁਲਾਕਾਤ ਮਗਰੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੱਸਿਆ, "ਅਸੀਂ ਰਾਸ਼ਟਰਪਤੀ ਨੂੰ ਜ਼ਬਰਦਸਤੀ ਪਾਸ ਕੀਤੇ ਗਏ ਕਿਸਾਨ ਵਿਰੋਧੀ ਬਿੱਲਾਂ 'ਤੇ ਦਸਤਖ਼ਤ ਨਾ ਕਰਨ ਦੀ ਬੇਨਤੀ ਕੀਤੀ ਹੈ। ਊਨਾਂ ਨੂੰ ਕਿਹਾ ਹੈ ਕਿ ਇਹ ਬਿੱਲ ਸੰਸਦ ਵਿੱਚ ਮੁੜ ਵਿਚਾਰ ਲਈ ਭੇਜ ਦਿੱਤੇ ਜਾਣ।" ਸ਼੍ਰੋਮਣੀ ਅਕਾਲੀ ਦਲ ਵੱਲੋਂ ਸੌਂਪੇ ਗਏ ਮੰਗ ਪੱਤਰ ਵਿਚ ਰਾਸ਼ਟਰਪਤੀ ਨੂੰ ਇਹ ਵੀ ਕਿਹਾ ਗਿਆ ਕਿ ਉਹ ਇਹ ਬਿੱਲ ਸਿਲੈਕਟ ਕਮੇਟੀ ਕੋਲ ਭੇਜਣ ਦੀ ਸਰਕਾਰ ਨੂੰ ਸਲਾਹ ਵੀ ਦੇਣ ਤਾਂ ਜੋ ਇਨਾਂ ਬਿੱਲਾਂ ਨੂੰ ਮੁੜ ਸੰਸਦ ਵਿਚ ਪੇਸ਼ ਕੀਤੇ ਜਾਣ ਤੋਂ ਪਹਿਲਾਂ ਸਿਲੈਕਟ ਕਮੇਟੀ ਕਿਸਾਨਾਂ, ਖੇਤ ਤੇ ਮੰਡੀ ਮਜ਼ਦੂਰਾਂ ਅਤੇ ਹੋਰਨਾਂ ਦੀ ਰਾਇ ਲੈ ਸਕੇ। ਵਫ਼ਦ 'ਚ ਸੁਖਬੀਰ ਬਾਦਲ, ਨਰੇਸ਼ ਗੁਜਰਾਲ ਅਤੇ ਪ੍ਰੇਮ ਸਿੰਘ ਚੰਦੂਮਾਜਰਾ ਵੀ ਹਾਜ਼ਰ ਸਨ।

## ਖੇਤੀ ਬਿੱਲ 21ਵੀਂ ਸਦੀ ਦੇ ਭਾਰਤ ਦੀ ਲੋੜ: ਮੋਦੀ

**ਨਵੀਂ ਦਿੱਲੀ/ਏ.ਟੀ.ਨਿਊਜ਼:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਸੰਸਦ ਵੱਲੋਂ ਪਾਸ ਕੀਤੇ ਗਏ ਖੇਤੀ ਸੈਕਟਰ ਦੇ ਸੁਧਾਰ ਬਿੱਲ 21ਵੀਂ ਸਦੀ ਦੇ ਭਾਰਤ ਦੀ ਲੋੜ ਹਨ। ਊਨਾਂ ਕਿਸਾਨਾਂ ਨੂੰ ਮੁੜ ਭਰੋਸਾ ਦਿਵਾਇਆ ਕਿ ਸਰਕਾਰ ਊਨਾਂ ਦੀ ਫ਼ਸਲ ਖ਼ਰੀਦੇਗੀ ਅਤੇ ਘੱਟੋ ਘੱਟ ਸਮਰਥਨ ਮੁੱਲ ਦੀ ਪ੍ਰਣਾਲੀ ਜਾਰੀ ਰਹੇਗੀ। ਮੋਦੀ ਨੇ ਬਿੱਲਾਂ ਦਾ ਪੱਖ ਪੂਰਦਿਆਂ ਕਿਹਾ ਕਿ ਕਿਸਾਨਾਂ ਨੂੰ ਹੁਣ ਆਪਣੀ ਫ਼ਸਲ ਕਿਤੇ ਵੀ ਅਤੇ ਆਪਣੇ ਮੁੱਲ 'ਤੇ ਵੇਚਣ ਦੀ ਆਜ਼ਾਦੀ ਹੋਵੇਗੀ। ਆਲੋਚਕਾਂ ਖਾਸ ਕਰ ਕੇ ਕਾਂਗਰਸ 'ਤੇ ਵਰਦਿਆਂ ਊਨਾਂ ਕਿਹਾ,"ਕੁਝ ਲੋਕਾਂ ਦੇ ਗੁੱਟਾਂ ਨੇ ਲੰਬੇ ਸਮੇਂ ਤੱਕ ਕਿਸਾਨਾਂ ਦਾ ਸ਼ੋਸ਼ਣ ਕੀਤਾ।ਖੇਤੀ ਸੈਕਟਰ 'ਚ ਇਤਿਹਾਸਕ ਬਦਲਾਅ ਮਗਰੋਂ ਕੁਝ ਲੋਕ ਐੱਮਐੱਸਪੀ 'ਤੇ ਕਿਸਾਨਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਉਹੋ ਲੋਕ ਹਨ ਜਿਹੜੇ ਕਈ ਵਰਿਆਂ ਤੱਕ ਸਵਾਮੀਨਾਥਨ ਕਮੇਟੀ ਦੀਆਂ ਸਿਫ਼ਾਰਸ਼ਾਂ ਦੱਬੀ ਬੈਠੇ ਰਹੇ।" ਬਿੱਲਾਂ ਨੂੰ ਇਤਿਹਾਸਕ ਕਰਾਰ ਦਿੰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਜੇਕਰ ਕੋਈ ਆਖਦਾ ਹੈ ਕਿ ਸਰਕਾਰ ਦੇ ਸੁਧਾਰਾਂ ਨਾਲ ਮੰਡੀਆਂ ਖ਼ਤਮ ਹੋ ਜਾਣਗੀਆਂ ਤਾਂ ਉਹ 'ਝੂਠ' ਬੋਲ ਰਿਹਾ ਹੈ। ਊਨਾਂ ਕਿਹਾ ਕਿ ਕਈ ਸੂਬਿਆਂ 'ਚ ਕਿਸਾਨਾਂ ਨੂੰ ਪਹਿਲਾਂ ਤੋਂ ਹੀ ਆਪਣੀ ਫ਼ਸਲ ਦਾ ਢੁਕਵਾਂ ਮੁੱਲ ਮਿਲ ਰਿਹਾ ਹੈ। ਸ੍ਰੀ ਮੋਦੀ ਨੇ ਇਹ ਗੱਲਾਂ ਵਰਚੂਅਲ ਸਮਾਗਮ ਦੌਰਾਨ ਬਿਹਾਰ 'ਚ 9 ਹਾਈਵੇਅ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖਣ ਅਤੇ 45945 ਪਿੰਡਾਂ 'ਚ ਆਪਟੀਕਲ ਫਾਈਬਰ ਇੰਟਰਨੈੱਟ ਸੇਵਾਵਾਂ ਦੇ ਉਦਘਾਟਨ ਮੌਕੇ ਕੀਤੀਆਂ। ਊਨਾਂ ਕਿਹਾ ਕਿ ਛੋਟੇ ਕਿਸਾਨਾਂ ਨੂੰ ਇਨਾਂ ਬਿੱਲਾਂ ਦਾ ਲਾਭ ਹੋਵੇਗਾ ਅਤੇ ਊਨਾਂ ਨੂੰ ਫ਼ਸਲ ਦਾ ਬਿਹਤਰ ਮੁੱਲ ਮਿਲੇਗਾ।

# ਸਤਲੁਜ ਅਤੇ ਬਿਆਸ ਵਿਚਾਲੇ, ਸ਼ਿਵਾਲਿਕ ਪਹਾੜੀਆਂ ਦੇ ਪੈਰਾਂ 'ਚ ਵਸੇ ਹੋਏ ਹੁਸ਼ਿਆਰਪੁਰ ਜ਼ਿਲੇ ਦੀਆਂ ਬਾਤਾਂ

- ਹਰਪ੍ਰੀਤ ਕੌਰ ਢੱਡਾ
8284961771

ਪੰਜਾਬ ਦੇ ਸਭ ਤੋਂ ਵੱਧ ਪੜੇ-ਲਿਖੇ ਜ਼ਿਲੇ ਹੁਸ਼ਿਆਰਪੁਰ ਦੀ ਗੱਲ ਕਰਦੇ ਹਾਂ ਜਿਹੜਾ ਦਰਿਆ ਸਤਲੁਜ ਤੇ ਬਿਆਸ ਦੇ ਵਿਚਕਾਰ ਅਤੇ ਸ਼ਿਵਾਲਿਕ ਪਹਾੜੀਆਂ ਦੇ ਪੈਰਾਂ 'ਚ ਵਸਿਆ ਹੋਇਆ ਹੈ ਤੇ ਆਪਣੇ ਇਤਿਹਾਸਕ ਪਿਛੋਕੜ ਦੇ ਨਾਲ-ਨਾਲ ਭੂਗੋਲਿਕ ਖੂਬਸੂਰਤੀ ਕਰਕੇ ਵੀ ਆਪਣੀ ਵੱਖਰੀ ਪਛਾਣ ਰੱਖਦਾ ਹੈ।

ਉੱਘੇ ਬਨਸਪਤੀ ਵਿਗਿਆਨੀ ਸਫ਼ਲ ਪ੍ਰਸ਼ਾਸਕ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵੀਸੀ ਰਹੇ, ਸਾਹਿਤ ਅਤੇ ਕਲਾ ਦੇ ਪ੍ਰਸ਼ੰਸਕ ਤੇ ਪੰਜਾਬ ਦੀ ਮਿੱਟੀ ਨੂੰ ਦਿਲੋਂ ਪਿਆਰ ਕਰਨ ਵਾਲੇ ਡਾ. ਮਹਿੰਦਰ ਸਿੰਘ ਰੰਧਾਵਾ 'ਆਪ ਬੀਤੀ' ਵਿਚ ਹੁਸ਼ਿਆਰਪੁਰ ਬਾਰੇ ਲਿਖਦੇ ਹਨ:-

"ਕਿੰਨੇ ਸੋਹਣੇ ਹਨ ਹੁਸ਼ਿਆਰਪੁਰ ਦੇ ਪਿੰਡ। ਸਾਰੇ ਹੁਸ਼ਿਆਰਪੁਰ 'ਚ ਇਹੀ ਇਲਾਕਾ ਹੈ ਜਿੱਥੇ ਮੈਦਾਨਾਂ ਤੋਂ ਹਿਮਾਲਿਆ ਦੀਆਂ ਬਰਫ਼ ਨਾਲ ਢੱਕੀਆਂ ਚੋਟੀਆਂ ਸਾਫ਼ ਦਿਖਾਈ ਦਿੰਦੀਆਂ ਹਨ। ਸ਼ਿਵਾਲਿਕ ਦੀਆਂ ਉੱਚੀਆਂ ਨੀਲੀਆਂ ਪਹਾੜੀਆਂ ਨੇ ਤਾਂ ਸੀਰੋਵਾਲ ਦੇ ਉਪਜਾਊ ਇਲਾਕੇ ਨੂੰ ਹੋਰ ਵੀ ਸ਼ਿੰਗਾਰ ਦਿੱਤਾ ਹੈ। ਚਾਰੇ ਪਾਸੇ ਅੰਬਾਂ ਦੇ ਬਾਗ਼ ਤੇ ਟਾਹਲੀਆਂ ਦੀਆਂ ਝਿੜੀਆਂ।"

ਹੁਸ਼ਿਆਰਪੁਰ ਜ਼ਿਲਾ ਪੰਜਾਬ ਦੇ ਉੱਤਰ ਪੂਰਬੀ ਭਾਗ ਵਿਚ ਸਥਿਤ ਹੈ। ਇਹ ਜਲੰਧਰ ਮਾਲ ਡਿਵੀਜ਼ਨ ਤੇ ਦੁਆਬਾ ਖੇਤਰ ਦੇ ਬਿਸਤ ਦੁਆਬ ਵਿੱਚ ਪੈਂਦਾ ਅਰਧ ਪਹਾੜੀ ਇਲਾਕਾ ਹੈ ਜਿਹੜਾ ਬਿਆਸ ਦਰਿਆ ਦੇ ਉੱਤਰੀ ਪੱਛਮ ਵਿਚ ਸਥਿਤ ਹੈ।

ਜੇ ਹੁਸ਼ਿਆਰਪੁਰ ਦੇ ਨਾਂ ਦੀ ਗੱਲ ਕਰੀਏ ਤਾਂ ਇਸ ਬਾਰੇ ਦੋ ਗੱਲਾਂ ਮਸ਼ਹੂਰ ਹਨ:-

ਪਹਿਲੀ ਅਨੁਸਾਰ:- ਇਸ ਦਾ ਨਾਮ ਬਜਵਾੜਾ ਪਿੰਡ ਦੇ (ਜਿਹੜਾ ਹੁਸ਼ਿਆਰਪੁਰ ਤੋਂ ਦੋ ਕਿ.ਮੀ. ਦੀ ਦੂਰੀ ਤੇ ਸਥਿਤ ਹੈ) ਉੱਥੋਂ ਦੇ ਵਸਨੀਕ 'ਹੁਸ਼ਿਆਰਖਾਨ' ਦੇ ਨਾਂ 'ਤੇ ਰੱਖਿਆ ਗਿਆ ਜਿਸ ਨੇ 600 ਸਾਲ ਪਹਿਲਾਂ ਇਹ ਕਸਬਾ ਵਸਾਇਆ ਸੀ।

ਦੂਜੇ ਵੇਰਵੇ ਅਨੁਸਾਰ:- ਇਹ ਕਸਬਾ ਹੁਸ਼ਿਆਰਪੁਰ ਸਮਰਾਟ ਮੁਹੰਮਦ ਤੁਗਲਕ ਦੇ ਦੀਵਾਨ ਹਰਗੋਬਿੰਦ ਤੇ ਰਾਮਚੰਦ ਦੁਆਰਾ ਵਸਾਇਆ ਗਿਆ।

ਬ੍ਰਿਟਿਸ਼ ਕਾਲ ਵਿਚ ਇਹ ਜ਼ਿਲਾ ਅੰਗਰੇਜ਼ਾਂ ਨੇ ਪਹਿਲੇ ਸਿੱਖ ਯੁੱਧ ਦੇ ਖ਼ਤਮ ਹੋਣ 'ਤੇ ਜਲੰਧਰ ਦੁਆਬ ਦੇ ਨਾਲ ਹਥਿਆ ਲਿਆ ਸੀ।

ਹੁਸ਼ਿਆਰਪੁਰ ਜ਼ਿਲੇ ਦਾ ਇਲਾਕਾ ਸਿੰਧੂ ਘਾਟੀ ਦੀ ਸੱਭਿਆਤਾ ਦਾ ਹਿੱਸਾ ਸੀ। ਅਜੋਕੀਆਂ ਖੁਦਾਈਆਂ ਤੋਂ ਪਤਾ ਚੱਲਦਾ ਹੈ ਕਿ ਸ਼ਿਵਾਲਿਕ ਦੀਆਂ ਪਹਾੜੀਆਂ ਦਾ ਸਾਰਾ ਇਲਾਕਾ ਨਾ ਸਿਰਫ਼ ਮੁੱਢਲੇ ਪ੍ਰਾਚੀਨ ਪੱਥਰ ਕਾਲ ਦੇ ਲੋਕਾਂ ਨੇ ਬਲਕਿ ਆਰੰਭਕ ਇਤਿਹਾਸ ਦੇ ਲੋਕਾਂ ਨੇ ਵੀ ਵਸਣ ਵਾਸਤੇ ਚੁਣਿਆ। ਆਰੰਭਕ ਪੱਥਰ ਕਾਲ ਦੀਆਂ ਖੋਜਾਂ ਦੌਰਾਨ ਅਵਤਾਰਪੁਰ, ਰਹਿਮਾਨਪੁਰ ਤੇ ਰੱਖਣੀ, ਜਿਹੜੇ ਹੁਸ਼ਿਆਰਪੁਰ ਦੇ 30-40 ਕਿ.ਮੀ. ਦੇ ਉੱਤਰੀ ਭਾਗ ਵਿਚ ਹਨ, ਉੱਥੋਂ ਵੀ ਪੱਥਰ ਦੀਆਂ ਕਲਾ ਕ੍ਰਿਤੀਆਂ ਪ੍ਰਾਪਤ ਹੋਈਆਂ। ਹਰਿਆਣੇ ਤੋਂ 8 ਕਿ. ਮੀ. ਦੂਰ ਅਵਤਾਰਪੁਰ ਵਿਚ 80 ਸੰਦ ਮਿਲੇ ਹਨ ਜਿਨਾਂ ਵਿਚ 9 ਕੁਹਾੜੀਆਂ, 19 ਕੁਹਾੜੇ ਤੇ 17 ਵਧੀਆ ਬਿਲੌਰ ਕਿਸਮ ਦੇ ਪੱਥਰ ਦੇ ਸੰਦ ਮਿਲੇ ਹਨ। ਅਜੋਕੀਆਂ ਖੋਜਾਂ ਤੋਂ ਕੁਝ ਗੰਧਾਰ ਸ਼ੈਲੀ ਦੀਆਂ ਕਲਾਕ੍ਰਿਤੀਆਂ ਮਿਲੀਆਂ ਹਨ। ਹੁਸ਼ਿਆਰਪੁਰ ਦੇ 24 ਕਿ. ਮੀ. ਉੱਤਰ ਵਿਚ ਸਥਿਤ ਢੋਲਵਾਹਾ ਵਿਖੇ ਵੀ ਬਹੁਤ ਸਾਰੀਆਂ ਪੁਰਾਤਨ ਚੀਜ਼ਾਂ ਮਿਲੀਆਂ ਹਨ। ਜਿਹੜੀਆਂ ਇਸ ਜ਼ਿਲੇ ਦੇ ਪ੍ਰਾਚੀਨ ਇਤਿਹਾਸ 'ਤੇ ਕਾਫ਼ੀ ਰੋਸ਼ਨੀ ਪਾਉਂਦੀਆਂ ਹਨ।

**ਲੋਕ ਕਥਾਵਾਂ ਅਨੁਸਾਰ:-** ਹੁਸ਼ਿਆਰਪੁਰ ਜ਼ਿਲੇ ਦੀਆਂ ਬਹੁਤ ਸਾਰੀਆਂ ਥਾਵਾਂ ਦਾ ਸੰਬੰਧ ਪਾਂਡਵਾਂ ਨਾਲ ਜੁੜਦਾ ਹੈ। ਮਹਾਂਕਾਵਿ ਮਹਾਂਭਾਰਤ ਵਿਚ ਹੁਸ਼ਿਆਰਪੁਰ ਜ਼ਿਲੇ ਦੇ ਕਸਬੇ 'ਦਸੂਹੇ' ਦਾ ਜ਼ਿਕਰ ਆਉਂਦਾ ਹੈ ਤੇ ਦੱਸਿਆ ਜਾਂਦਾ ਹੈ ਕਿ ਇਹ ਰਾਜਾ ਵਿਰਾਟ ਦਾ ਰਾਜ ਸੀ ਜਿਸਦੀ ਸੇਵਾ ਵਿਚ ਪਾਂਡਵਾਂ ਨੇ 13 ਸਾਲ ਦਾ ਬਨਵਾਸ ਕੱਟਿਆ ਸੀ। ਇਸੇ ਜ਼ਿਲੇ ਦੇ ਕਸਬੇ 'ਮਾਹਲਪੁਰ' ਦੀ ਗੱਲ ਕਰੀਏ ਤਾਂ ਇੱਥੋਂ 11 ਕਿ. ਮੀ. ਦੀ ਦੂਰੀ ਤੇ ਸਥਿਤ ਭਾਮ ਵਿਖੇ ਵੀ ਪਾਂਡਵਾਂ ਨੇ ਆਪਣੇ ਬਨਵਾਸ ਦਾ ਸਮਾਂ ਗੁਜ਼ਾਰਿਆ ਸੀ।

ਚੀਨੀ ਯਾਤਰੀ ਹਿਊਨਾਂਸ ਦੇ ਅਨੁਸਾਰ:-

ਹੁਸ਼ਿਆਰਪੁਰ ਦਾ ਇਲਾਕਾ ਚੰਦਰਵੰਸ਼ੀ ਰਾਜਪੂਤਾਂ ਦਾ ਇਲਾਕਾ ਸੀ , ਜਿਸ ਨੇ ਮੁਗਲਾਂ ਦੀ ਜਿੱਤ ਤੋਂ ਪਹਿਲਾਂ ਸਦੀਆਂ ਤੱਕ ਆਪਣੀ ਆਜ਼ਾਦ ਹੋਂਦ ਕਾਇਮ ਰੱਖੀ।

ਪੰਜਾਬ ਦੇ ਦੁਆਬਾ ਖਿੱਤੇ 'ਚ ਵਸੇ ਜ਼ਿਲਾ ਹੁਸ਼ਿਆਰਪੁਰ ਦੀਆਂ ਉੱਤਰੀ, ਦੱਖਣੀ ਹੱਦਾਂ ਨਾਲ ਦਰਿਆ ਬਿਆਸ ਤੇ ਸਤਲੁਜ ਵਗਦੇ ਹਨ। ਇਸ ਤੋਂ ਇਲਾਵਾ ਹੁਸ਼ਿਆਰਪੁਰ ਵਿਚ ਦੋ ਵੇਈਆਂ ਹਨ। ਇਕ ਕਾਲੀ ਵੇਈਂ, ਦੂਜੀ ਸਫ਼ੇਦ ਵੇਈਂ।




**ਕਾਲੀ ਵੇਈਂ:-** ਟੇਰਕਿਆਣਾ ਛੰਭ ਦੇ ਇਲਾਕੇ ਵਿੱਚੋਂ ਨਿਕਲਦੀ ਹੈ, ਇਹ 12 ਮਹੀਨੇ ਚਲਦੀ ਰਹਿੰਦੀ ਹੈ ਤੇ ਇਸਦਾ ਬਹੁਤ ਸਾਰਾ ਹਿੱਸਾ ਕਪੂਰਥਲਾ ਜ਼ਿਲੇ ਵਿੱਚ ਵਗਦਾ ਹੈ।

ਸਫ਼ੇਦ ਵੇਈਂ:- ਗੜਸ਼ੰਕਰ ਦੇ ਨੇੜਿਓਂ ਹੁਸ਼ਿਆਰਪੁਰ ਤੇ ਜਲੰਧਰ ਜ਼ਿਲਿਆਂ ਵਿਚ ਵਗਦੀ ਹੈ। ਇਨਾਂ ਦੋਵੇਂ ਵੇਈਆਂ ਦੀ ਚੌੜਾਈ ਭਾਵੇਂ ਘੱਟ ਹੈ ਪਰ ਇਹ ਡੂੰਘੀਆਂ ਹਨ ਤੇ ਇਨਾਂ ਨੂੰ ਪਾਰ ਕਰਨਾ ਔਖਾ ਹੈ।

ਹੁਸ਼ਿਆਰਪੁਰ ਜ਼ਿਲੇ ਦੇ ਖੇਤਰਫਲ ਬਾਰੇ ਜਾਣਕਾਰੀ ਦੇਈਏ ਤਾਂ 10,863 ਵਰਗ ਕਿਲੋਮੀਟਰ ਹੈ। 4 ਤਹਿਸੀਲਾਂ, 10 ਬਲਾਕ, 1625 ਦੇ ਕਰੀਬ ਪਿੰਡ, 15 ਪੁਲਿਸ ਸਟੇਸ਼ਨ, 24 ਬੈਂਕ, 16 ਕਾਲਜ/ਯੂਨੀਵਰਸਿਟੀਆਂ, 1 ਬਿਜਲੀ ਘਰ ਤੇ 14 ਦੇ ਕਰੀਬ ਹਸਪਤਾਲ ਮੌਜੂਦ ਹਨ।

**ਪ੍ਰਮੁੱਖ ਸ਼ਹਿਰਾਂ ਵਿਚ:-** ਦਸੂਹਾ, ਗੜਸ਼ੰਕਰ, ਹੁਸ਼ਿਆਰਪੁਰ, ਮੁਕੇਰੀਆ, ਮਾਹਲਪੁਰ, ਜੈਜੋਂ, ਢੋਲਵਾਰਾ, ਟਾਂਡਾ, ਤਲਵਾੜਾ, ਭੂੰਗਾ ਆਦਿ ਸ਼ਾਮਲ ਹਨ।

ਹੁਸ਼ਿਆਰਪੁਰ ਦੇ ਇਤਿਹਾਸਕ ਪਿਛੋਕੜ, ਪੁਰਾਤਨਤਾ ਬਾਰੇ ਆਪਾਂ ਸ਼ੁਰੂ ਵਿਚ ਗੱਲ ਕਰ ਆਏ ਹਾਂ ਤੇ ਹੁਣ ਗੱਲ ਕਰੀਏ ਖਾਸ ਨਾਂਵਾਂ 'ਤੇ ਥਾਵਾਂ ਦੀ ਜਿਹੜੇ ਇੱਕ ਮਹਾਨ ਇਤਿਹਾਸ ਨੂੰ ਆਪਣੇ ਕਲਾਵੇ ਵਿਚ ਸਮੋਈ ਬੈਠੇ ਹਨ:

ਹੁਸ਼ਿਆਰਪੁਰ ਦੇ ਕਸਬੇ ਦਸੂਹੇ ਵਿਚ ਇੱਕ ਪੁਰਾਤਨ ਤਲਾਬ ਮੌਜੂਦ ਹੈ, ਜਿਸ ਦਾ ਸੰਬੰਧ ਪਾਂਡਵਾਂ ਨਾਲ ਜੁੜਦਾ ਦੱਸਿਆ ਜਾਂਦਾ ਹੈ ਤੇ ਜਿੱਥੇ ਕਮਲ ਦੇ ਫੁੱਲ ਖਿੜਦੇ ਹਨ।

ਰਾਜਾ ਰਾਮ ਸਿੰਘ ਨੇ ਜੈਜੋਂ ਵਿਖੇ 1701 ਵਿਚ ਇੱਕ ਜੰਗੀ ਕਿਲੇ ਦਾ ਨਿਰਮਾਣ ਕਰਵਾਇਆ ਸੀ। ਹੁਸ਼ਿਆਰਪੁਰ ਦਾ ਕਿਲਾ ਆਪਣੇ ਆਪ ਵਿਚ ਇੱਥੋਂ ਦੀ ਇੱਕ ਖਾਸੀਅਤ ਹੈ, ਜਿਹੜਾ ਭਾਵੇਂ 1884 ਵਿਚ ਬਰਬਾਦ ਕਰ ਦਿੱਤਾ ਗਿਆ ਸੀ ਪਰ ਉਸਦਾ ਇੱਕ ਮੀਨਾਰ ਅਜੇ ਵੀ ਸੁਰੱਖਿਅਤ ਹੈ।

ਆਇਨੇ-ਅਕਬਰੀ ਵਿਚ ਵੀ ਇਸ ਕਿਲੇ ਦਾ ਜ਼ਿਕਰ ਆਉਂਦਾ ਹੈ। ਬਾਅਦ ਵਿਚ ਇਸ ਤੇ ਰਾਮਗੜੀਆ ਸਰਦਾਰਾਂ ਦਾ ਕਬਜ਼ਾ ਹੋ ਗਿਆ ਸੀ, ਫੇਰ ਮਹਾਰਾਜਾ ਰਣਜੀਤ ਸਿੰਘ ਦੇ ਅਧੀਨ ਤੇ ਫਿਰ ਬ੍ਰਿਟਿਸ਼ ਕਾਲ ਵਿਚ ਇਹ ਕਿਲਾ ਅੰਗਰੇਜ਼ਾਂ ਦੀ ਸਮਰਾਜਵਾਦੀ ਨੀਤੀ ਦੀ ਭੇਟ ਚੜ ਗਿਆ ਸੀ। ਅੱਜ ਜਿੰਨਾਂ ਵੀ ਇਹ ਬਚਿਆ ਹੈ, ਉਸਨੂੰ ਸਾਂਭਣ ਦੀ ਲੋੜ ਹੈ।

ਚੇਤ ਮਹੀਨੇ ਦੀ ਚੌਦਸ ਨੂੰ ਹੁਸ਼ਿਆਰਪੁਰ ਤਹਿਸੀਲ ਦੇ ਪਿੰਡ ਸਲੇਰਨ ਵਿਖੇ ਇੱਕ ਮੇਲਾ ਲਗਦਾ ਹੈ ਜਿੱਥੇ ਸੰਤ ਜੈਮਲ ਨੂੰ ਸਮਰਪਿਤ ਇੱਕ ਮਕਬਰਾ ਬਣਿਆ ਹੋਇਆ ਹੈ ਜਿਹੜਾ 1250 ਵਿਚ ਉਸਾਰਿਆ ਗਿਆ ਸੀ। ਲੋਕ ਕਥਾਵਾਂ ਅਨੁਸਾਰ ਸੰਤ ਜੈਮਲ ਇੱਕ ਫ਼ਕੀਰ ਸੀ ਜਿਹੜਾ ਇਸਲਾਮ ਦਾ ਪ੍ਰਚਾਰ ਕਰਦਾ ਸੀ ਪਰ ਇੱਥੋਂ ਦੇ ਹਿੰਦੂਆਂ ਨੇ ਉਸਨੂੰ ਪੱਥਰ ਮਾਰ-ਮਾਰ ਕੇ ਮਾਰ ਦਿੱਤਾ ਸੀ। ਇੱਕ ਹੋਰ ਕਥਾ ਅਨੁਸਾਰ ਸੰਤ ਜੈਮਲ ਇੱਥੇ ਹੀ ਧਰਤੀ ਵਿਚ ਸਮਾ ਗਏ ਸਨ। ਇਸ ਮੇਲੇ ਉੱਤੇ ਲਹਿੰਦੇ ਪੰਜਾਬ ਪਾਕਿਸਤਾਨ ਤੋਂ ਵੀ ਬਹੁਤ ਸਾਰੇ ਲੋਕ ਆਉਂਦੇ ਹਨ।

ਹੁਸ਼ਿਆਰਪੁਰ ਵਿਚ ਵੀ ਬਾਕੀ ਪੰਜਾਬ ਵਾਂਗ ਹੀ ਬਹੁਤ ਸਾਰੇ ਮੇਲੇ ਲਗਦੇ ਹਨ। ਹੁਸ਼ਿਆਰਪੁਰ ਵਿਚ ਸੀਕਰੀ ਦਾ ਮੇਲਾ, ਰੱਖੜ ਪੁੰਨਿਆਂ ਦਾ ਮੇਲਾ, ਭੇਖੋਵਾਲ, ਰਾਮਪੁਰ ਖੇੜਾ, ਗੁਰਦੁਆਰਾ ਗਰਨਾ ਸਾਹਿਬ ਤੇ ਗੁਰਦੁਆਰਾ ਟਾਹਲੀ ਸਾਹਿਬ ਪਾਤਸ਼ਾਹੀ ਛੇਵੀਂ, ਮੁਨਕ ਕਲਾਂ ਵਿਖੇ ਹਰ ਮੱਸਿਆ-ਪੁੰਨਿਆਂ ਨੂੰ ਮੇਲੇ ਲਗਦੇ ਹਨ। ਇਸ ਤੋਂ ਇਲਾਵਾ ਗੁਰਦੁਆਰਾ ਮਿੱਠਾ ਟਿਵਾਣਾ ਸਾਹਿਬ, ਗੁਰਦੁਆਰਾ ਹਰੀਆਂਵਾਲਾ, ਗੁਰਦੁਅਰਾ ਭਾਈ ਜੋਗਾ ਸਿੰਘ, ਗੁਰਦੁਆਰਾ ਭਾਈ ਮੰਝ ਜੀ ਸਾਹਿਬ ਕੰਗਮਾਈ, ਗੁਰਦੁਆਰਾ ਸ੍ਰੀ ਜ਼ਾਹਰਾ ਜ਼ਹੂਰ ਸਾਹਿਬ, ਹਰਿਗੋਬਿੰਦਪੁਰ ਹੀਰਾਂ ਵਿਖੇ ਮੌਜੂਦ ਹੈ।

ਇਸ ਤੋਂ ਇਲਾਵਾ ਟਾਂਡਾ ਉੜਮੁੜ ਵਿਖੇ ਬਾਬਾ ਬੂਟਾ ਭਗਤ ਦਾ ਮੇਲਾ ਤੇ ਮਿਆਨੀ ਅਫ਼ਗਾਨਾ ਵਿਖੇ ਸੰਤ ਬਾਬਾ ਪ੍ਰੇਮ ਸਿੰਘ ਯਾਦਗਾਰੀ ਮੇਲਾ ਲਗਦਾ ਹੈ। ਦਸੂਹੇ ਲਾਗੇ ਪਿੰਡ ਲੋਧੀ ਚੱਕ ਵਿਖੇ ਬਾਬਾ ਭਾਹਟਾਈ ਦੀ ਜਗਾ ਤੇ ਹਰ ਸਾਲ ਕਵਾਲੀਆਂ ਗਾਈਆਂ ਜਾਂਦੀਆਂ ਹਨ।

'ਗੇਟਵੇ ਆਫ਼ ਕਾਂਗੜਾ' ਦੇ ਨਾਂ ਨਾਲ ਜਾਣਿਆ ਜਾਂਦਾ ਪੁਰਾਤਨ ਤੇ ਇਤਿਹਾਸਕ ਨਗਰ 'ਜੈਜੋਂ' ਜੋ ਕਿਸੇ ਵੇਲੇ ਸਮਾਜਿਕ, ਸੱਭਿਆਚਾਰਕ ਤੇ ਤਜ਼ਾਰਤੀ ਗਤੀਵਿਧੀਆਂ ਦਾ ਗੜ ਹੁੰਦਾ ਸੀ, ਹੁਸ਼ਿਆਰਪੁਰ ਜ਼ਿਲੇ ਵਿਚ ਮੌਜੂਦ ਹੈ। ਕਿਹਾ ਜਾਂਦਾ ਹੈ ਕਿ ਇਹ ਕਸਬਾ ਇੱਥੋਂ ਦੇ ਬਜ਼ੁਰਗ ਜੇਜੂ ਸ਼ਾਹ ਦੇ ਨਾਂ ਉੱਪਰ ਵਸਿਆ ਸੀ। 1947 ਤੋਂ ਪਹਿਲਾਂ ਇੱਥੇ ਹਰ ਜ਼ਾਤ, ਮਜ਼ਹਬ, ਫ਼ਿਰਕੇ, ਕੰਮ ਤੇ ਜਮਾਤ ਦੇ ਲੋਕ ਇੱਥੇ ਭਾਈਚਾਰਕ ਸਾਂਝ ਦੇ ਨਾਲ ਰਹਿੰਦੇ ਸਨ। ਕਹਿੰਦੇ ਨੇ ਕਿ "ਬਜਵਾੜਿਓਂ ਕੋਠੇ ਚੜੀ ਬੱਕਰੀ ਕੋਠੇ ਦਰ ਕੋਠੇ ਹੁੰਦੀ ਜੈਜੋਂ ਜਾ ਉੱਤਰਦੀ ਸੀ।"

ਕੁਦਰਤੀ ਨਿਆਮਤਾਂ ਨਾਲ ਲਬਰੇਜ਼ ਇਹ ਨਗਰ ਵੱਖੋ-ਵੱਖਰੀਆਂ ਵਪਾਰਕ ਚੀਜ਼ਾਂ ਪ੍ਰਦਾਨ ਕਰਨ ਕਰਕੇ ਸਮੁੱਚੇ ਭਾਰਤ ਵਿਚ ਪ੍ਰਸਿੱਧ ਸੀ। ਇੱਥੋਂ ਧਾਗੇ, ਕੱਪੜੇ, ਸੂਤੀ ਕੱਪੜੇ, ਵੰਗਾਂ, ਦੇਸੀ ਜੁੱਤੀਆਂ ਤੇ ਬਾਰੀਕ ਰੇਤਾ ਜਿਸਨੂੰ ਸਿਲਕਾ ਪੱਥਰ ਵੀ ਕਿਹਾ ਜਾਂਦਾ ਸੀ, ਦਾ ਵਪਾਰ ਹੁੰਦਾ ਸੀ। ਜੈਜੋਂ ਦੇ ਪੇੜੇ ਅੱਜ ਵੀ ਬਹੁਤ ਮਸ਼ਹੂਰ ਹਨ। ਪਰ ਅੱਜ, ਆਪਣਿਆਂ ਤੇ ਸਰਕਾਰਾਂ ਦੀ ਬੇਮੁੱਖਤਾ ਕਰਕੇ ਜੈਜੋਂ ਸਿਰਫ਼ ਇਤਿਹਾਸਕ ਵਰਕਿਆਂ ਵਿਚ ਸਿਮਟ ਕੇ ਰਹਿ ਗਿਆ ਹੈ।

ਕਿਹਾ ਜਾਂਦਾ ਹੈ ਕਿ ਹੁਸ਼ਿਆਰਪੁਰ ਜ਼ਿਲੇ ਦੇ ਲੋਕ ਪੜਾਕੂ ਹੁੰਦੇ ਹਨ ਤੇ ਹੈਗੇ ਵੀ ਨੇ ਕਿਉਂਕਿ ਪੰਜਾਬ ਦਾ ਸਭ ਤੋਂ ਵੱਧ ਪੜਿਆ ਲਿਖਿਆ ਜ਼ਿਲਾ ਹੁਸ਼ਿਆਰਪੁਰ ਹੈ। ਇੱਥੋਂ ਦੇ ਲੋਕਾਂ ਦਾ ਸੁਭਾਅ ਨਰਮ ਤੇ ਸ਼ਾਂਤਮਈ ਮੰਨਿਆ ਜਾਂਦਾ ਹੈ ਕਿਉਂਕਿ ਦੋਹਾਂ ਪਾਸਿਆਂ ਤੋਂ ਦਰਿਆਵਾਂ ਨਾਲ ਘਿਰਿਆ ਹੋਣ ਕਰਕੇ ਇਹ ਇਲਾਕਾ ਹਮਲਾਵਾਰਾਂ ਤੋਂ ਸੁਰੱਖਿਅਤ ਰਿਹਾ। ਪਰ ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਬੱਬਰ ਅਕਾਲੀ ਲਹਿਰ ਦਾ ਗੜ ਦੁਆਬਾ ਸੀ। ਇਹ ਲਹਿਰ ਮੁੱਖ ਰੂਪ ਵਿਚ ਹੁਸ਼ਿਆਰਪੁਰ ਤੇ ਜਲੰਧਰ ਵਿਚ ਕੇਂਦਰਿਤ ਰਹੀ। ਬੱਬਰ ਬਾਬਾ ਹਰਬੰਸ ਸਿੰਘ (ਛੋਟੇ ਨੰਗਲ ਤੋਂ) ਅਤੇ ਧੰਨਾ ਸਿੰਘ ਬੱਬਰ (ਬਹਿਬਲ ਕਲਾਂ) ਜ਼ਿਲਾ ਹੁਸ਼ਿਆਰਪੁਰ ਤੋਂ ਸਨ, ਜਿਨਾਂ ਨੇ ਅੰਗਰੇਜ਼ਾਂ ਦੇ ਨੱਕ ਵਿਚ ਦਮ ਕਰ ਰੱਖਿਆ ਸੀ।

ਹੁਸ਼ਿਆਰਪੁਰ ਜ਼ਿਲੇ ਦੇ ਲੋਕ ਪੜੇ ਲਿਖੇ ਹਨ ਪਰ ਜ਼ਮੀਨਾਂ ਥੋੜੀਆਂ ਹੋਣ ਕਰਕੇ ਜ਼ਿਆਦਾਤਰ ਲੋਕ ਵਿਦੇਸ਼ਾਂ ਵਿਚ ਗਏ ਹੋਏ ਹਨ। ਵਿਦੇਸ਼ ਜਾਣ ਦਾ ਸਿਲਸਿਲਾ ਲਗਪਗ 100 ਸਾਲ ਪਹਿਲਾਂ ਦੁਆਬੇ ਵਿਚੋਂ ਹੀ ਸ਼ੁਰੂ ਹੋਇਆ ਸੀ ਤੇ ਦੁਆਬੇ ਵਾਲਿਆਂ ਨੇ ਬਾਹਰਲੇ ਮੁਲਕਾਂ ਵਿਚ ਮੱਲਾਂ ਵੀ ਬਹੁਤ ਮਾਰੀਆਂ ਹਨ। ਕਹਿੰਦੇ ਨੇ ਜਿੱਥੇ ਜਾਣ ਪੰਜਾਬੀ ਨਵਾਂ ਪੰਜਾਬ ਵਸਾਉਂਦੇ ਹਨ। ਹੁਸ਼ਿਆਰਪੁਰੀਆਂ ਨੇ ਕੈਨੇਡਾ ਦੀ ਪਾਰਲੀਮੈਂਟ ਤੱਕ ਨੂੰ ਸਰ ਕਰ ਲਿਆ ਹੈ। ਕੈਨੇਡਾ ਵਿਚ 5 ਮੈਂਬਰ ਪਾਰਲੀਮੈਂਟ ਹੁਸ਼ਿਆਰਪੁਰ ਜ਼ਿਲੇ ਦੇ ਹਨ ਜਿਨਾਂ ਵਿਚ:-

1. ਹਰਜੀਤ ਸਿੰਘ ਸੱਜਣ, ਪਿੰਡ ਬੰਬੇਲੀ, ਤਹਿ. ਮਾਹਲਪੁਰ।
2. ਨਵਦੀਪ ਸਿੰਘ ਬੈਂਸ, ਪਿੰਡ ਬੰਬੇਲੀ, ਮਾਹਲਪੁਰ।
3. ਅੰਜੂ ਢਿੱਲੋਂ ਗੜਦੀਵਾਲਾ ਤੋਂ।
4. ਹੁਸ਼ਿਆਰਪੁਰ ਦੇ ਵਿਜੇ ਨਗਰ ਦੇ ਰਹਿਣ ਵਾਲੇ ਰੂਬੀ ਸਹੋਤਾ।
5. ਸੁੱਖ ਧਾਲੀਵਾਲ, ਜਿਨਾਂ ਦਾ ਬਚਪਨ ਤਲਵਾੜਾ, ਤਹਿ. ਮੁਕੇਰੀਆਂ ਵਿਚ ਬੀਤਿਆ ਸੀ, ਦੇ ਨਾਂ ਜ਼ਿਕਰਯੋਗ ਹਨ।

ਗੁਰੂ ਘਰ ਦੇ ਸੇਵਕ ਭਾਈ ਮੰਝ ਜੀ, ਜਿਨਾਂ ਨੂੰ ਗੁਰੂ ਅਰਜਨ ਸਾਹਿਬ ਨੇ ਕਿਹਾ ਸੀ-

"ਮੰਝ ਪਿਆਰਾ ਗੁਰੂ ਕੋ
ਗੁਰੂ ਮੰਝ ਪਿਆਰਾ
ਮੰਝ ਗੁਰੂ ਬੋਹਿਥਾ
ਜੱਗ ਲੰਘਣਹਾਰਾ"

ਵੀ ਹੁਸ਼ਿਆਰਪੁਰ ਦੇ ਪਿੰਡ ਕੰਗਮਾਈ ਦੇ ਵਾਸੀ ਸਨ।

ਪੰਜਾਬ ਦੇ ਹੀ ਨਹੀਂ, ਸੰਸਾਰ ਵਿਚ ਵਸਦੇ ਲੋਕਾਂ ਦੇ ਦਿਲਾਂ ਦੀ ਧੜਕਣ, ਪ੍ਰਸਿੱਧ ਗਾਇਕ ਸਤਿੰਦਰ ਸਰਤਾਜ ਹੁਰਾਂ ਦਾ ਜਨਮ ਹੁਸ਼ਿਆਰਪੁਰ ਦੇ ਪਿੰਡ ਬਜਰੌਰ ਵਿਚ ਹੋਇਆ ਸੀ।

ਸੰਗੀਤ ਘਰਾਣਾ ਸ਼ਿਆਮ ਚੁਰਾਸੀ ਤੇ ਉਸਤਾਦ ਨੁਸਰਤ ਫ਼ਤਿਹ ਅਲੀ ਖ਼ਾਨ ਦਾ ਸੰਬੰਧ ਵੀ ਹੁਸ਼ਿਆਰਪੁਰ ਨਾਲ ਜੁੜਦਾ ਹੈ।

ਰਵੀ ਸਿੰਘ ਖ਼ਾਲਸਾ ਏਡ, ਜਿਨਾਂ ਨੂੰ ਦੁਨੀਆਂ ਜਾਣਦੀ ਹੈ, ਤੁਆਰਫ਼ ਕਰਵਾਉਣ ਦੀ ਵੀ ਲੋੜ ਨਹੀਂ, ਉਹ ਵੀ ਹੁਸ਼ਿਆਰਪੁਰ ਜ਼ਿਲੇ ਦੇ ਜੰਮਪਲ ਹਨ। ਪ੍ਰੋ: ਹਰਿੰਦਰ ਸਿੰਘ ਮਹਿਬੂਬ ਨੇ ਆਪਣੀ ਜ਼ਿੰਦਗੀ ਦਾ ਵੱਡਾ ਸਮਾਂ ਗੜਦੀਵਾਲ ਵਿਖੇ ਗੁਜ਼ਾਰਿਆ, ਉੱਥੇ ਹੀ ਖਾਲਸਾ ਕਾਲਜ ਵਿਚ ਉਹ ਬਤੌਰ ਅੰਗਰੇਜ਼ੀ ਦੇ ਪ੍ਰੋਫੈਸਰ ਉਹ ਪੜਾਉਂਦੇ ਰਹੇ।

ਇਸ ਤੋਂ ਇਲਾਵਾ ਹੁਸ਼ਿਆਰਪੁਰ ਜ਼ਿਲਾ ਜਿੱਥੇ ਅੰਬਾਂ ਦੇ ਬਾਗ਼ਾਂ ਕਰਕੇ ਮਸ਼ਹੂਰ ਹੈ, ਉੱਥੇ ਹੀ ਬਜਵਾੜੇ ਦੇ ਘੋੜੇ, ਜਿਨਾਂ ਦਾ ਜ਼ਿਕਰ ਅਇਨਏ-ਅਕਬਰੀ ਵਿਚ ਵੀ ਆਉਂਦਾ ਹੈ, ਹੁਸ਼ਿਆਰਪੁਰ ਦੇ ਨਕਲੀਏ, ਦਸੂਹੇ ਦੇ ਚੌਲ, ਜੈਜੋਂ ਦੇ ਪੇੜ, ਪੌਂਗ ਡੈਮ ਆਪ ਆਪਣੀ ਖ਼ਾਸ ਮਹੱਤਤਾ ਰੱਖਦੇ ਹਨ।

ਅਖ਼ੀਰ ਤੇ ਹੁਸ਼ਿਆਰਪੁਰ ਜ਼ਿਲੇ ਬਾਰੇ ਡਾ. ਮਹਿੰਦਰ ਸਿੰਘ ਰੰਧਾਵਾ ਦੇ ਇਨਾਂ ਸ਼ਬਦਾਂ ਨਾਲ ਅੱਜ ਦੇ ਏਸ ਲਿਖਤ ਦੇ ਸਿਖ਼ਰ ਵੱਲ ਵੱਧਦੇ ਹਾਂ-

"ਸਾਡੇ ਹੁਸ਼ਿਆਰਪੁਰੀਆਂ ਦੇ ਬਹਿਸ਼ਤ ਵਿਚ ਤਾਂ ਮਿੱਠੇ ਅੰਬ ਹੀ ਹਨ ਤੇ ਇਨਾਂ ਨੂੰ ਕਿਹੜੀ ਚੀਜ਼ ਮਾਤ ਕਰ ਸਕਦੀ ਹੈ ? ਸਾਡੇ ਮੁਸਲਮਾਨ ਭਰਾਵਾਂ ਨੂੰ, ਪਤਾ ਨਹੀਂ ਅਗਲੇ ਜਨਮ 'ਚ ਹੂਰਾਂ ਲੱਭਣ ਕਿ ਨਾ ਲੱਭਣ ਪਰ ਸਾਡਾ ਬਹਿਸ਼ਤ ਤਾਂ ਸਾਡੇ ਕੋਲ ਹੈ ਤੇ ਹਰ ਤੀਸਰੇ ਸਾਲ ਸਾਵਣ ਭਾਦਰੋਂ ਦਿਆਂ ਮਹੀਨਿਆਂ ਵਿਚ ਅਸੀਂ ਇਨਾਂ ਨੂੰ ਮਾਣ ਸਕਦੇ ਹਾਂ। ਕੰਮ ਤੇ ਫ਼ਿਕਰਾਂ ਦੇ ਭੰਨੇ ਹੋਏ ਤੇ ਸ਼ਹਿਰਾਂ ਤੋਂ ਅੱਕੇ ਹੋਏ ਆਦਮੀ ਮੈਥੋਂ ਪੁੱਛਦੇ ਹਨ ਕਿ ਸਾਡੀ ਬਿਮਾਰੀ ਦਾ ਕੀ ਇਲਾਜ ਹੈ ਤੇ ਸਾਡੀ ਰੂਹ ਨੂੰ ਸਕੂਨ ਕਿਵੇਂ ਹੋਵੇ ? ਇਨਾਂ ਨੂੰ ਮੈਂ ਇਹੋ ਸਲਾਹ ਦਿੰਦਾ ਹਾਂ ਕਿ ਜਾਓ ਹੁਸ਼ਿਆਰਪੁਰ ਦੇ ਬਾਗ਼ਾਂ 'ਚ ਅੰਬ ਚੂਪੋ ਤੇ ਭੁੱਲ ਜਾਓ ਕਿ ਤੁਸੀਂ ਪੜੇ ਲਿਖੇ ਹੋ....!"

# ਸਾਮਰਾਜ, ਪੂੰਜੀਵਾਦ ਅਤੇ ਗੁਰਮਤਿ ਅਨੁਸਾਰ ਮਨੁਖੀ ਮੁਕਤੀ



- ਗੁਰਬਚਨ ਸਿੰਘ
9815698451

ਕੁਝ ਪੜੇ ਲਿਖੇ ਅਤੇ ਸਿਆਣੇ-ਬਿਆਣੇ ਸਿਖਾਂ ਨੂੰ ਵੀ ਇਹ ਜਾਪਦਾ ਹੈ ਕਿ ਜਦੋਂ ਕੋਈ ਲੇਖਕ ਆਪਣੀਆ ਲਿਖਤਾਂ ਵਿਚ ਅਮਰੀਕੀ ਸਾਮਰਾਜ ਜਾਂ ਪੂੰਜੀਵਾਦ ਦਾ ਜਿਕਰ ਕਰਦਾ ਹੈ ਤਾਂ ਇਹ ਕਿਸੇ ਕਮਿਊਨਿਸਟ ਏਜੰਡੇ ਦੀਆਂ ਗੱਲਾਂ ਹਨ। ਉਨਾਂ ਦੇ ਮਨਾਂ ਵਿਚ 'ਸਮਾਜਕ ਪ੍ਰਾਣੀਆਂ ਨੂੰ ਗੁਰਬਾਣੀ ਦੇ ਆਤਮਿਕ ਰੰਗ ਵਿਚ ਰੰਗਣ' ਦਾ ਸਮਾਜੀ ਜਿੰਦਗੀ ਨਾਲੋਂ ਟੁਟਿਆ ਹੋਇਆ ਕੋਈ ਅਮੂਰਤ ਸੰਕਲਪ ਬਣਿਆ ਹੋਇਆ ਹੈ, ਜਿਸ ਨੂੰ ਉਹ ਸਿਖਾਂ ਦੇ 'ਵਿਅਕਤੀਗਤ ਅਤੇ ਸਮਾਜਕ ਵਰਤਾਰੇ (behavior pattern) ਵਿਚ ਹਾਂ-ਪਖੀ ਤਬਦੀਲੀ ਲਿਆਉਣ ਦੇ ਇਕ ਯਤਨ ਵਜੋਂ ਕਲਪਦੇ ਹਨ। ਪਰ ਹਕੀਕੀ ਜਿੰਦਗੀ ਵਿਚ ਇਹ ਵਰਤਾਰਾ ਏਨਾ ਸਰਲ ਅਤੇ ਸਿਧਾ ਨਹੀਂ ਜਿਵੇਂ ਕਿ ਇਸ ਨੂੰ ਕਿਆਸਿਆ ਜਾਂਦਾ ਹੈ। ਗੁਰਮਤਿ ਦਾ ਫੁਰਮਾਨ ਹੈ —

**ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥**
**ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ ॥**
**ਇਕਨ੍ਹਾ ਭਾਣੈ ਕਢਿ ਲਏ ਇਕਨਾ ਮਾਇਆ ਵਿਚਿ ਨਿਵਾਸੁ ॥**
**ਏਵ ਭਿ ਆਖਿ ਨ ਜਾਪਈ ਜਿ ਕਿਸੈ ਆਣੇ ਰਾਸਿ ॥**
**ਨਾਨਕ ਗੁਰਮੁਖਿ ਜਾਣੀਐ ਜਾ ਕਉ ਆਪਿ ਕਰੇ ਪਰਗਾਸੁ ॥੩॥**
(ਪੰਨਾ 463)

ਯਥਾ ਇਹ ਸਾਰਾ ਜਗਤ ਉਸ ਸਚੇ ਕਰਤਾ ਦਾ ਨਿਵਾਸ ਹੈ ਅਤੇ ਇਸ ਦੇ ਵਿਚ ਹੀ ਉਸ ਸਿਰਜਣਹਾਰ ਦਾ ਵਸੇਬਾ ਹੈ। ਉਸ ਦੇ ਹੁਕਮ ਵਿਚ ਹੀ ਇਸ ਜਗਤ ਵਿਚ ਆਉਣ-ਜਾਣ ਭਾਵ ਜੰਮਣ-ਮਰਣ ਬਣਿਆ ਹੋਇਆ ਹੈ। ਇਕ ਉਸ ਦੇ ਹੁਕਮ ਵਿਚ ਆ ਰਹੇ ਹਨ ਅਤੇ ਦੂਜੇ ਉਸ ਦੇ ਹੁਕਮ ਵਿਚ ਜਾ ਰਹੇ ਹਨ। ਇਕਨਾ ਨੂੰ ਉਹ ਮਾਇਆ ਦੇ ਭਰਮਜਾਲ ਵਿਚੋਂ ਕਢ ਲੈਂਦਾ ਹੈ ਅਤੇ ਦੂਜੇ ਅਜੇ ਮਾਇਆ ਦੇ ਭਰਮਜਾਲ ਵਿਚ ਹੀ ਫਸੇ ਹੋਏ ਹਨ। ਇਹ ਵੀ ਆਖਿਆ ਨਹੀਂ ਜਾ ਸਕਦਾ ਕਿ ਉਹ ਕਿਸ ਨੂੰ ਸਿਧੇ ਰਾਹ ਪਾਉਂਦਾ ਹੈ ਪਰ ਜਿਹੜੇ ਮਨੁਖ ਦੇ ਮਨ ਵਿਚ ਇਸ ਆਤਮਿਕ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ, ਓਹੀ ਮਨੁਖ ਗੁਰਮੁਖ ਹੈ।

ਪ੍ਰੋ. ਪੂਰਨ ਸਿੰਘ ਇਸ ਸਮੁਚੇ ਵਰਤਾਰੇ ਦੀ ਵਿਆਖਿਆ ਇਉਂ ਕਰਦੇ ਹਨ : "ਸਿਖ ਮਤਿ ਦ੍ਰਿਸ਼ਟਮਾਨ ਭੌਤਿਕ ਸੰਸਾਰ ਤੋਂ ਆਪਣਾ ਆਰੰਭ ਕਰਦਾ ਹੈ ਅਤੇ ਇਸ ਨੂੰ ਅਗੇ ਵਿਸਥਾਰ ਦੇਂਦਾ ਹੈ।" ਆਪਣੇ ਇਸ ਵਿਚਾਰ ਨੂੰ ਹੋਰ ਸਪਸ਼ਟ ਕਰਦਿਆਂ ਉਹ ਬੁਧ ਮਤਿ ਅਤੇ ਬ੍ਰਾਹਮਣ ਮਤਿ ਦਾ ਹਵਾਲਾ ਦੇਂਦੇ ਹਨ। ਉਨਾਂ ਦਾ ਕਥਨ ਹੈ : "ਸਿਖ ਮਤਿ ਬੁਧ ਮਤਿ ਦੀ ਨਿਆਈਂ ਦ੍ਰਿਸ਼ਟਮਾਨ ਭੌਤਿਕ ਸੰਸਾਰ ਤੋਂ ਆਰੰਭ ਕਰਦਾ ਹੈ ਅਤੇ ਇਸ ਨੂੰ ਹੋਰ ਅਗੇ ਵਿਸਥਾਰ ਦੇਂਦਾ ਹੈ ਜਦੋਂ ਕਿ ਬ੍ਰਾਹਮਣ ਮਤਿ ਅਦ੍ਰਿਸ਼ਟ (ਬ੍ਰਹਮ) ਤੋਂ ਆਰੰਭ ਕਰਕੇ ਮਾਨਸਿਕ ਕਲਪਨਾ ਵਿਚ ਹੀ ਇਸ ਦੀ ਵਿਆਖਿਆ ਕਰਦਾ ਹੈ।"

ਆਦਿ ਕਾਲ ਤੋਂ ਲੈ ਕੇ ਹੁਣ ਤਕ ਮਨੁਖੀ ਆਤਮਿਕ ਗਿਆਨ ਦੀਆਂ ਇਹ ਦੋ ਧਾਰਾਵਾਂ ਨਿਰੰਤਰ ਚਲਦੀਆਂ ਆ ਰਹੀਆਂ ਹਨ। ਆਤਮਿਕ ਗਿਆਨ ਦੀ ਇਕ ਧਾਰਾ ਇਸ ਦ੍ਰਿਸ਼ਟਗੋਚਰ ਹੁੰਦੇ ਭੌਤਿਕ 'ਸੰਸਾਰ' ਦੇ ਸਚ ਨੂੰ ਆਧਾਰ ਮੰਨ ਕੇ ਅਤੇ ਅੰਤਹੀਣ ਅਦ੍ਰਿਸ਼ਟ 'ਬ੍ਰਹਮ' ਨੂੰ ਇਸ ਦਾ ਵਿਸਥਾਰ ਮੰਨ ਕੇ ਵਿਕਸਿਤ ਹੁੰਦੀ ਆਈ ਹੈ ਅਤੇ ਦੂਜੀ ਧਾਰਾ ਅਦ੍ਰਿਸ਼ਟ 'ਬ੍ਰਹਮ' ਨੂੰ ਆਧਾਰ ਮੰਨ ਕੇ ਅਤੇ ਦ੍ਰਿਸ਼ਟਗੋਚਰ ਹੁੰਦੇ ਭੌਤਿਕ 'ਸੰਸਾਰ' ਦੀ ਹੋਂਦ ਨੂੰ ਮਾਇਆ ਭਾਵ ਛਲਾਵਾ ਮੰਨ ਕੇ ਆਪਣੀ ਮਾਨਸਿਕ ਕਲਪਨਾ ਵਿਚ ਹੀ ਮਨੁਖੀ ਜਿੰਦਗੀ ਦਾ ਵਿਸਥਾਰ ਕਰਦੀ ਆਈ ਹੈ। ਗੁਰਮਤਿ ਆਤਮਿਕ ਗਿਆਨ ਦੀ ਪਹਿਲੀ ਧਾਰਾ ਨਾਲ ਸਬੰਧਤ ਹੈ ਜਦੋਂ ਕਿ ਮੂਰਤੀਪੂਜ ਅਤੇ ਵਰਣ-ਵੰਡ ਦਾ ਧਾਰਨੀ ਬ੍ਰਾਹਮਣਵਾਦ ਆਤਮਿਕ ਗਿਆਨ ਦੀ ਦੂਜੀ ਧਾਰਾ ਦਾ ਪੈਰੋਕਾਰ ਹੈ।

ਇਸ ਬ੍ਰਾਹਮਣਵਾਦੀ ਮਾਨਸਿਕ ਕਲਪਨਾ ਦਾ ਇਕ ਹੋਰ ਅਮਲੀ ਪਖ ਵੀ ਹੈ। ਆਪਣੀ ਨਿਤ ਬਦਲ ਰਹੀ ਨਾਸਵੰਤ ਹੋਂਦ ਨੂੰ ਨਾ ਪਛਾਣ ਕੇ ਇਸ ਨੂੰ ਸਦੀਵੀ ਸਮਝ ਲੈਣਾ ਅਤੇ ਇਸ ਸੰਸਾਰ ਵਿਚ ਸਦੀਵੀ ਰਹਿਣ ਦਾ ਭਰਮ ਪਾਲ ਕੇ ਹਉਮੈ ਅਤੇ ਤ੍ਰਿਸਨਾ ਦਾ ਸ਼ਿਕਾਰ ਹੋ ਜਾਣਾ। ਇਸ ਭਰਮ ਅਧੀਨ ਮਨੁਖੀ ਜ਼ਿੰਦਗੀ ਲਈ ਬੇਲੋੜੀਆਂ ਵਸਤੂਆਂ ਦੇ ਲਾਲਚ ਵਿਚ ਫਸ ਕੇ ਧਨ ਦੌਲਤ ਅਤੇ ਨਿਜੀ ਜਾਇਦਾਦ ਦੇ ਰੂਪ ਵਿਚ ਵਧ ਤੋਂ ਵਧ ਕੁਦਰਤੀ ਸਾਧਨਾਂ ਨੂੰ ਆਪਣੀ ਨਿਜੀ ਜਕੜ ਵਿਚ ਲੈਣ ਦੇ ਯਤਨ ਕਰਨਾ।

ਬ੍ਰਾਹਮਣ ਮਤਿ ਕਹਿੰਦਾ ਹੈ ਕਿ ਇਹ ਦਿਸਦਾ ਸੰਸਾਰ ਮਾਇਆ ਭਾਵ ਇਕ ਛਲਾਵਾ ਹੈ ਜਦੋਂ ਕਿ ਗੁਰਮਤਿ ਕਹਿੰਦੀ ਹੈ ਕਿ ਨਹੀਂ, ਇਹ ਦਿਸਦਾ ਸੰਸਾਰ ਇਕ ਹਕੀਕਤ ਹੈ, ਸਚ ਹੈ ਅਤੇ ਇਹ ਅਸੀਮ ਬ੍ਰਹਿਮੰਡੀ ਹਸਤੀ (ਬ੍ਰਹਮ) ਦਾ ਹੀ ਇਕ ਅੰਸ਼ ਹੈ ਪਰ ਇਸ ਹਕੀਕੀ ਸੰਸਾਰ ਵਿਚ ਆਪਣੀ ਨਿਰੰਤਰ ਬਦਲ ਰਹੀ ਨਾਸਵੰਤ ਹੋਂਦ ਨੂੰ ਨਾ ਮੰਨ ਕੇ ਸਦੀਵੀ ਜਿਉਂਦੇ ਰਹਿਣ ਦਾ ਭਰਮ ਪਾਲ ਲੈਣਾ ਭਾਵ ਹਉਮੈ (ਆਪਣੀ ਝੂਠੀ ਹੋਂਦ) ਅਤੇ ਤ੍ਰਿਸਨਾ (ਬੇਲੋੜੀਆਂ ਇਛਾਵਾਂ) ਦਾ ਸ਼ਿਕਾਰ ਹੋ ਜਾਣਾ ਅਤੇ ਆਪਣੀਆਂ ਤਰਕਸੰਗਤ ਮਨੁਖੀ ਲੋੜਾਂ ਨੂੰ ਵਿਸਾਰ ਕੇ ਗੈਰਕੁਦਰਤੀ ਅਤੇ ਅਣਮਨੁਖੀ ਲੋੜਾਂ ਦੀਆਂ ਅਚੇਤ ਮਨੁਖੀ ਮਨ ਵਿਚ ਪੈਦਾ ਹੁੰਦੀਆਂ ਇਛਾਵਾਂ (ਤ੍ਰਿਸ਼ਨਾ) ਮਗਰ ਦੌੜਨਾ ਮਾਇਆ ਹੈ। ਇਨਾਂ ਬੇਲੋੜੀਆਂ ਇਛਾਵਾਂ ਦੀ ਪੂਰਤੀ ਲਈ ਧਨ ਦੌਲਤ ਅਤੇ ਨਿਜੀ ਜਾਇਦਾਦ ਇਕੱਠੀ ਕਰਨ ਦੀ ਲਾਲਸਾ (ਲਾਲਚ) ਨੂੰ ਪੂਰਾ ਕਰਨ ਦੇ ਯਤਨ ਕਰਨੇ ਇਸ ਮਾਇਆ ਦਾ ਪ੍ਰਗਟ ਰੂਪ ਹੈ।

ਇਸ ਤਰਾਂ ਗੁਰਮਤਿ ਅਨੁਸਾਰ ਮਾਇਆ ਦੇ ਦੋ ਰੂਪ ਹਨ। ਪਹਿਲਾ ਆਤਮਿਕ ਭਾਵ ਅੰਦਰੂਨੀ ਰੂਪ ਅਤੇ ਦੂਜਾ ਬਾਹਰੀ ਭਾਵ ਪ੍ਰਗਟ ਰੂਪ। ਮਾਇਆ ਦਾ ਆਤਮਿਕ (ਅੰਦਰੂਨੀ) ਰੂਪ ਆਪਣੇ ਸਰੀਰ ਦੀਆਂ ਤਰਕਸੰਗਤ ਮਨੁਖੀ ਲੋੜਾਂ ਤੋਂ ਵਧ ਦੀਆਂ ਪੈਦਾ ਹੁੰਦੀਆਂ ਇਛਾਵਾਂ (ਤ੍ਰਿਸਨਾ) ਹਨ, ਜਿਹੜੀਆ ਅਚੇਤ ਮਨੁਖੀ ਮਨ ਨੂੰ ਭਟਕਾਉਂਦੀਆ ਹਨ ਅਤੇ ਇਸ ਦਾ ਪ੍ਰਗਟ ਭਾਵ ਅਮਲੀ ਰੂਪ, ਇਨਾਂ ਇਛਾਵਾਂ (ਤ੍ਰਿਸਨਾ) ਦੀ ਪੂਰਤੀ ਲਈ ਨਿਜੀ ਜਾਇਦਾਦ ਵਜੋਂ ਬੇਲੋੜੀ 'ਪੂੰਜੀ' ਭਾਵ ਧਨ ਦੌਲਤ ਇਕੱਠੇ ਕਰਨ ਦੇ ਯਤਨ ਕਰਨਾ ਹੈ, ਜਿਹੜੇ ਯਤਨ ਮਨੁਖ ਨੂੰ ਦਿਨ-ਰਾਤ ਬੇਲੋੜਾ ਭਜਾਈ ਫਿਰਦੇ ਹਨ। ਇਹ ਬੇਲੋੜੇ ਯਤਨ ਮਨੁਖ ਦੇ ਸਰੀਰਕ, ਮਾਨਸਿਕ ਅਤੇ ਆਤਮਿਕ ਵਿਕਾਸ ਵਿਚ ਵਡੀ ਰੁਕਾਵਟ ਬਣਦੇ ਹਨ। ਕਿਉਂਕਿ ਆਪਣੀਆਂ ਸੀਮਤ ਮਨੁਖੀ ਲੋੜਾਂ ਤੋਂ ਵਧੇਰੇ ਸਾਧਨ ਅਤੇ ਪੈਸਾ ਇਕੱਠਾ ਕਰਨ ਦੇ ਯਤਨ ਬਾਕੀ ਮਨੁਖੀ ਸਮਾਜ ਨੂੰ ਅਣਗੌਲਿਆ ਕਰਕੇ ਹੀ ਕੀਤੇ ਜਾ ਸਕਦੇ ਹਨ। ਇਸ ਲਈ ਇਹ ਯਤਨ ਮਨੁਖੀ ਅਤੇ ਸਮਾਜੀ ਰਿਸ਼ਤਿਆਂ ਦੀ ਹੋਂਦ ਨੂੰ ਨਕਾਰਦੇ ਹਨ। ਇਸ ਤਰਾਂ ਬ੍ਰਾਹਮਣਵਾਦ ਵਿਚਲੇ ਮਾਇਆ ਦੇ ਸੰਕਲਪ ਅਤੇ ਗੁਰਮਤਿ ਵਿਚਲੇ ਮਾਇਆ ਦੇ ਸੰਕਲਪ ਵਿਚਕਾਰ ਸਪਸ਼ਟ ਨਿਖੇੜਾ ਕੀਤਾ ਗਿਆ ਹੈ।

ਆਤਮਿਕ ਗਿਆਨ ਦੀਆਂ ਇਨਾਂ ਦੋ ਧਾਰਾਵਾਂ ਦਾ ਮਨੁਖੀ ਸਮਾਜ ਅੰਦਰ ਠੋਸ ਪ੍ਰਗਟਾਵਾ — ਹਕੀਕਤ ਮੁਖੀ ਸਮਾਜ ਭਾਵ ਆਪਣੀਆਂ ਤਰਕਸੰਗਤ ਸੀਮਤ ਮਨੁਖੀ ਲੋੜਾਂ ਦੀ ਸੁਚੇਤ ਪਛਾਣ ਕਰਕੇ ਉਨਾਂ ਦੀ ਪੂਰਤੀ ਕਰਨ ਵਾਲੇ ਸਮਾਜ ਅਤੇ ਨਿਰੋਲ ਕਲਪਨਾ ਮੁਖੀ ਭਾਵ ਹਉਮੈ ਅਤੇ ਤ੍ਰਿਸ਼ਨਾ ਦੇ ਸ਼ਿਕਾਰ ਬੇਲਗਾਮ ਮਨ ਦੀਆਂ ਕਦੇ ਪੂਰੀਆਂ ਨਾ ਹੋਣ ਵਾਲੀਆਂ ਲੋੜਾਂ ਲਈ ਭਟਕਦੇ ਸਮਾਜ — ਦੇ ਰੂਪ ਵਿਚ ਹੁੰਦਾ ਹੈ। ਅਜੋਕਾ ਸਾਮਰਾਜੀ ਰਾਜਪ੍ਰਬੰਧ ਮਾਇਆ ਦੇ ਇਨਾਂ ਦੋਵੇਂ ਰੂਪਾਂ ਦਾ ਵਿਰਾਟ ਪ੍ਰਗਟਾਵਾ ਹੈ। ਇਸ ਸਾਮਰਾਜੀ ਰਾਜਪ੍ਰਬੰਧ ਵਿਚ ਇਸ ਹਕੀਕੀ ਸੰਸਾਰ ਨੂੰ ਮਾਇਆ (ਛਲਾਵਾ) ਸਮਝਣ ਵਾਲਾ ਅਤੇ ਕਿਸੇ ਕਲਪਿਤ ਰਬ (ਬ੍ਰਹਮਾ) ਨੂੰ ਮੰਨਣ ਵਾਲਾ ਮੂਰਤੀਪੂਜ ਬ੍ਰਾਹਮਣਵਾਦ ਅਤੇ ਇਸ ਮਾਇਆ ਦਾ ਪ੍ਰਗਟ ਰੂਪ ਸਾਮਰਾਜੀ ਸਭਿਆਚਾਰ (ਭਾਵ ਪੈਸੇ ਦੀ ਅੰਤਹੀਣ ਲਾਲਸਾ ਕਾਰਨ ਮਨੁਖੀ ਅਤੇ ਸਮਾਜੀ ਰਿਸ਼ਤਿਆਂ ਤੋਂ ਟੁਟੀ ਹੋਈ ਸਾਮਰਾਜੀ ਮਾਨਸਿਕਤਾ) ਇਕਮਿਕ ਹੋ ਗਏ ਹਨ। ਇਸੇ ਕਾਰਨ ਅਜੋਕਾ ਸਾਮਰਾਜੀ ਰਾਜਪ੍ਰਬੰਧ ਆਪਣੀ ਜਣਨਹਾਰ ਕੁਦਰਤ ਨੂੰ ਵੀ ਟਿਚ ਸਮਝਣ ਲਗ ਪਿਆ ਹੈ ਅਤੇ ਅਤਿ ਦੇ ਵਹਿਸ਼ੀ ਢੰਗਾਂ ਨਾਲ ਕੁਦਰਤੀ ਚੌਗਿਰਦੇ ਦਾ ਉਜਾੜਾ ਕਰ ਰਿਹਾ ਹੈ।

ਸਾਮਰਾਜੀ ਖਪਤਕਾਰੀ ਦੀ ਇਸ ਵਹਿਸ਼ਤ ਨੇ ਸਮੁਚੇ ਮਨੁਖੀ ਮਨ ਨੂੰ ਬਿਮਾਰ ਕਰ ਦਿਤਾ ਹੈ।

ਬਾਕੀ ਸਫ਼ਾ 28 'ਤੇ

# ਆਓ ਵਿਚਾਰੀਏ ਕਿ 'ਧਰਮ' ਅਸਲ ਵਿੱਚ ਹੈ ਕੀ ?

- ਰੂਪੀ ਕਾਵਿਸ਼ਾ ਕੈਨੇਡਾ

ਧਰਮ ਦੀ ਖੋਜ ਉਹੀ ਕਰਦਾ ਹੈ ਜਿਸ ਅੰਦਰ ਪਰਮਾਤਮਾ ਪ੍ਰਤੀ ਭੁੱਖ ਤੇ ਪਿਆਸ ਜਾਗ ਉੱਠਦੀ ਹੈ। ਧਰਮ ਕਿਸੇ ਇਨਸਾਨ ਦੀ ਆਪਣੇ ਅੰਦਰ ਬੈਠੇ ਪਰਮਾਤਮਾ ਦੀ ਭਾਲ ਵਿੱਚ ਕੀਤੇ ਸਫ਼ਰ ਦਾ ਨਾਮ ਹੈ। ਇਸ ਲਈ ਇਹ ਭਾਲ ਕੋਈ ਕਿਸੇ ਲਈ ਕਿੱਦਾਂ ਕਰ ਸਕਦਾ ਹੈ ? ਆਪਣੇ ਆਪ ਨੂੰ ਲੱਭਣ ਨਿਕਲਿਆ ਮਨੁੱਖ ਪਰਮਾਤਮਾ ਤਕ, ਆਪਣੇ ਸਰੋਤ ਤਕ, ਪਹੁੰਚ ਹੀ ਜਾਂਦਾ ਹੈ। ਜੇਕਰ ਧਰਮ ਨਿੱਜੀ ਪਿਆਸ ਤੇ ਨਿੱਜੀ ਭੁੱਖ ਦੀ ਤ੍ਰਿਪਤੀ ਹੈ, ਤਾਂ ਫੇਰ ਜ਼ਾਹਿਰ ਹੈ ਕਿ ਨਾ ਕਿਸੇ ਦੇ ਰੋਟੀ ਖਾਣ ਨਾਲ ਕਿਸੇ ਦੂਜੇ ਦੀ ਭੁੱਖ ਮਿਟੀ ਹੈ, ਨਾ ਕਿਸੇ ਦੇ ਪਾਣੀ ਪੀਣ ਨਾਲ ਕਿਸੇ ਦੂਜੇ ਦੀ ਪਿਆਸ। ਨਤੀਜਾ ਫੇਰ ਓਹੀ ਨਿਕਲਿਆ ਕਿ ਧਰਮ ਹਰ ਮਨੁੱਖ ਦੀ ਪਰਮਾਤਮਾ ਪ੍ਰਤੀ, ਨਿੱਜੀ ਭੁੱਖ ਤੇ ਪਿਆਸ ਦੀ ਤ੍ਰਿਪਤੀ ਦਾ ਨਾਂ ਹੈ। ਇਸ ਲਈ ਇਹ ਸਿਰਫ਼ ਤੇ ਸਿਰਫ਼ ਨਿੱਜੀ ਹੋ ਸਕਦਾ ਹੈ ਪਰ ਸਮੂਹਿਕ ਕਤਈ ਨਹੀਂ।ਜੇਕਰ ਧਰਮ ਦੀ ਚਲੰਤ ਪਰਿਭਾਸ਼ਾ ਦੀ ਗੱਲ ਕਰੀਏ ਤਾਂ ਇਨਸਾਨ ਜਿਸ ਧਰਮ ਵਿੱਚ ਜਨਮ ਲੈਂਦਾ ਹੈ, ਉਸੇ ਨੂੰ ਆਪਣਾ ਧਰਮ ਮੰਨ ਲੈਂਦਾ ਹੈ। ਮੰਨਣਾ ਹੀ ਪੈਂਦਾ ਹੈ। ਭਾਵੇਂ ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਹਰ ਅਖੌਤੀ ਧਰਮ, ਬੁਨਿਆਦੀ ਤੌਰ 'ਤੇ ਇੱਕੋ ਗੱਲ ਸਿਖਾਉਂਦਾ ਹੈ; ਪਰਮ ਪਿਤਾ ਪਰਮੇਸ਼ਵਰ ਨੂੰ ਲੱਭਣਾ ਤੇ 'ਉਸ' ਨਾਲ ਜੁੜਨਾ। ਪਰ ਸਵਾਲ ਇਹ ਹੈ ਕਿ ਪਰਮਾਤਮਾ ਨੂੰ ਲੱਭ, ਉਸ ਨਾਲ ਜੁੜਨਾ ਹੀ ਕਿਉਂ ਹੈ ? ਉਸਦੇ ਬਿਨਾਂ ਕਿਸੇ ਦਾ ਕੀ ਥੁੜਿਆ ਹੈ ? ਚਲੋ ਸਭ ਤੋਂ ਪਹਿਲਾਂ ਇਸੇ ਗੱਲ ਨੂੰ ਨਜਿੱਠ ਲਈਏ। ਮੇਰੇ ਹਿਸਾਬ ਨਾਲ ਇਸਦੇ ਦੋ ਮੂਲ ਕਾਰਨ ਹਨ।ਇੱਕ ਤਾਂ ਮਨੁੱਖ ਜਨਮ ਤੇ ਮੌਤ ਦੇ ਰਹੱਸ ਨੂੰ ਹੁਣ ਤਕ ਜਾਣ ਨਹੀਂ ਸਕਿਆ। ਜਦੋਂ ਉਹ ਇਸ ਰਹੱਸ ਦੇ ਅੱਗੇ ਆਪਣੇ ਆਪ ਨੂੰ ਮੁਹਤਾਜ ਮਹਿਸੂਸ ਕਰਦਾ ਹੈ, ਤਾਂ ਮਜਬੂਰ ਹੋ ਕੇ ਪਰਮਾਤਮਾ ਅੱਗੇ ਹਥਿਆਰ ਸੁੱਟ ਦਿੰਦਾ ਹੈ। ਇਸ ਸਰੀਰ ਦੇ ਮਿਲਣ ਤੋਂ ਪਹਿਲਾਂ ਕੀ ਸੀ ਤੇ ਇਸ ਸਰੀਰ ਦੇ ਬਾਅਦ ਕੀ ਹੈ ? ਜੇਕਰ ਇਹਨਾਂ ਦੋਂਹ ਪ੍ਰਸ਼ਨਾਂ ਦਾ ਜਵਾਬ ਮਨੁੱਖ ਨੂੰ ਮਿਲ ਗਿਆ ਹੁੰਦਾ ਜਾਂ ਹੁਣ ਵੀ ਮਿਲ ਜਾਵੇ, ਤਾਂ ਸ਼ਾਇਦ ਪਰਮਾਤਮਾ ਦੀ ਲੋੜ ਵੀ ਮੁੱਕ ਜਾਵੇ। ਜ਼ਿਆਦਾ ਕਰਕੇ ਮੌਤ ਦਾ ਡਰ ਹੀ ਪਰਮਾਤਮਾ ਦੀ ਲੋੜ ਮਹਿਸੂਸ ਕਰਵਾਉਂਦਾ ਹੈ। ਮੌਤ ਤੋਂ ਡਰਿਆ ਇਨਸਾਨ ਸਮੂਹਕ ਧਰਮ ਵਿੱਚ ਪੈ, ਕਰਮ ਕਾਂਡ ਵਿੱਚ ਫਸ, ਅਖੌਤੀ ਧਰਮਾਂ ਦੀਆਂ ਮੁਰਦਾ ਰੀਤੀ ਰਿਵਾਜਾਂ ਵਿੱਚ ਪੈ, ਆਤਮਿਕ ਸ਼ਾਂਤੀ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਪਰ ਨਹੀਂ ਲੱਭ ਸਕਦਾ। ਇਸ ਲਈ ਨਹੀਂ ਕਿ ਉਹ ਇਸਦੇ ਕਾਬਲ ਨਹੀਂ ਹੈ, ਜਾਂ ਉਸਦਾ ਮਾਰਗ ਦਰਸ਼ਨ ਗ਼ਲਤ ਹੈ, ਪਰ ਇਸ ਲਈ ਕਿਉਂਕਿ ਧਰਮ ਨਿੱਜੀ ਹੈ ਅਤੇ ਸਮੂਹਿਕ ਯਤਨਾਂ ਨਾਲ ਮਿਲਣਾ ਮੁਸ਼ਕਲ ਹੈ। ਯਾਤਰਾ ਸਮੂਹ ਤੋਂ ਸ਼ੁਰੂ ਹੋ ਸਕਦੀ ਹੈ (ਜਦੋਂ ਅਸੀਂ ਸਾਧ ਸੰਗਤ ਦਾ ਸਾਥ ਮੰਗਦੇ ਹਾਂ) ਪਰ ਬਾਅਦ ਵਿੱਚ, ਅਸਲ ਰਸਤਾ ਤਾਂ ਇਕੱਲੇ ਹੀ ਨਾਪਣਾ ਪੈਂਦਾ ਹੈ। ਇਸਦੇ ਉਲਟ ਜਦੋਂ ਕੋਈ ਮਨੁੱਖ ਆਪਣੀ ਨਿੱਜੀ ਯਾਤਰਾ ਨਾਲ ਆਪਣਾ ਧਰਮ ਲੱਭਦਾ ਹੈ ਤਾਂ ਮੌਤ ਦੇ ਖ਼ੌਫ਼ ਤੋਂ ਆਜ਼ਾਦ ਹੋ ਜਾਂਦਾ ਹੈ। ਮੌਤ ਦੀ ਸਦੀਵੀ ਯਾਦ ਹੀ ਉਸ ਨੂੰ ਸਾਰੀਆਂ ਇੱਛਾਵਾਂ ਤੋਂ ਮੁਕਤ ਕਰ ਦਿੰਦੀ ਹੈ ਜਿਸਨੂੰ ਅਸੀਂ ਮੋਕਸ਼ ਜਾਂ ਨਿਰਵਾਣ ਕਹਿੰਦੇ ਹਾਂ।

ਦੂਜਾ, ਹਰ ਮਨੁੱਖ ਇੱਕ ਬੜੀ ਵਿਲੱਖਣ ਸ਼ਾਂਤੀ ਤੇ ਅਨੰਦ ਦੀ ਭਾਲ ਵਿੱਚ ਹੈ। ਇਨਸਾਨ ਆਪਣੇ ਸਰੀਰਕ ਜਾਮੇ ਵਿੱਚ ਆਉਣ ਤੋਂ ਪਹਿਲਾ, ਜਿਸ ਅਨੰਦ ਦੀ ਅਵਸਥਾ ਤੋਂ ਤੁਰਦਾ ਹੈ, ਸਾਰੀ ਉਮਰ ਉਸੇ ਅਨੰਦ ਦੀ ਭਾਲ ਵਿੱਚ ਮਾਰਿਆ-ਮਾਰਿਆ ਫਿਰਦਾ ਹੈ। ਉਸੇ ਸੁਖ ਤੇ ਅਨੰਦ ਵਾਸਤੇ ਰਿਸ਼ਤੇ ਕਾਇਮ ਕਰਦਾ ਹੈ ਤੇ ਸਾਰੀ ਉਮਰ ਘਾਲਣਾ ਘਾਲਦਾ ਹੈ। ਉਹ ਸੰਪੂਰਨਤਾ, ਉਹ ਅਨੰਦ ਕੀ ਹੈ, ਕਿੱਦਾਂ ਤੇ ਕਿੱਥੋਂ ਪ੍ਰਾਪਤ ਹੋਵੇ, ਦਾ ਜਵਾਬ ਆਮ ਮਨੁੱਖ ਕੋਲ ਨਹੀਂ ਹੈ। ਉਸੇ ਦੀ ਭਾਲ ਕਰਦਿਆਂ ਮਨੁੱਖ ਧਰਮ ਦਾ ਸਹਾਰਾ ਲੈ, ਪਰਮਾਤਮਾ ਨੂੰ ਲੱਭਣ ਨਿਕਲਦਾ ਹੈ। ਕਿਉਂਕਿ ਧਾਰਮਿਕ ਗ੍ਰੰਥ ਗਵਾਹ ਹਨ ਕਿ ਜਿਨਾਂ ਨੇ ਪਰਮਾਤਮਾ ਨੂੰ ਦੇਖਿਆ ਜਾਂ ਪਾਇਆ ਹੈ, ਉਹਨਾਂ ਨੂੰ ਉਹ ਅਨੰਦ ਉਪਲਬਧ ਹੋਇਆ ਹੈ, ਤਾਂ ਫੇਰ ਉਹ ਵੀ ਗ੍ਰੰਥਾਂ ਦਾ ਸਹਾਰਾ ਹੀ ਲੈਂਦਾ ਹੈ, (ਲੈਣਾ ਚਾਹੁੰਦਾ ਹੈ।) ਇੱਕ ਵਾਰੀ ਮੈਂ ਇੱਕ ਐਸੇ ਇਨਸਾਨ ਨਾਲ ਚਾਹ ਪੀ ਰਹੀ ਸਾਂ ਜਿਸ ਦੀ ਇੱਕ ਸਾਲ ਦੀ ਤਨਖ਼ਾਹ, ਇੱਕ ਮਿਲੀਅਨ ਕੈਨੇਡੀਅਨ ਡਾਲਰ ਦੇ ਕਰੀਬ ਸੀ। ਆਦਮੀ ਬਿਲਕੁਲ ਸਿੱਧਾ-ਸਾਦਾ ਸੀ। ਸ਼ਾਇਦ ਇਸੇ ਕਾਰਨ ਹੀ ਮੈਨੂੰ ਉਸ ਨਾਲ ਬੈਠਣ ਦਾ ਮੌਕਾ ਮਿਲਿਆ ਸੀ। ਮੈਂ ਉਸ ਨੂੰ ਪੁੱਛਿਆ, 'ਭਾਜੀ, ਤੁਸੀਂ ਐਨੇ ਪੈਸੇ ਕਮਾਉਂਦੇ ਹੋ। ਜ਼ਾਹਿਰ ਹੈ ਕਿ ਤੁਹਾਡੀਆਂ ਅਤੇ ਤੁਹਾਡੇ ਪਰਿਵਾਰ ਦੀਆਂ ਜ਼ਰੂਰਤਾਂ ਹੁਣ ਤਕ ਪੂਰੀਆਂ ਹੋ ਗਈਆਂ ਹੋਣਗੀਆਂ। ਜੇਕਰ ਤੁਹਾਨੂੰ ਪੁੱਛਿਆ ਜਾਵੇ ਕਿ ਹੁਣ ਤੁਸੀਂ ਜ਼ਿੰਦਗੀ ਤੋਂ ਕੀ ਉਮੀਦ ਕਰਦੇ ਹੋ ਤਾਂ ਤੁਸੀਂ ਕੀ ਕਹੋਗੇ ?' ਉਸ ਨੇ ਕਿਹਾ, 'ਭੈਣ ਜੀ, ਮੈਂ ਸਿਰਫ਼ ਸ਼ਾਂਤੀ ਤੇ ਅਨੰਦ ਦੀ ਭਾਲ ਵਿੱਚ ਹਾਂ। ਮੈਨੂੰ ਉਹ ਸਭ ਕੁਝ ਪਰਾਪਤ ਹੋ ਗਿਆ ਹੈ ਜਿਹੜਾ ਪੈਸਾ ਖ਼ਰੀਦ ਕੇ ਦੇ ਸਕਦਾ ਸੀ। ਪਰ ਹਰ ਵੇਲੇ ਕੋਈ ਭਟਕਣਾ, ਕੋਈ ਅਤ੍ਰਿਪਤੀ ਹੈ ਜਿਹੜੀ ਟਿਕ ਕੇ ਬਹਿਣ ਨਹੀਂ ਦਿੰਦੀ।'

ਜੇਕਰ ਪਰਮਾਤਮਾ ਤਕ ਅਪੜਨਾ ਹੀ ਹਰ ਮਨੁੱਖ ਦੀ ਮੰਜ਼ਿਲ ਹੈ ਤਾਂ ਇਹ ਗੱਲ ਵੀ ਮੰਨ ਲੈਣੀ ਚਾਹੀਦੀ ਹੈ ਕਿ ਸਾਰੇ ਅਖੌਤੀ ਧਰਮ ਰਸਤੇ ਹਨ ਅਤੇ ਕੋਈ ਵੀ ਮੰਜ਼ਿਲ ਨਹੀਂ ਹੈ। ਜੇਕਰ ਸਾਰੇ ਰਸਤੇ ਇੱਕੋ ਹੀ ਮੰਜ਼ਲ 'ਤੇ ਪਹੁੰਚਦੇ ਹੋਣ, ਤਾਂ ਕੋਈ ਵੀ ਰਸਤਾ, ਜਿਹੜਾ ਤੁਹਾਡੇ ਘਰ ਕੋਲੋਂ ਸ਼ੁਰੂ ਹੁੰਦਾ ਹੋਵੇ ਜਾਂ ਜਿਹੜਾ ਸੌਖਾ ਲੱਗਦਾ ਹੋਵੇ, ਚੁਣ ਲੈਣਾ ਚਾਹੀਦਾ ਹੈ। ਪਰ ਅਸੀਂ ਸਭ ਉਹੀ ਰਸਤਾ ਚੁਣਦੇ ਹਾਂ ਜਿਹੜਾ ਸਾਨੂੰ ਸਾਡੇ ਜਨਮ ਨਾਲ ਮਿਲਦਾ ਹੈ। ਭਾਵੇਂ ਉਹ ਸਾਡੀ ਸ਼ਖ਼ਸੀਅਤ ਨਾਲ ਮੇਲ ਖਾਂਦਾ ਹੋਵੇ ਜਾਂ ਨਾ। ਭਾਵੇਂ ਉਹ ਸਾਡੇ ਘਰ ਤੋਂ ਬਹੁਤ ਦੂਰ ਤੋਂ ਹੀ ਕਿਉਂ ਨਾ ਸ਼ੁਰੂ ਹੁੰਦਾ ਹੋਵੇ। ਬੁਨਿਆਦੀ ਤੌਰ 'ਤੇ ਪਰਮਾਤਮਾ ਤਕ ਅੱਪੜਨ ਦੇ ਦੋ ਤਰੀਕੇ ਹਨ: ਸਮਰਪਣ ਤੇ ਸੰਕਲਪ। ਰਸਤਾ ਕੋਈ ਵੀ ਹੋਵੇ, ਹਿਸਾਬ ਸਿੱਧਾ ਤੇ ਸਰਲ ਹੈ। ਜਿਵੇਂ ਕਿਸੇ ਭਾਂਡੇ ਨੂੰ ਭਰਨਾ ਹੋਵੇ, ਤਾਂ ਉਸਦਾ ਖ਼ਾਲੀ ਹੋਣਾ ਜ਼ਰੂਰੀ ਹੈ, ਇਸੇ ਤਰਾਂ ਆਪਣੇ ਆਪ ਨੂੰ ਪਰਮਾਤਮਾ ਨਾਲ ਭਰਨ ਵਾਸਤੇ, ਆਪਣੇ ਹਉਮੈਂ ਦੇ ਘੜੇ ਨੂੰ ਬਿਲਕੁਲ ਖ਼ਾਲੀ ਕਰਨਾ ਪੈਂਦਾ ਹੈ। 'ਮੈਂ' ਦੇ ਵਿਦਾ ਹੁੰਦੇ ਹੀ 'ਤੂੰ' ਪਰਗਟ ਹੋ ਜਾਂਦਾ ਹੈ। 'ਮੈਂ' ਜਾਨੀ 'ਕਰਤੇ' ਦਾ ਭਾਵ। ਜਦੋਂ ਤਕ 'ਮੈਂ ਕੀਤਾ ਹੈ' ਬਾਕੀ ਰਹੇਗਾ, ਉਦੋਂ ਤਕ ਮੰਜ਼ਿਲ ਦੂਰ ਹੀ ਰਹੇਗੀ। ਨਾਨਕ ਦਾ 'ਤੇਰਾ ਤੇਰਾ' ਕਿਸ ਨੂੰ ਭੁੱਲਿਆ ਹੈ ?

ਆਓ ਪਹਿਲਾਂ ਸਮਰਪਣ ਦੀ ਗੱਲ ਕਰੀਏ। ਇਸ ਵਿੱਚ ਭਗਤ ਆਪਣਾ ਅਹੰਕਾਰ ਪਰਮਾਤਮਾ ਦੇ ਚਰਨਾਂ ਵਿੱਚ ਰੱਖ, ਆਪਣੇ ਧਾਰਮਿਕ ਸਫ਼ਰ ਦੀ ਯਾਤਰਾ ਸ਼ੁਰੂ ਕਰਦਾ ਹੈ। ਉਹ 'ਜਿਵ ਜਿਵ ਹੁਕਮੁ ਤਿਵੈ ਤਿਵ ਕਾਰ' ਵਿੱਚ ਜਿਊਂਦਾ ਹੈ। ਉਸਦੇ ਅੱਥਰੂ ਹੀ ਪਰਮਾਤਮਾ ਦੇ ਚਰਨਾਂ 'ਤੇ ਫੁੱਲਾਂ ਦੀ ਤਰਾਂ ਡਿਗਦੇ ਹਨ। ਭਗਤ ਪੀਪਾ ਜੀ, ਗੁਰੂ ਨਾਨਕ, ਮੀਰਾ, ਤੁਲਸੀ ਦਾਸ, ਤੁੱਕਾ ਰਾਮ, ਗੋਰਖ, ਭਗਤ ਰਵਿਦਾਸ, ਦਾਦੂ ਦਿਆਲ ਵਰਗੇ ਭਗਤ, ਸਮਰਪਣ ਨਾਲ ਪੁੱਜੇ। ਸਮਰਪਣ ਦਾ ਰਸਤਾ ਪਿਆਰ ਦਾ ਰਸਤਾ ਹੈ। ਪਿਆਰ ਵਿੱਚ ਦੂਸਰੇ ਅੱਗੇ ਝੁਕ ਜਾਣਾ ਹੁੰਦਾ ਹੈ। ਤੁਹਾਡੇ ਮਨ ਵਿੱਚ ਕਿਸੇ ਲਈ ਪਿਆਰ ਜਾਗਿਆ। ਤੁਸੀਂ ਉਸ ਅੱਗੇ ਆਪਣੇ ਪਿਆਰ ਦਾ ਇਜ਼ਹਾਰ ਕੀਤਾ। ਉਸਨੇ ਤੁਹਾਡਾ ਪਿਆਰ ਸਵੀਕਾਰ ਕੀਤਾ। ਤੁਸੀਂ ਉਸਦੇ ਦੇਣਦਾਰ ਹੋ ਜਾਂਦੇ ਹੋ। ਹੁਣ ਤੁਸੀਂ ਸੰਪੂਰਨ ਸਮਰਪਣ ਕਰ ਦਿਓ। ਉਸ ਕੋਲੋਂ ਕੁਝ ਮੰਗਣ ਦੀ ਬਜਾਏ ਸਿਰਫ਼ ਉਸਦੇ ਸ਼ੁਕਰਗੁਜ਼ਾਰ ਹੋ ਜਾਵੋ। ਉਸ ਕੋਲੋਂ ਕੁਝ ਨਾ ਮੰਗੋ। ਜੇਕਰ ਮੰਗ ਹੈ ਤਾਂ ਪਿਆਰ ਨਹੀਂ ਹੈ। ਪਿਆਰ ਦਾ ਦੂਸਰਾ ਨਾ ਹੀ ਸੰਪੂਰਨ ਸਮਰਪਣ ਹੈ। ਜੇਕਰ ਮੰਗ ਹੈ ਤਾਂ ਕਲੇਸ਼ ਹੋਵੇਗਾ। ਤੁਸੀਂ ਉਸ ਕੋਲੋਂ ਕੋਈ ਮੰਗ ਕਰੋਗੇ ਤੇ ਉਹ ਤੁਹਾਡੇ ਕੋਲੋਂ। ਤੁਸੀਂ ਸੰਪੂਰਨ ਸਮਰਪਣ ਨਾਲ ਆਪਣੀ ਹਉਮੈਂ ਦਾ ਘੜਾ ਪੂਰਾ ਖ਼ਾਲੀ ਕਰ ਦਿਓ। ਇੱਕ ਬੂੰਦ ਵੀ ਨਾ ਬਚਾਓ। ਇੱਕ ਬੂੰਦ ਵੀ ਰਸਤਾ ਲੰਬਾ ਕਰ ਦੇਵੇਗੀ। ਜਦੋਂ 'ਮੈਂ' ਦਾ ਘੜਾ ਪੂਰਾ ਖ਼ਾਲੀ ਹੋ ਜਾਵੇਗਾ, ਉਦੋਂ ਉਹ ਪਰਮਾਤਮਾ ਨਾਲ ਭਰ ਜਾਵੇਗਾ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਇਨਸਾਨ ਸਿਰਫ਼ ਇਨਸਾਨ ਨਾਲ ਹੀ ਪਿਆਰ ਕਰ ਸਕਦਾ ਹੈ ? ਭਗਤ ਧੰਨਾ ਜੱਟ ਜੀ ਬਾਰੇ ਤੁਹਾਡਾ ਕੀ ਵਿਚਾਰ ਹੈ ? ਉਹਨਾਂ ਨੇ ਆਪਣੀ ਸ਼ਰਧਾ ਦੇ ਫੁੱਲ ਇੱਕ ਪੱਥਰ ਅੱਗੇ ਰੱਖ, ਉਸੇ ਵਿੱਚੋਂ ਰੱਬ ਲੱਭ ਲਿਆ ਸੀ। ਉਹਨਾਂ ਨੇ ਆਪਣਾ ਸੰਪੂਰਨ ਸਮਰਪਣ ਇੱਕ ਪੱਥਰ ਅੱਗੇ ਕਰ ਦਿੱਤਾ ਸੀ। ਪਰਮਾਤਮਾ ਕਣ-ਕਣ ਵਿੱਚ ਹੈ। ਇਸ ਕਰਕੇ ਅਸੀਂ ਕਿਸੇ ਕਣ ਨੂੰ ਵੀ ਪੂਰੇ ਸਮਰਪਿਤ ਹੋ ਸਕਦੇ ਹਾਂ।

ਪਰਮਾਤਮਾ ਦੀਆਂ ਮਿੱਟੀ ਤੇ ਪੱਥਰਾਂ ਦੀਆਂ ਮੂਰਤੀਆਂ ਪਰਤੀਕ ਹਨ। ਸੰਕੇਤਕ ਹਨ। ਮੱਥੇ ਟੇਕਣ ਦੀਆਂ ਵਸਤੂਆਂ ਤੇ ਤਰੀਕੇ, ਦੋਵੇਂ ਪਰਤੀਕ ਹਨ। ਜਦੋਂ ਅਸੀਂ ਉਹਨਾਂ ਅੱਗੇ ਮੱਥਾ ਟੇਕਦੇ ਹਾਂ, ਤਾਂ ਅਸੀਂ ਆਪਣੀ 'ਮੈਂ' ਮੂਰਤੀਆਂ ਦੇ ਅੱਗੇ ਰੱਖ ਦਿੰਦੇ ਹੈ।

ਬਾਕੀ ਸਫ਼ਾ 28 'ਤੇ

# ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

ਕੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕੜੀ - 9**

**- ਕਰਮ ਸਿੰਘ ਜ਼ਖ਼ਮੀ**

'ਸ਼ਾਬਾਸ਼ ਮੇਵਾਤੀ ਸਰਦਾਰ ਸ਼ਾਬਾਸ਼, ਅਸੀਂ ਤੇਰੇ ਤੇ ਬਹੁਤ ਖੁਸ਼ ਹਾਂ, ਤੁਸੀਂ ਇਸਲਾਮ ਦੀ ਰਖ ਵਿਖਾਈ ਹੈ। ਮੁਗਲ ਸਲਤਨਤ ਨੂੰ ਬਰਬਾਦੀ ਤੋਂ ਬਚਾ ਲਿਆ ਹੈ। ਤੁਹਾਨੂੰ ਖਿਲਤ ਤੇ ਇਨਾਮ ਤੋਂ ਇਲਾਵਾ ਗੰਗ-ਬਹਾਦਰ ਦਾ ਖਿਤਾਬ ਭੀ ਬਖਸ਼ਿਆ ਜਾਂਦਾ ਹੈ।' ਬਾਦਸ਼ਾਹ ਬਹਾਦਰ ਸ਼ਾਹ ਖੁਸ਼ੀ ਨਾਲ ਪਾਗਲ ਹੋ ਕੇ ਨਚ ਰਿਹਾ ਸੀ। ਉਸਨੇ ਫਿਰੋਜ਼ਖਾਨ ਮੇਵਾਂਤੀ ਨੂੰ ਖਿਲਤ ਦੇ ਨਾਲ ਪੰਜਾਹ ਹਜ਼ਾਰ ਰੁਪੈ ਨਕਦ ਇਨਾਮ ਦੇ ਤੌਰ ਤੇ ਦਿੱਤਾ ਅਤੇ ਇਹਨਾਂ ਕਿਹਾ ਕਿ ਜਦੋਂ ਇਹਨਾਂ ਦੇ ਪੀਰ ਮੁਰਸ਼ਦ ਬੰਦੇ ਦਾ ਸਿਰ ਲੈ ਕੇ ਆਓਗੇ, ਤਾਂ ਹੋਰ ਮੂੰਹੋਂ ਮੰਗਿਆ ਇਨਾਮ ਦਿੱਤਾ ਜਾਵੇਗਾ।

ਸ਼ਾਹੀ ਕੈਂਪ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਸ਼ਹਿਨਸ਼ਾਹ ਸਲਾਮਤ ਜਿੰਦਾਬਾਦ, ਮੁਗਲ ਸਲਤਨਤ ਜਿੰਦਾਬਾਦ ਤੇ ਵਿਚ ਵਿਚ ਫਿਰੋਜ਼ਖਾਨ ਮੇਵਾਤੀ ਜਿੰਦਾਬਾਦ ਦੇ ਨਾਅਰੇ ਵੀ ਸੁਣਾਈ ਦੇਣ ਲਗੇ। ਡੇਰੇ ਦੇ ਕਰਮਚਾਰੀਆਂ ਤੋਂ ਰਖਵਾਲੇ ਫੌਜੀ ਦਸਤੇ ਨੂੰ ਇਨਾਮ ਵੀ ਦਿਤੇ ਗਏ, ਗੋਸ਼ਤ ਦੀਆਂ ਦੇਗਾਂ ਚੜ ਗਈਆਂ ਤੇ ਸ਼ਰਾਬ ਪਾਣੀ ਵਾਂਗ ਬਹਾਈ ਜਾਣ ਲਗੀ। ਨਾਲ ਹੀ ਨਾਚ ਗਾਣੇ ਦੀਆਂ ਮਹਿਫਲਾਂ ਵੀ ਗਰਮ ਹੋ ਗਈਆਂ। ਬਾਦਸ਼ਾਹ ਬਹਾਦਰ ਸ਼ਾਹ ਫਿਰੋਜ਼ਖਾਨ ਮੇਵਾਤੀ ਨੂੰ ਆਪਣੇ ਤੰਬੂ ਵਿਚ ਲੈ ਗਿਆ ਤੇ ਉਸ ਨਾਲ ਬੈਠ ਕੇ ਸ਼ਰਾਬ ਪੀਣ ਲਗਾ।

'ਸ਼ਹਿਨਸ਼ਾਹ ਸਲਾਮਤ।'

'ਹਾਂ ਮੇਰੇ ਬਹਾਦਰ ਮੇਵਾਤੀ ਸਰਦਾਰ।'

'ਇਹਨਾਂ ਕਾਫਰਾਂ ਦੇ ਸਿਰਾਂ ਦਾ ਕੀ ਕੀਤਾ ਜਾਏ ?'

ਇਹਨਾਂ ਕੰਬਖਤਾਂ ਦੇ ਸਿਰ ਕਬਰਸਤਾਨਾਂ ਤੇ ਮੜੀਆਂ ਵਿਚ ਖਲਾਰ ਦਿਓ ਤਾਂ ਜੋ ਕਾਂ ਤੇ ਗਿਰਝਾਂ ਰਜ ਕੇ ਖਾਣ, ਇਹ ਬਹੁਤ ਵੱਡਾ ਸਵਾਬ ਦਾ ਕੰਮ ਹੋਵੇਗਾ।' ਬਾਦਸ਼ਾਹ ਬਹਾਦਰ ਸ਼ਾਹ ਦਾ ਹੁਕਮ ਸੀ। ਮੇਵਾਤੀ ਸਰਦਾਰ ਬਾਹਰ ਨਿਕਲਿਆ ਤੇ ਇਕ ਮਜਬੂਤ ਫੌਜੀ ਦਸਤੇ ਦੀ ਨਿਗਰਾਨੀ ਹੇਠਾਂ ਇਹ ਸਿਰ ਨਾਲ ਦੇ ਪਿੰਡਾਂ ਦੀਆਂ ਮੜੀਆਂ ਤੇ ਕਬਰਾਂ ਵਿਚ ਖਲਾਰੇ ਜਾਣ ਲਗੇ। ਤਾਰਾਂ ਦੀਆਂ ਅੱਖਾਂ ਵਹਿ ਤੁਰੀਆਂ ਉਸ ਨੇ ਕਿਹਾ 'ਮੈਂ ਇਹ ਨਹੀਂ ਸਹਾਰ ਸਕਦੀ।'

'ਤਾਰਾ ਇਹਦੇ ਵਿਚ ਨਾ ਸਹਾਰੀ ਜਾਣ ਵਾਲੀ ਕਿਹੜੀ ਗਲ ਹੈ, ਅਸਾਡੇ ਵੀਰ ਜੂਝ ਕੇ ਸ਼ਹੀਦ ਹੋਏ ਹਨ ਇਹਨਾਂ ਦੇ ਸਿਰਾਂ ਦੇ ਇਹ ਪੰਜ ਗੱਡੇ ਆਜ਼ਾਦੀ ਦੇ ਮੁਲ ਦੀ ਪਹਿਲੀ ਕਿਸ਼ਤ ਹੈ, ਪਤਾ ਨਹੀਂ ਹਾਲਾਂ ਇਹ ਮੁਲ ਇਸ ਤਰਾਂ ਦੀਆਂ ਹੋਰ ਕਿਤਨੀਆਂ ਕਿਸ਼ਤਾਂ ਵਿਚ ਤਾਰਿਆ ਜਾਵੇਗਾ।' ਕਰਤਾਰ ਸਿੰਘ ਨੇ ਕਿਹਾ, ਉਹ ਇਸ ਸਮੇਂ ਪੂਰੀ ਤਰਾਂ ਹੌਸਲੇ ਵਿਚ ਸੀ। 'ਚਲ ਵਾਪਸ ਚਲੀਏ।' ਤਾਰਾ ਨੇ ਕਿਹਾ ਅਤੇ ਉਹ ਵਾਪਸ ਮੁੜ ਪਏ। ਸਾਰੀ ਰਾਤ ਚਲਦੇ ਰਹੇ। ਹਾਲਾਂ ਪਹਿਰ ਦਾ ਤੜਕਾ ਸੀ ਤੇ ਕੁਕੜਾਂ ਨੇ ਬਾਂਗਾਂ ਦੇਣੀਆਂ ਸ਼ੁਰੂ ਹੀ ਕੀਤੀਆਂ ਸਨ ਕਿ ਜਦੋਂ ਉਹ ਲੋਹਗੜ ਦੇ ਕਿਲੇ ਵਿਚ ਦਾਖਲ ਹੋਏ। ਕਿਲੇ ਵਿਚ ਇਸ ਸਮੇਂ ਮਾਤਮ ਜਿਹਾ ਛਾਇਆ ਹੋਇਆ ਸੀ। ਬਾਬਾ ਬੰਦਾ ਸਿੰਘ ਬਹਾਦਰ ਦੀ ਜਰਨੈਲੀ ਹੇਠਾਂ ਸਿੰਘਾਂ ਦੀਆਂ ਬੇਅੰਤ ਜਿਤ ਦੇ ਪਿਛੋਂ ਉਹਨਾਂ ਦੀ ਪਹਿਲੀ ਹਾਰ ਹੋਈ ਸੀ, ਇਸ ਕਿਲੇ ਵਿਚ ਸਾਰੀ ਰਾਤ ਕੋਈ ਵੀ ਸੁਤਾ ਨਹੀਂ ਸੀ। ਬਾਬਾ ਬੰਦਾ ਸਿੰਘ ਬਹਾਦਰ ਵੀ ਸਾਰੀ ਰਾਤ ਕਿਲੇ ਦੇ ਦੀਵਾਨ ਖਾਨੇ ਵਿਚ ਯੁਧ ਭੂਮੀ ਤੋਂ ਆਉਣ ਵਾਲੀਆਂ ਖਬਰਾਂ ਨੂੰ ਸੁਣਦੇ ਰਹੇ ਸਨ ਤੇ ਨਵੀਂ ਪੈਦਾ ਹੋ ਰਹੀ ਹਾਲਤ ਤੇ ਆਪਣੇ ਸਾਥੀਆਂ ਨਾਲ ਸਲਾਹ ਮਸ਼ਵਰੇ ਕਰਦੇ ਰਹੇ ਸਨ।

ਕਰਤਾਰ ਸਿੰਘ ਤੇ ਤਾਰਾ ਨੇ ਜੰਗ ਦੀਆਂ ਪਲ ਪਲ ਦੀਆਂ ਖਬਰਾਂ ਬੜੀ ਫੁਰਤੀ ਤੇ ਸਫਲਤਾ ਨਾਲ ਭੇਜੀਆਂ ਸਨ ਤੇ ਇਸ ਤੋਂ ਉਹ ਬਹੁਤ ਪ੍ਰਭਾਵਿਤ ਸਨ। ਤਾਰਾ ਤੇ ਕਰਤਾਰ ਸਿੰਘ ਦੋਵੇਂ ਹੀ ਉਨਾਂ ਦੇ ਪੈਰਾਂ ਨੂੰ ਹੱਥ ਲਾ ਕੇ ਇਕ ਪਾਸੇ ਬੈਠ ਗਏ। ਉਹਨਾਂ ਦੀਆਂ ਅੱਖਾਂ ਇਸ ਸਮੇਂ ਵਹਿ ਰਹੀਆਂ ਸਨ ਤੇ ਚੇਹਰੇ ਤੇ ਉਦਾਸੀ ਦੀ ਕਾਲੀ ਰੰਗਣ ਹਾਲਾਂ ਵੀ ਚੜਦੀ ਜਾ ਰਹੀ ਸੀ।

'ਬੱਚਿਓ ਤੁਸੀਂ ਬਹੁਤ ਚੰਗਾ ਕੰਮ ਕੀਤਾ ਹੈ।' ਬਾਬਾ ਜੀ ਨੇ ਉਹਨਾਂ ਦੋਹਾਂ ਦੇ ਸਿਰਾਂ ਤੇ ਸਨੇਹ ਭਰਿਆ ਹੱਥ ਫੇਰਦੇ ਹੋਏ ਕਿਹਾ।

'ਬਾਬਾ ਜੀ ਚੰਗਾ ਤਾਂ ਹੁੰਦਾ ਕਿ ਜਦ ਅਸੀਂ ਤੁਹਾਨੂੰ ਫਤਹ ਦੀਆਂ ਖਬਰਾਂ ਭੇਜਦੇ।' ਤਾਰਾ ਨੇ ਆਪਣੇ ਹੰਝੂ ਆਪਣੇ ਦੁਪੱਟੇ ਦੇ ਪਲੇ ਨਾਲ ਪੂੰਝਦੇ ਹੋਏ ਆਖਿਆ।

ਤੇ ਬਾਬਾ ਜੀ ਜਿਹੜੀ ਆਖਰੀ ਖਬਰ ਅਸੀਂ ਲੈ ਕੇ ਆਏ ਹਾਂ, ਉਹੋ ਅਸਾਨੂੰ ਰੁਆ ਰਹੀ ਹੈ।' ਕਰਤਾਰ ਸਿੰਘ ਨੇ ਕਿਹਾ ਅਤੇ ਨਾਲ ਹੀ ਸਿਰਾਂ ਦੇ ਗੱਡਿਆਂ ਦੀ ਸਾਰੀ ਗਲ ਉਹਨਾਂ ਨੂੰ ਸੁਣਾ ਦਿੱਤੀ। ਸਣਕੇ ਪੰਥ ਦਾ ਸ਼ੇਰ ਵੀ ਬਹਿਬਲ ਹੋ ਉਠਿਆ ਪਰੰਤੂ ਉਸਨੇ ਆਪਣੀਆਂ ਅੱਖਾਂ ਵਿਚੋਂ ਕੋਈ ਇਕ ਹੰਝੂ ਵੀ ਨਹੀਂ ਨਿਕਲਣ ਦਿੱਤਾ। ਉਸ ਨੇ ਬੜੀ ਮਜ਼ਬੂਤੀ ਨਾਲ ਆਪਣੇ ਆਪ ਨੂੰ ਸੰਭਾਲਿਆ। ਇਸ ਸਮੇਂ ਕਿਲੇ ਦਾ ਦੀਵਾਨ ਖਾਨਾ ਸਿੰਘਾਂ ਨਾਲ ਭਰਿਆ ਹੋਇਆ ਸੀ। ਸਾਰਿਆਂ ਦੀਆਂ ਅੱਖਾਂ ਡੁਲ ਰਹੀਆਂ ਸਨ, ਸਾਰਿਆਂ ਦੇ ਮੂੰਹਾਂ ਤੇ ਉਦਾਸੀ ਰਚਿਆ ਮਾਤਮ ਛਾਇਆ ਹੋਇਆ ਸੀ।

'ਓ ਭਈ ਤੁਸੀਂ ਉਸ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਹੋ ਕਿ ਜਿਹਨਾਂ ਨੇ ਆਪਣੇ ਮਾਤਾ ਪਿਤਾ, ਚਾਰੇ ਲਾਲ ਅਤੇ ਘਰ ਬਾਰ ਸਭ ਕੁਝ ਹੀ ਧਰਮ ਦੀ ਖਾਤਰ ਰਖਿਆ ਤੇ ਆਜ਼ਾਦੀ ਲਈ ਸਦਕੇ ਕਰ ਕਰ ਦਿੱਤਾ। ਜੰਗਾਂ ਯੁੱਧਾਂ ਵਿਚ ਜਿਤਾਂ ਹਾਰਾਂ ਹੁੰਦੀਆਂ ਹਨ। ਹਾਰਨਾ ਜਿਤਣਾ ਕੁਦਰਤ ਦਾ ਇਕ ਨਿਯਮ ਹੈ। ਅਸੀਂ ਸਾਹਿਜਾਦਿਆਂ ਦੀ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਕਿਹੜੀ ਘਟ ਕੀਤੀ ਹੈ। ਹਜ਼ਾਰਾਂ ਤੁਰਕ ਮੌਤ ਦੇ ਘਾਟ ਉਤਾਰ ਦਿੱਤੇ ਹਨ। ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿਤੀ ਹੈ, ਇਸ ਸ਼ਹਿਰ ਦੇ ਖੰਡਰ ਸਦਾ ਲਈ ਸਾਡੀ ਸੂਰਬੀਰਤਾ ਦੀ ਗਵਾਹੀ ਦਿੰਦੇ ਰਹਿਣਗੇ। ਇਕ ਛੋਟੀ ਜੇਹੀ ਲੜਾਈ ਹਾਰ ਕੇ ਜੇਕਰ ਦਿਲ ਛੱਡ ਦਿਆਂਗੇ ਤਾਂ ਖਾਤਮਾ ਹੋ ਜਾਵੇਗਾ। ਨਿਸ਼ਚਾ ਰਖੋ ਅੱਜ ਹਾਰੇ ਹਾਂ, ਕਲ ਨੂੰ ਜਿਤਾਂਗੇ। ਇਸ ਹਾਰ ਨੂੰ ਇਕ ਖਿਡਾਰੀ ਦੀ ਸਪਿਰਟ ਵਿਚ ਲਓ ਤੇ ਅਗੋਂ ਜਿਤ ਪ੍ਰਾਪਤ ਕਰਨ ਲਈ ਤਿਆਰ ਹੋ ਜਾਓ। ਬੈਠੇ ਬੈਠੇ ਬਾਬਾ ਬੰਦਾ ਸਿੰਘ ਬਹਾਦਰ ਆਪਣੇ ਸਾਥੀਆਂ ਨੂੰ ਢਹਿੰਦੀਆਂ ਕਲਾਂ ਵਿਚੋਂ ਕਢ ਕੇ ਚੜਦੀਆਂ ਕਲਾਂ ਵਿਚ ਲੈ ਜਾਣ ਲਈ ਭਾਸ਼ਣ ਦੇ ਰਹੇ ਸਨ। ਉਹਨਾਂ ਆਖਿਆ 'ਖੁਸ਼ੀ ਨਾਲ ਤਾਂ ਕੋਈ ਆਪਣੀ ਕੱਖਾਂ ਕਾਨਿਆਂ ਦੀ ਝੁਗੀ ਵੀ ਛਡਣ ਲਈ ਤਿਆਰ ਨਹੀਂ ਹੁੰਦਾ, ਇਹ ਤਾਂ ਇਸ ਵਿਸ਼ਾਲ ਦੇਸ਼ ਦਾ ਰਾਜ ਭਾਗ ਹੈ। ਇਸ ਨੂੰ ਬਚਾਉਣ ਲਈ ਜੇਕਰ ਮੁੱਲ ਲੜ ਰਹੇ ਹਨ ਤਾਂ ਇਸ ਵਿਚ ਹੈਰਾਨੀ ਦੀ ਕਿਹੜੀ ਗੱਲ ਹੈ। ਦੀਵਾ ਬਲਣ ਤੋਂ ਪਹਿਲਾਂ ਟਿਮ-ਟਿਮਾਉਂਦਾ ਹੈ।




ਆਖਰੀ ਜਿਤ ਅਵੱਸ਼ ਅਸਾਡੀ ਹੋਵੇਗੀ, ਖਾਲਸਾ ਰਾਜ ਦੇ ਝੰਡੇ ਝੂਲਦੇ ਰਹਿਣਗੇ।'

ਬਾਬਾ ਜੀ ਕੁਝ ਰੁਕੇ ਤੇ ਫੇਰ ਪਹਿਲਾਂ ਨਾਲੋਂ ਭੀ ਵਧਰੇ ਜ਼ੋਰ ਨਾਲ ਬੋਲੇ 'ਅਸੀਂ ਸਮਝਦੇ ਹਾਂ ਕਿ ਅਸਾਡਾ ਵੈਰੀ ਹਾਲਾਂ ਤਕ ਜ਼ੋਰਾਵਰ ਹੈ, ਉਸਦੀ ਸ਼ਕਤੀ ਬੜੀ ਵਡੀ ਹੈ, ਉਸ ਪਾਸ ਲੱਖ ਤੋਂ ਵਧ ਫੌਜ ਹੈ, ਅਸਾਡੀ ਗਿਣਤੀ ਹਾਲਾਂ ਤਕ ਹਜ਼ਾਰਾਂ ਤੋਂ ਨਹੀਂ ਟੱਪੀ। ਪਰੰਤੂ ਅਸਾਨੂੰ ਇਕ ਇਕ ਨੂੰ ਕਲਗੀਆਂ ਵਾਲੇ ਸਤਿਗੁਰਾਂ ਨੇ ਸਵਾ ਸਵਾ ਲਖ ਨਾਲ ਲੜਨ ਦੀ ਸਮਰਥਾ ਬਖਸ਼ੀ ਹੋਈ ਹੈ। ਸਾਡੀ ਜਿਤ ਦਾ ਰਸਤਾ ਭਲਾ ਕੋਈ ਕਿਸ ਤਰਾ ਰੋਕ ਸਕਦਾ ਹੈ ?'

ਇਤਨਾ ਕੁਝ ਕਹਿ ਕੇ ਬਾਬਾ ਜੀ ਕੁਝ ਨਵੇਂ ਆਏ ਸਿੰਘਾਂ ਨਾਲ ਹੌਲੀ ਹੌਲੀ ਗਲਾਂ ਕਰਨ ਲਗੇ। ਤੇ ਇਸਦੇ ਪਿਛੋਂ ਫੇਰ ਉਹਨਾਂ ਨੇ ਆਪਣੇ ਭਾਸ਼ਣ ਦੇ ਸਿਲਸਿਲੇ ਨੂੰ ਅਗੇ ਤੋਰਿਆ। ਉਹਨਾਂ ਕਿਹਾ, 'ਹੁਣੇ ਹੁਣੇ ਖਬਰ ਆਈ ਹੈ ਕਿ ਸਰਹੰਦ ਤੇ ਹਮਲਾ ਹੋਣ ਵਾਲਾ ਹੈ, ਲੋਹਗੜ ਦੇ ਇਸ ਕਿਲੇ ਤੇ ਵੀ ਉਸਦੇ ਪਿਛੋਂ ਜ਼ਰੂਰ ਹਮਲਾ ਹੋਵੇਗਾ ਅਸੀਂ ਇਹ ਹਮਲੇ ਪਛਾੜਣ ਲਈ ਲੜਾਂਗੇ, ਲੋੜ ਪੈਣ ਤੇ ਯੁਧ ਨੀਤੀ ਦੀ ਵਰਤੋਂ ਕਰਦੇ ਹੋਏ ਪਿਛੇ ਵੀ ਹਟਾਂਗੇ, ਤੇ ਤਾਕਤ ਫੜ ਕੇ ਫੇਰ ਹਮਲਾ ਕਰਾਂਗੇ ਕਿ ਮੁਗਲ ਸ਼ਾਹੀ ਲੜ-ਖੜਾਕੇ ਸਾਡੇ ਪੈਰਾਂ ਵਿਚ ਡਿਗੇਗੀ ਤੇ ਅਸੀਂ ਇਸਨੂੰ ਚੁਕ ਕੇ ਖਾਰੇ ਸਮੁੰਦਰ ਵਿਚ ਸੁਟ ਪਾਵਾਂਗੇ।'

ਇਸ ਦੇ ਨਾਲ ਹੀ ਕਰਤਾਰ ਸਿੰਘ ਨੇ 'ਬੋਲੇ ਸੋ ਨਿਹਾਲ' ਆਪਣੀ ਪੂਰੀ ਉੱਚੀ ਆਵਾਜ਼ ਵਿਚ ਆਖਿਆ ਤੇ ਲੋਹਗੜ ਦਾ ਸਾਰਾ ਕਿਲਾ ਸਤਿ ਸ੍ਰੀ ਅਕਾਲ ਦੇ ਨਾਹਰਿਆਂ ਨਾਲ ਗੂੰਜ ਉਠਿਆ, ਸਾਰੀਆਂ ਢਹਿੰਦੀਆਂ ਕਲਾਂ ਦੂਰ ਹੋ ਗਈਆਂ। ਸਭ ਦੇ ਦਿਲਾਂ ਵਿਚ ਨਵਾਂ ਜੋਸ਼ ਤੇ ਉਤਸ਼ਾਹ ਪੈਦਾ ਹੋ ਗਿਆ ਤੇ ਮੁੜ ਚੜਦੀਆਂ ਕਲਾਂ ਵਿਚ ਅ ਾਕੇ ਕਲਗੀਆਂ ਵਾਲੇ ਸਤਿਗੁਰਾਂ ਦੇ ਛੋਹੇ ਧਰਮ ਯੁੱਧ ਦੀ ਸੰਪੂਰਤਾ ਲਈ ਤਤਪਰ ਹੋ ਗਏ।

8

ਸਿਰਾਂ ਦੇ ਗੱਡਿਆਂ ਦਾ ਜਿਹੜਾ ਸਿਲਸਿਲਾ ਅਮੀਨ ਗੜ ਤੋਂ ਸ਼ੁਰੂ ਹੋਇਆ, ਉਹ ਏਥੇ ਹੀ ਖ਼ਤਮ ਨਹੀਂ ਹੋ ਗਿਆ। ਆਜ਼ਾਦੀ ਆਈ ਤੇ ਇਕ ਝਲਕਾਰਾ ਦੇ ਕੇ ਤੁਰਦੀ ਬਣੀ, ਇਹ ਸਮਝਾਉਂਦੀ ਹੋਈ ਕਿ ਹਾਲਾਂ ਮੈਂ ਆਪਣੀ ਪੂਰੀ ਕੀਮਤ ਵਸਲ ਨਹੀਂ ਕੀਤੀ, ਮੈਨੂੰ ਹਾਲਾਂ ਹੋਰ ਸਿਰਾਂ ਦੀ ਲੋੜ ਹੈ, ਸਿਰਾਂ ਦੇ ਗੱਡੇ ਭਰ ਭਰਕੇ ਦਿਓ, ਮੈਂ ਫੇਰ ਆਪਣੇ ਹੁਸਨ ਦੇ ਜਲਵੇ ਖਿਲਾਰਦੀ ਹੋਈ ਆ ਜਾਵਾਂਗੀ।

ਅਮੀਨ ਗੜ ਦੀ ਜਿੱਤ ਨਾਲ ਬਾਦਸ਼ਾਹ ਦਾ ਦਿਲ ਵਧ ਗਿਆ। ਸਢੌਰੇ ਦੀ ਜਿਤ ਪਿਛੋਂ ਉਸਨੇ ਉਥੇ ਡੇਰਾ ਲਾ ਦਿੱਤਾ। ਉਸ ਨੇ ਆਪਣੇ ਇਕ ਸਰਦਾਰ ਸ਼ਮਸੁਖਾਨ ਨੂੰ ਸਰਹਿੰਦ ਦਾ ਸੂਬੇਦਾਰ ਨਿਯੁਕਤ ਕੀਤਾ ਅਤੇ ਹੁਕਮ ਦਿੱਤਾ ਕਿ ਉਹ ਹਮਲਾ ਕਰਕੇ ਇਸ ਸ਼ਹਿਰ ਨੂੰ ਫਤਹ ਕਰ ਲਵੇ ਤੇ ਇਸ ਸਾਰੇ ਸੂਬੇ ਦਾ ਰਾਜ ਭਾਗ ਸੰਭਾਲੇ, ਉਸਨੇ ਇਸ ਨੂੰ ਆਪਣੇ ਵਡੇ ਭਾਗ ਸਮਝੇ, ਦੁਆਬੇ ਵਿਚੋਂ ਉਸਨੇ ਜਹਾਦ ਦਾ ਝੰਡਾ ਖੜਾ ਕਰਕੇ ਹਜ਼ਾਰਾਂ ਦੀ ਗਿਣਤੀ ਵਿਚ ਮੁਲਖ਼ਈਆ ਇਕੱਠਾ ਕਰ ਲਿਆ। ਦੋ ਹੋਰ ਮੁਸਲਮਾਨ ਫੌਜਦਾਰ ਬਾਯਜ਼ੀਦ ਖਾਨ ਤੇ ਉਮਰਾ ਖ਼ਾਨ ਵੀ ਉਸ ਨਾਲ ਆਣ ਮਿਲੇ ਤੇ ਇਸ ਤਰਾਂ ਪੰਜਾਹ ਹਜ਼ਾਰ ਤੋਂ ਵਧੇਰੇ ਫੋਜ ਤੇ ਮੁਲਖਈਏ ਨੂੰ ਨਾਲ ਲੈ ਕੇ ਉਸ ਨੇ ਸਰਹੰਦ ਉਤੇ ਹਮਲਾ ਕਰ ਦਿਤਾ। ਸਰਹੰਦ ਦੇ ਕਿਲੇ ਦੀ ਰਖਿਆ ਦਾ ਇਸ ਸਮੇਂ ਕੋਈ ਖਾਸ ਪ੍ਰਬੰਧ ਨਹੀਂ ਸੀ। ਇਸ ਦਾ ਸਿੱਖ ਸੂਬੇਦਾਰ ਬਾਜ ਸਿੰਘ ਹਾਲਾਂ ਮਾਝੇ ਤੇ ਦਵਾਬੇ ਤੋਂ ਮੁੜਿਆ ਨਹੀਂ ਸੀ, ਕਿਲੇ ਦਾ ਪ੍ਰਬੰਧ ਸਰਦਾਰ ਸ਼ਾਮ ਸਿੰਘ ਤੇ ਸਰਦਾਰ ਸੁਖਾ ਸਿੰਘ ਦੇ ਹੱਥਾਂ ਵਿਚ ਸੀ। ਇਕ ਹਜ਼ਾਰ ਤੋਂ ਘਟ ਸਿੱਖ ਇਸ ਸਮੇਂ ਸਰਹੰਦ ਵਿਚ ਸਨ ਕਿ ਜਿਸ ਨੂੰ ਕੁਝ ਸਮੇਂ ਪਹਿਲਾਂ ਹੀ ਸਿੱਖਾਂ ਨੇ ਫਤਹ ਕੀਤਾ ਸੀ। ਇਸਦੀ ਇਟ ਨਾਲ ਇਟ ਵਝਾ ਦਿਤੀ ਸੀ ਤੇ ਛੋਟੇ ਸਾਹਿਬਜ਼ਾਦਿਆਂ ਦੇ ਹਤਿਆਰੇ ਵਜ਼ੀਰ ਖਾਨ ਤੇ ਉਸ ਦੇ ਹਜ਼ਾਰਾਂ ਸਾਥੀਆਂ ਨੂੰ ਮਾਰ ਮੁਕਾਇਆ ਸੀ।

'ਕਿਉਂ ਸਰਦਾਰ ਜੀ ਹੁਣ ਕੀ ਕਰਨਾ ਹੈ ?'

ਸਰਦਾਰ ਸੁਖਾ ਸਿੰਘ ਨੇ ਕਿਲੇ ਦੀ ਸਫੀਲ 'ਤੇ ਖੜੇ ਹੋ ਕੇ ਕਿਲੇ ਵੱਲ ਵਧ ਰਹੇ ਮੁਸਲਮਾਨਾਂ ਦੇ ਟਿੱਡੀ ਦਲ ਵਲ ਇਸ਼ਾਰਾ ਕਰਦੇ ਹੋਏ ਸਰਦਾਰ ਸ਼ਾਮ ਸਿੰਘ ਨੂੰ ਪੁਛਿਆ।

'ਉਹ ਜੋ ਕੁਝ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੱਸ ਗਏ ਹਨ, ਅਸੀਂ ਮੁਕਾਬਲਾ ਕਰਾਂਗੇ ਬਾਬਾ ਜੀ ਆਪ ਵੀ ਇਸ ਯੁੱਧ ਦੇ ਮੈਦਾਨ ਵਿਚ ਆਉਣਗੇ।' ਸਰਦਾਰ ਸ਼ਾਮ ਸਿੰਘ ਨੇ ਆਖਿਆ, ਉਹ ਇਸ ਸਮੇਂ ਚੜਦੀਆਂ ਕਲਾਂ ਵਿਚ ਸੀ। ਉਹ ਜਾਣਦਾ ਸੀ ਕਿ ਹਾਲਾਤ ਬਦਲ ਚੁੱਕੇ ਸਨ। ਮੁਗਲ ਬਾਦਸ਼ਾਹ ਆਪ ਜੰਗ ਦੇ ਮੈਦਾਨ ਵਿਚ ਪੁੱਜ ਚੁੱਕਿਆ ਹੈ। ਲੱਖਾਂ ਦੀ ਗਿਣਤੀ ਵਿਚ ਫੌਜਾਂ ਇਕੱਠੀਆਂ ਕੀਤੀਆਂ ਜਾ ਰਹੀਆਂ ਹਨ, ਸਿੱਖ ਖਿੰਡੇ ਖੁੰਡੇ ਹੋਏ ਹਨ। ਸਰਦਾਰ ਬਾਜ ਸਿੰਘ ਦੀ ਵਾਪਸੀ ਦੀ ਹਾਲਾਂ ਕੋਈ ਸੰਭਾਵਨਾ ਨਹੀ, ਬਾਬਾ ਬੰਦਾ ਸਿੰਘ ਬਹਾਦਰ ਦੇ ਇਸ ਯੁੱਧ ਵਿਚ ਸ਼ਾਮਲ ਹੋਣ ਦੀ ਵੀ ਕੋਈ ਆਸ ਨਹੀਂ, ਉਹਨਾਂ ਨੇ ਇਸ ਜੰਗ ਦੇ ਆਖਰੀ ਮੋਰਚੇ ਲੋਹਗੜ ਦੇ ਕਿਲੇ ਦੀ ਲੜਾਈ ਲੜਣ ਦਾ ਹੀ ਫੈਸਲਾ ਕਰ ਰਖਿਆ ਹੈ। ਇਹ ਗਲ ਕਿ ਉਹ ਸਰਹੰਦ ਦੀ ਇਸ ਜੰਗ ਵਿਚ ਹਿਸਾ ਲੈਣ ਲਈ ਆਉਣਗੇ, ਉਸ ਨੇ ਆਪਣੇ ਸਾਥੀਆਂ ਦਾ ਹੌਸਲਾ ਵਧਾਉਣ ਲਈ ਕਹੀ ਸੀ।

ਕਿਲੇ ਵਿਚ ਯੁਧ ਦੇ ਨਗਾਰੇ ਤੇ ਚੋਟ ਪਈ ਅਤੇ ਇਸ ਦੇ ਨਾਲ ਹੀ ਸਿੱਖਾਂ ਦੀਆਂ ਤੋਪਾਂ ਨੇ ਵਧੇ ਆ ਰਹੇ ਵੈਰੀ ਦਲ ਤੇ ਅੱਗ ਵਰਾਉਣੀ ਸ਼ਰ ਚਰ ਦਿਤੀ। ਇਸ ਨਾਲ ਇਕ ਵਾਰ ਉਸ ਵਿਚ ਖਲਬਲੀ ਜਿਹੀ ਮਚ ਗਈ, ਉਸ ਦੀ ਪੇਸ਼ ਕਦਮੀ ਰੁਕ ਗਈ ਅਤੇ ਉਹਨਾਂ ਵਿਚੋਂ ਬਹੁਤ ਸਾਰੇ ਮੈਦਾਨ ਛੱਡ ਕੇ ਏਧਰ ਓਧਰ ਖ਼ਿਸਕ ਗਏ।

ਕਹਿੰਦੇ ਹਨ ਮਾਂਗਵੀ ਧਾੜ ਲੜਿਆ ਨਹੀਂ ਕਰਦੀ, ਸ਼ਮਸਖਾਨ ਦਾ ਇਕੱਠਾ ਕੀਤਾ ਮੁਲਖਈਆ ਤਿਤਰ ਬਿਤਰ ਹੋ ਗਿਆ। ਪਰੰਤੂ ਇਸ ਦੇ ਨਾਲ ਹੀ ਹੋਰ ਸ਼ਾਹੀ ਫੌਜ ਉਸ ਦੀ ਸਹਾਇਤਾ ਲਈ ਪੁੱਜ ਗਈ। ਸਰਦਾਰ ਸ਼ਾਮ ਸਿੰਘ ਤੇ ਸੁਖਾ ਸਿੰਘ ਸਿੰਘਾਂ ਨੂੰ ਲੈ ਕੇ ਕਿਲੇ ਵਿਚੋਂ ਸ਼ੇਰਾਂ ਵਾਂਗ ਗਰਜਦੇ ਹੋਏ ਬਾਹਰ ਨਿਕਲ ਆਏ, ਸਾਰਾ ਦਿਨ ਘਮਸਾਨ ਦੀ ਲੜਾਈ ਹੁੰਦੀ ਰਹੀ। ਵੈਰੀ ਦਲ ਦੇ ਪੈਰ ਕਈ ਵਾਰ ਉਖੜੇ ਕਈ ਵਾਰ ਜੰਮੇ।

(ਚਲਦਾ...)

## ਜੇਲਾਂ ਅੰਦਰ ਡੱਕੇ ਲੋਕ

1. ਜੇਲਾਂ ਵਿਚ ਪੱਕੇ ਮੁਜਰਮਾਂ ਤੇ ਨਿਆਂ ਦੀ ਉਡੀਕ ਅਧੀਨ ਡੱਕੇ ਬੇਦੋਸ਼ੇ ਕੈਦੀਆਂ ਨੂੰ ਵੱਖੋ-ਵੱਖ ਰੱਖਣ ਦੀ ਲੋੜ ਹੈ।
2. ਅਪਰਾਧਿਕ ਕਾਨੂੰਨ ਪ੍ਰਣਾਲੀ ਵਿਚ ਤੇਜ਼ੀ ਲਿਆਉਣ ਦੀ ਲੋੜ ਹੈ।
3. ਕੈਦੀਆਂ ਨੂੰ ਕਮਾਈ ਦੇ ਨਵੇਂ ਵਸੀਲਿਆਂ ਬਾਰੇ ਜਾਣਕਾਰੀ ਦੇਣੀ ਤਾਂ ਜੋ ਕੈਦ 'ਚੋਂ ਬਾਹਰ ਨਿਕਲ ਕੇ ਕਿਰਤ ਕਰਨ ਵੱਲ ਉਨਾਂ ਦਾ ਝੁਕਾਓ ਹੋਵੇ।
4. ਕਸਰਤ, ਯੋਗ ਆਦਿ ਵੱਲ ਰੁਝਾਨ ਬਣਾਉਣਾ ਤਾਂ ਜੋ ਨਸ਼ਿਆਂ ਤੋਂ ਛੁਟਕਾਰਾ ਹੋ ਸਕੇ।
5. ਮਾਨਸਿਕ ਸਿਹਤ ਠੀਕ ਰੱਖਣ ਲਈ ਰੈਗੂਲਰ ਮਾਨਸਿਕ ਚੈੱਕਅਪ, ਮੈਡੀਟੇਸ਼ਨ, ਕਿਤਾਬਾਂ ਪੜਨ, ਉਸਾਰੂ ਲੇਖਣੀ ਆਦਿ ਵੱਲ ਧਿਆਨ ਕੀਤਾ ਜਾਵੇ।
6. ਜੇਲ ਅੰਦਰ ਲਾਇਬਰੇਰੀਆਂ ਵਿਚ ਬੈਠਣਾ ਲਾਜ਼ਮੀ ਹੋਵੇ। ਅੱਗੋਂ ਹੋਰ ਪੜਨ ਵੱਲ ਪ੍ਰੇਰਿਤ ਕੀਤਾ ਜਾਵੇ।
7. ਕਾਰੋਬਾਰ ਚਲਾਉਣ ਦੇ ਢੰਗ ਸਿਖਾਉਣੇ ਤਾਂ ਜੋ ਜੇਲ 'ਚੋਂ ਬਾਹਰ ਜਾ ਕੇ ਸੌਖਿਆਂ ਕਮਾਈ ਸ਼ੁਰੂ ਕੀਤੀ ਜਾ ਸਕੇ। ਜ਼ਿੰਦਗੀ ਨੂੰ ਵਧੀਆ ਢੰਗ ਨਾਲ ਜਿਊਣਾ ਸਿਖਾਇਆ ਜਾਵੇ।
8. ਪ੍ਰੇਰਣਾਦਾਇਕ ਫ਼ਿਲਮਾਂ, ਦੇਸ਼ ਭਗਤੀ ਵਾਲੇ ਕਿਰਦਾਰਾਂ ਅਤੇ ਸ਼ਹੀਦਾਂ ਦੀਆਂ ਜ਼ਿੰਦਗੀਆਂ ਵਿਚ ਝਾਤ ਮਾਰਵਾਈ ਜਾਵੇ।
9. ਸਭਿਆਚਾਰਕ ਪ੍ਰੋਗਰਾਮ ਰੈਗੂਲਰ ਤੌਰ ਉੱਤੇ ਹੋਣ।
10. ਕਾਰੀਗਰੀ ਤੇ ਹਸਤਕਲਾ ਸਿਖਾਈ ਜਾਵੇ।

**ਇਤਿਹਾਸ :-**

ਈਸਾ ਮਸੀਹ ਤੋਂ 1750 ਸਾਲ ਪਹਿਲਾਂ ਜੇਲਾਂ ਵਰਗੇ ਸੈੱਲਾਂ ਦਾ ਜ਼ਿਕਰ ਮਿਲਦਾ ਹੈ ਜਿੱਥੇ ਕਾਨੂੰਨ ਤੋੜਨ ਵਾਲੇ ਵੱਲੋਂ 'ਫਾਈਨ' ਦੀ ਰਕਮ ਨਾ ਭਰਨ ਪਿੱਛੇ ਡੱਕ ਦਿੱਤਾ ਜਾਂਦਾ ਸੀ। ਕਈ ਵਾਰ ਚੇਨ ਨਾਲ ਬੰਨ ਦਿੱਤਾ ਜਾਂਦਾ ਸੀ। ਰੋਮ ਵਿਚ ਪਹਿਲੀ ਵਾਰ ਅਜਿਹੀਆਂ ਸਜ਼ਾਵਾਂ ਦਾ ਜ਼ਿਕਰ ਮਿਲਦਾ ਹੈ। ਈਸਾ ਮਸੀਹ ਤੋਂ 640 ਸਾਲ ਪਹਿਲਾਂ ਦੀਆਂ ਕੁੱਝ ਜੇਲਾਂ, ਖ਼ਾਸ ਕਰ 'ਮੈਮਰਟੀਨ ਜੇਲ' ਸੀਵਰੇਜ ਵਾਲੇ ਗੰਦ ਵਿਚ ਬਣਾਈ ਗਈ ਸੀ। ਜੇਲ ਭਰ ਜਾਣ ਬਾਅਦ ਵਾਲੇ ਕੈਦੀਆਂ ਨੂੰ ਬੰਧੂਆ ਮਜ਼ਦੂਰੀ ਵੱਲ ਧੱਕ ਦਿੱਤਾ ਜਾਂਦਾ ਸੀ।

**ਸਾਰ :-**

ਪਹਿਲੇ ਸਮਿਆਂ ਵਿਚ ਜੁਰਮ ਕਰਨ ਉੱਤੇ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਫਿਰ ਹੌਲੀ-ਹੌਲੀ ਤਗੜੇ ਨੇ ਮਾੜੇ ਦੇ ਹੱਕ ਦੱਬਣ ਪਿੱਛੇ ਉਨਾਂ ਨੂੰ ਜੇਲਾਂ ਵਿਚ ਤੁੰਨਣਾ ਸ਼ੁਰੂ ਕਰ ਦਿੱਤਾ।

ਅੱਗੋਂ ਮਨੁੱਖੀ ਹੈਂਕੜ ਨੇ ਬਥੇਰੇ ਬੇਕਸੂਰਾਂ ਨੂੰ ਜੇਲਾਂ ਦੇ ਬਹਾਨੇ ਝੂਠੇ ਕੇਸਾਂ ਤਹਿਤ ਮਾਰ ਮੁਕਾਇਆ।

ਗੱਲ ਤਾਂ ਏਥੇ ਮੁੱਕਦੀ ਹੈ ਕਿ ਈਸਾ ਮਸੀਹ ਤੋਂ ਪਹਿਲਾਂ ਤੋਂ ਲੈ ਕੇ ਅੱਜ ਤੱਕ ਨਾ ਤਾਂ ਸਮਾਜ ਔਰਤਾਂ ਅਤੇ ਗ਼ਰਬਾਂ ਨੂੰ ਬਰਾਬਰ ਦੇ ਹੱਕ ਦੇ ਸਕਿਆ ਹੈ ਤੇ ਨਾ ਹੀ ਉਨਾਂ ਦੇ ਹੱਕਾਂ ਦੀ ਮੰਗ ਨੂੰ ਜਰ ਸਕਿਆ ਹੈ।

ਪੁਰਾਣੇ ਸਮਿਆਂ ਵਿਚ ਵੀ ਹੱਕ ਮੰਗਦੀਆਂ ਔਰਤਾਂ ਨੂੰ ਵਿਕਸਿਤ ਮੁਲਕਾਂ ਦਾ ਸੱਭਿਅਕ ਸਮਾਜ ਚੁੜੇਲਾਂ ਕਹਿ ਕੇ ਸਾੜ ਦਿੰਦਾ ਰਿਹਾ ਤੇ ਅੱਜ ਵੀ ਸੱਭਿਅਕ ਅਖਵਾਉਂਦਾ ਸਮਾਜ ਜੇਲੋਂ ਬਾਹਰ ਔਰਤ ਜ਼ਾਤ ਨੂੰ ਘਰੇਲੂ ਹਿੰਸਾ ਤੇ ਜਿਸਮਾਨੀ ਸ਼ੋਸ਼ਣ ਸਹਿਣ ਲਈ ਮਜਬੂਰ ਕਰਦਾ ਪਿਆ ਹੈ। ਜਿਹੜੀ ਔਰਤ ਆਵਾਜ਼ ਕੱਢੇ, ਉਸ ਨੂੰ ਜੇਲ ਅੰਦਰ ਡੱਕ ਕੇ ਸਮੂਹਕ ਬਲਾਤਕਾਰ ਦਾ ਸ਼ਿਕਾਰ ਬਣਾ ਦਿੱਤਾ ਜਾਂਦਾ ਹੈ ਜਾਂ ਅਣਮਨੁੱਖੀ ਤਸ਼ੱਦਦ ਅਤੇ ਮਾਨਸਿਕ ਸ਼ੋਸ਼ਣ ਤਹਿਤ ਮਾਨਸਿਕ ਰੋਗੀ ਬਣਾ ਦਿੱਤਾ ਜਾਂਦਾ ਹੈ।

ਇਹੋ ਹਾਲ ਹੱਕ ਮੰਗਦੇ ਗ਼ਰੀਬਾਂ ਦਾ ਕੀਤਾ ਜਾਂਦਾ ਹੈ।

ਚੇਤੇ ਰੱਖਣ ਵਾਲੀ ਸਿਰਫ਼ ਇਹ ਗੱਲ ਹੈ ਕਿ ਘੱਟ ਗਿਣਤੀ ਕੌਮਾਂ ਵਿਚਲੇ ਅਤੇ ਹੱਕ ਮੰਗਦੇ ਕ੍ਰਾਂਤੀਕਾਰੀ ਜੋਧਿਆਂ ਨੂੰ ਜੇਲਾਂ, ਫਾਂਸੀਆਂ ਜਾਂ ਅਣਪਛਾਤੀਆਂ ਲਾਸ਼ਾਂ ਬਣਨਾ ਹੀ ਹਾਲੇ ਤੱਕ ਨਸੀਬ ਹੋਇਆ ਹੈ। ਦੂਜੇ ਪਾਸੇ, ਜੁਰਮ ਕਰਨ ਵਾਲੇ ਤਾਕਤਵਰਾਂ ਨੂੰ ਭਾਰਤ ਦੇ ਸੁਪਰੀਮ ਕੋਰਟ ਅਨੁਸਾਰ ਮੈਂਬਰ ਪਾਰਲੀਮੈਂਟ ਜਾਂ ਐਮ. ਐਲ.ਏ. ਬਣ ਕੇ ਕਤਲ ਕਰਨ ਬਾਅਦ ਵੀ 36 ਸਾਲਾਂ ਤਕ ਆਜ਼ਾਦ ਘੁੰਮਣ ਅਤੇ ਰਾਜ ਕਰਨ ਦੀ ਖੁੱਲ ਦਿੱਤੀ ਜਾਂਦੀ ਹੈ। ਫਿਰ ਇਹੀ ਤਾਕਤਵਰ ਆਪਣੀ ਅਗਲੀ ਚੋਣ ਵੇਲੇ ਅਣਪਛਾਤੀਆਂ ਲਾਸ਼ਾਂ ਅਤੇ ਫਾਂਸੀਆਂ ਉੱਤੇ ਟੰਗੇ ਕ੍ਰਾਂਤੀਕਾਰੀਆਂ ਦੀ ਦੁਹਾਈ ਦੇ ਕੇ ਦੁਬਾਰਾ ਆਪਣੀ ਜਿੱਤ ਪੱਕੀ ਕਰ ਲੈਂਦੇ ਹਨ। ਇਹੀ ਕੰਮ ਫਿਰ ਉਨਾਂ ਦੀ ਅਗਲੀ ਪੁਸ਼ਤ ਸਾਂਭ ਲੈਂਦੀ ਹੈ। ਇਹ ਚੱਕਰਵਿਊ ਕਈ ਸਦੀਆਂ ਤੋਂ ਤੁਰਦਾ ਆ ਰਿਹਾ ਹੈ। ਨਾ ਕ੍ਰਾਂਤੀਕਾਰੀ ਮੁੱਕੇ ਤੇ ਨਾ ਅਣਪਛਾਤੀਆਂ ਲਾਸ਼ਾਂ ਅਤੇ ਨਾ ਹੀ ਆਮ ਜਨਤਾ ਉੱਤੇ ਹੋ ਰਿਹਾ ਤਸ਼ੱਦਦ ਘਟਿਆ।

ਸਵਾਲ ਇਹ ਹੈ ਕਿ ਆਖ਼ਰ ਕਿਹੜੀ ਸਦੀ ਵਿਚ ਕ੍ਰਾਂਤੀਕਾਰੀਆਂ ਹੱਥ ਤਾਕਤ ਆਵੇਗੀ ਤੇ ਹੱਕ ਮੰਗਦੀ ਜਨਤਾ ਕਾਤਲਾਂ ਨੂੰ ਵੋਟਾਂ ਪਾਉਣੀਆਂ ਛੱਡ ਕੇ ਆਪਣੇ ਵਿੱਚੋਂ ਕੋਈ ਸਹੀ ਨੁਮਾਇੰਦਾ ਚੁਣੇਗੀ ?

ਜੇਲਾਂ ਅੰਦਰ ਸਰੀਰਕ ਪੱਖੋਂ ਤੇ ਜੇਲੋਂ ਬਾਹਰ ਮਾਨਸਿਕ ਪੱਖੋਂ ਸੰਗਲਾਂ ਵਿਚ ਜਕੜੀ ਆਮ ਜਨਤਾ ਤਾਂ ਕੈਦ ਵਿਚ ਹੀ ਜ਼ਿੰਦਗੀ ਲੰਘਾ ਰਹੀ ਹੈ। ਵੇਖੀਏ ਹੁਣ ਕਿਹੜੀ ਸਦੀ ਵਿਚ ਇਹ ਕੈਦ ਮੁੱਕੇਗੀ !

ਕੀ ਕੋਈ ਜਵਾਬ ਦੇਣਾ ਚਾਹੇਗਾ ਕਿ ਸਜ਼ਾਵਾਂ ਪੂਰੀਆਂ ਭੁਗਤਣ ਤੋਂ ਦੁੱਗਣੇ ਸਮੇਂ ਬਾਅਦ ਤੱਕ ਵੀ ਜੇਲਾਂ ਅੰਦਰ ਤਾੜੇ ਉਹ ਕੈਦੀ, ਜਿਨਾਂ ਦੀ ਪਛਾਣ 'ਸਿੱਖ' ਹੋਣ ਨਾਲ ਜੁੜੀ ਹੈ, ਰਿਹਾਅ ਕਿਉਂ ਨਹੀਂ ਕੀਤੇ ਜਾ ਰਹੇ ?

## ਯੂ.ਪੀ. ਦੇ ਦਲਿਤ...

20 ਜੁਲਾਈ ਨੂੰ ਭਾਰਤੀ ਮਹਿਲਾ ਸੁਰੱਖਿਆ ਸੰਘ ਦੀ ਪ੍ਰਧਾਨ ਪ੍ਰਿਯੰਕਾ ਵਰੁਣ ਨੇ ਆਈਜੀ ਦੇ ਦਫਤਰ ਦਾ ਘਿਰਾਓ ਕੀਤਾ ਅਤੇ ਤਦ ਉਨਾਂ ਲੋਕਾਂ ਨੂੰ ਗ੍ਰਿਫਤਾਰ ਕੀਤਾ', ਸੁਨੀਲ ਨੇ ਕਿਹਾ , 'ਸਾਨੂੰ ਕੱਲ ਸੂਚਿਤ ਕੀਤਾ ਗਿਆ ਸੀ ਕਿ ਠਾਕੁਰ ਵੱਡੀ ਪੰਚਾਇਤ ਕਰਨ ਜਾ ਰਹੇ ਹਨ। ਜਦੋਂ ਪੁਲਿਸ ਨੂੰ ਵੀ ਇਹ ਜਾਣਕਾਰੀ ਮਿਲੀ, ਵੱਡੀ ਗਿਣਤੀ ਵਿੱਚ ਪੁਲਿਸ ਪਿੰਡ ਪਹੁੰਚੀ ਜਿਸ ਕਾਰਨ ਪੰਚਾਇਤ ਮੁਲਤਵੀ ਕਰ ਦਿੱਤੀ ਗਈ। ਰਾਜ ਵਿਚ ਦਲਿਤਾਂ 'ਤੇ ਠਾਕੁਰਾਂ ਦੀ ਹਿੰਸਾ ਸ਼ਮਸ਼ਾਨਘਾਟ ਤੱਕ ਫੈਲ ਗਈ ਹੈ। ਆਗਰਾ ਜ਼ਿਲੇ ਦੇ ਪਿੰਡ ਰਾਏਭਾ ਵਿਖੇ ਵਾਪਰੀ ਇੱਕ ਘਟਨਾ ਵਿੱਚ, ਠਾਕੁਰਾਂ ਨੇ ਨਟ ਸਮਾਜ ਦੀ ਇੱਕ ਔਰਤ ਨੂੰ ਪਿੰਡ ਦੇ ਸ਼ਮਸ਼ਾਨਘਾਟ ਵਿੱਚ ਸਸਕਾਰ ਦੀ ਆਗਿਆ ਨਹੀਂ ਦਿੱਤੀ। 20 ਜੁਲਾਈ ਨੂੰ ਰਾਹੁਲ ਸਿੰਘ ਦੀ ਪਤਨੀ ਪੂਜਾ ਸਿੰਘ ਦੀ ਲੰਬੀ ਬਿਮਾਰੀ ਤੋਂ ਬਾਅਦ ਮੌਤ ਹੋ ਗਈ । 21 ਜੁਲਾਈ ਨੂੰ ਪੂਜਾ ਦੇ ਪਰਿਵਾਰਕ ਮੈਂਬਰ ਉਸਦੀ ਅਰਥੀ ਲੈ ਕੇ ਨੇੜੇ ਦੇ ਸ਼ਮਸ਼ਾਨਘਾਟ ਚਲੇ ਗਏ। ਜਦੋਂ ਪੂਜਾ ਦਾ ਛੇ ਸਾਲ ਦਾ ਵੱਡਾ ਬੇਟਾ ਦੇਹ ਨੂੰ ਅੱਗ ਲਾਉਣ ਜਾ ਰਿਹਾ ਸੀ, ਤਾਂ ਨਗਲਾ ਪੁਰਾਣਾ ਪਿੰਡ ਦੇ 80 ਠਾਕੁਰ ਉਥੇ ਆ ਗਏ ਅਤੇ ਉਨਾਂ ਨੇ ਸਸਕਾਰ ਨਹੀਂ ਕਰਨ ਦਿੱਤਾ। ਉਥੇ ਮੌਜੂਦ ਦਲਿਤਾਂ ਨੇ ਪੁਲਿਸ ਨੂੰ ਬੁਲਾਇਆ ਪਰ ਠਾਕੁਰਾਂ ਨੇ ਪੁਲਿਸ ਦੀ ਇੱਕ ਵੀ ਨਹੀਂ ਸੁਣੀ ਅਤੇ ਅਰਥੀ ਨੂੰ ਚਿਤਾ ਤੋਂ ਹੇਠਾਂ ਉਤਾਰਨਾ ਪਿਆ। ਸੌਦਾਨ ਨੇ ਕਿਹਾ, ਅਸੀਂ ਆਪਣੀ ਜਾਤੀ ਦੇ ਸ਼ਮਸ਼ਾਨਘਾਟ ਪਿੰਡ ਤੋਂ ਚਾਰ ਕਿਲੋਮੀਟਰ ਦੂਰ ਨਾਗਲਾ ਲਾਲ ਦਾਸ ਦਾ ਸਸਕਾਰ ਕਰ ਦਿਤਾ । ਸੌਦਨ ਸਿੰਘ ਨੇ ਦੱਸਿਆ, ਅਸੀਂ ਕਿਸੇ ਦੇ ਖ਼ਿਲਾਫ਼ ਕੋਈ ਸ਼ਿਕਾਇਤ ਨਹੀਂ ਕੀਤੀ, ਕਿਉਂਕਿ ਅਸੀਂ ਸਾਰੇ ਰੋਜ਼ਾਨਾ ਦਿਹਾੜੀ 'ਤੇ ਕੰਮ ਕਰਦੇ ਹਾਂ ਅਤੇ ਸਾਨੂੰ ਇੱਥੇ ਰਹਿਣਾ ਪੈਣਾ ਹੈ। ਅਸੀਂ ਨਿਤਾਣੇ ਠਾਕੁਰਾਂ ਨਾਲ ਕਿਵੇਂ ਵਿਗਾੜੀਏ।

ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਅਤੇ ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਨੇ ਵੀ ਟਵੀਟ ਕਰਕੇ ਇਸ ਘਟਨਾ ਨੂੰ ਬਹੁਤ ਸ਼ਰਮਨਾਕ, ਬਹੁਤ ਨਿੰਦਣਯੋਗ ਦੱਸਿਆ ਹੈ।

## ਮੋਦੀ ਸਰਕਾਰ ਵੱਲੋਂ ਰਾਜ...

ਫਿਰ ਵੀ ਅੱਜ ਦੇ ਅਤਿ ਆਧੁਨਿਕ ਮਸ਼ੀਨੀ ਜੁੱਗ ਵਿੱਚ ਮਜ਼ਦੂਰ ਅਤੇ ਕਿਸਾਨ ਇੱਕ ਦੂਜੇ ਦੇ ਪੂਰਕ ਬਣੇ ਹੋਏ ਹਨ। ਕਿਸਾਨ ਦੀ ਆਰਥਿਕਤਾ ਤਬਾਹ ਕਰਨ ਵਾਲੇ ਬਿਲਾਂ ਦਾ ਅਸਰ ਕਿਸਾਨ,ਮਜ਼ਦੂਰ,ਵਿਉਪਾਰੀ,ਆੜਤੀਏ, ਦੁਕਾਨਦਾਰਾਂ ਭਾਵ ਹਰ ਵਰਗ ਨੂੰ ਪ੍ਰਭਾਵਤ ਕਰੇਗਾ। ਪੰਜਾਬ ਵਿੱਚ 154 ਸ਼ਹਿਰੀ ਮੰਡੀਆਂ ਅਤੇ 4000 ਖ੍ਰੀਦ ਕੇਂਦਰ ਹਨ,ਜਿੱਥੇ ਤਕਰੀਬਨ 32000 ਆੜਤੀਏ ਕੰਮ ਕਰਦੇ ਹਨ। ਜਿੰਨਾਂ ਨੂੰ ਕਮਿਸ਼ਨ ਦੇ ਰੂਪ ਵਿੱਚ ਮਿਲਦੇ 2.5 % ਕਮਿਸ਼ਨ ਮੁਤਾਬਕ ਹਰ ਸਾਲ ਤਕਰੀਬਨ 1500 ਕਰੋੜ ਰੁਪਏ. ਦੀ ਆਮਦਨ ਹੁੰਦੀ ਹੈ ਅਤੇ ਹਰ ਆੜਤੀਏ ਕੋਲ ਅੱਠ ਤੋ ਦਸ ਜਾਂ ਇਸ ਤੋਂ ਵੱਧ ਗਿਣਤੀ ਵਿੱਚ ਮਜ਼ਦੂਰ ਵੀ ਹੁੰਦੇ ਹਨ,ਜਿੰਨਾ ਦੀ ਗਿਣਤੀ ਲੱਖਾਂ ਵਿਚ ਬਣਦੀ ਹੈ, ਉਹਨਾਂ ਦੇ ਚੁੱਲਿਆਂ ਵਿੱਚ ਵੀ ਅੱਗ ਬਲਣ ਦੇ ਆਸਾਰ ਮੱਧਮ ਪੈ ਗਏ ਹਨ। ਇਹ ਸਪੱਸ਼ਟ ਹੈ ਕਿ ਇਨਾਂ ਆਰਡੀਨੈਂਸਾਂ (ਬਿਲਾਂ) ਦੇ ਦੋਨਾਂ ਸਦਨਾਂ ਵਿੱਚ ਪਾਸ ਹੋਣ ਨਾਲ ਹੁਣ ਸਮੁੱਚਾ ਖੇਤੀ ਢਾਂਚਾ ਹੀ ਬਦਲ ਦਿੱਤਾ ਜਾਵੇਗਾ। ਖ੍ਰੀਦ ਪ੍ਰਣਾਲੀ ਬਦਲ ਕੇ ਮੁਨਾਫਾਖੋਰ ਵਪਾਰੀਆਂ ਦੇ ਹਵਾਲੇ ਕਰ ਦਿੱਤੀ ਜਾਵੇਗੀ । ਬਾਬਾ ਬੰਦਾ ਸਿੰਘ ਬਹਾਦਰ ਦੇ ਕਿਸਾਨਾਂ ਨੂੰ ਦਿੱਤੇ ਮਾਲਕੀ ਦੇ ਹੱਕ ਖੋਹਣ ਦੀਆਂ ਸਰਮਾਏਦਾਰ ਜਮਾਤ ਦੀਆਂ ਬਹੁਤ ਗਹਿਰੀਆਂ ਸਾਜ਼ਿਸ਼ਾਂ ਹਨ,ਜਿੰ ਨਾਂ ਨੂੰ ਸਮਝ ਕੇ ਆਪਣੀ ਹੋਂਦ ਬਚਾਉਣ ਦੀ ਲੜਾਈ ਸ ਮੇਂ ਦੀ ਮੁੱਖ ਲੋੜ ਬਣ ਗਈ ਹੈ। ਕਹਿਣ ਤੋਂ ਭਾਵ ਹੈ ਕਿ ਹੁਣ ਹਰ ਵਰਗ ਨੂੰ ਕਿਸਾਨੀ ਘੋਲ ਵਿਚ ਆਪਣਾ ਯੋਗਦਾਨ ਪਾਉਣਾ ਪਹਿਲਾ ਫਰਜ਼ ਸਮਝਣਾ ਚਾਹੀਦਾ ਹੈ , ਤਾਂ ਕਿ ਜਿੱਥੇ ਲੋਕਾਂ ਦੀ ਇੱਕਜੁੱਟਤਾ ਨਾਲ ਸਰਮਾਏਦਾਰੀ ਦੀ ਰਖੇਲ ਬਣੀ ਕੇਂਦਰ ਸਰਕਾਰ ਨੂੰ ਲੋਕ ਮਾਰੂ ਨੀਤੀਆਂ ਬਾਰੇ ਮੁੜ ਵਿਚਾਰ ਕਰਨ ਲਈ ਮਜਬੂਰ ਕੀਤਾ ਜਾ ਸਕਦਾ ਹੈ, ਓਥੇ ਸੂਬੇ ਅੰਦਰ ਦੋਹਰੇ ਮਾਪਦੰਡ ਅਪਨਾਉਣ ਵਾਲੀਆਂ ਸਿਆਸੀ ਧਿਰਾਂ ਦੀ ਸ਼ਨਾਖਤ ਕਰਕੇ ਉਹਨਾਂ ਨਾਲੋਂ ਮੁਕੰਮਲ ਨਿਖੇੜਾ ਕਰਨ ਵੱਲ ਵੀ ਤੁਰਿਆ ਜਾ ਸਕਦਾ ਹੈ ਅਤੇ ਕਿਰਤੀ ਕਿਸਾਨਾਂ ਦੀ ਇਹ ਪਵਿੱਤਰ ਸਾਂਝ ਦਾ ਏਕਾ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਪੰਜਾਬ ਦੀ ਕਿਸਮਤ ਬਦਲਣ ਵਿੱਚ ਮੁੱਖ ਤੌਰ 'ਤੇ ਸਹਾਈ ਹੋ ਸਕਦੀ ਹੈ।

**ਆਖਰ ਮੋਦੀ ਦੇ ਨਵੇਂ ਕਾਨੂੰਨਾਂ ਤੋਂ ਕਿਉਂ ਡਰ ਰਹੇ ਕਿਸਾਨ ?**

ਪੰਜਾਬ ਦੇ ਕਈ ਹਿੱਸਿਆਂ ਅੰਦਰ ਮੰਡੀਆਂ ਵਿੱਚ ਅਗੇਤਾ ਝੋਨਾ ਆਉਣਾ ਸ਼ੁਰੂ ਹੋ ਗਿਆ ਹੈ। ਝੋਨੇ ਦੀ ਕਿਸਮ-1509 ਦਾ ਪਿਛਲੇ ਸਾਲ 2700 ਰੁਪਏ ਪ੍ਰਤੀ ਕੁਇੰਟਲ ਤੱਕ ਭਾਅ ਮਿਲ ਰਿਹਾ ਸੀ, ਇਸੇ ਕਿਸਮ ਦਾ ਮੌਜੂਦਾ ਸੀਜ਼ਨ ਵਿੱਚ ਭਾਅ 1600-2225 ਰੁਪਏ ਪ੍ਰਤੀ ਕੁਇੰਟਲ ਤੱਕ ਹੀ ਜਾ ਸਕਿਆ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਮੰਡੀ ਵਿੱਚ ਬਾਸਮਤੀ ਦੀ ਇਸ ਕਿਸਮ ਦੀ ਖ਼ਰੀਦ ਸਰਕਾਰੀ ਨਹੀਂ ਹੈ। ਪ੍ਰਾਈਵੇਟ ਕੰਪਨੀਆਂ ਜਾਂ ਫਿਰ ਸ਼ੈਲਰਾਂ ਵਾਲੇ ਹੀ ਖ਼ਰੀਦ ਕਰਦੇ ਹਨ। ਇਸ ਵੇਲੇ ਵੱਧ ਤੋਂ ਵੱਧ ਭਾਅ 2212 ਰੁਪਏ ਪ੍ਰਤੀ ਕੁਇੰਟਲ ਹੈ ਜਿਹੜਾ ਪਿਛਲੇ ਸਾਲ 2700 ਰੁਪਏ ਤੱਕ ਗਿਆ ਸੀ। ਮਾਲਵਾ ਪੱਟੀ ਵਿੱਚ ਕਿਸਾਨਾਂ ਦਾ ਨਰਮਾ ਵਪਾਰੀ ਮਿੱਟੀ ਦੇ ਭਾਅ ਖਰੀਦ ਰਹੇ ਹਨ। ਵਪਾਰੀ ਨਰਮੇ ਦਾ ਭਾਅ 3500 ਤੋਂ ਲੈ ਕੇ 4500 ਰੁਪਏ ਪ੍ਰਤੀ ਕੁਇੰਟਲ ਦੇ ਰਹੇ ਹਨ ਜਦੋਂਕਿ ਲੰਮੇ ਰੇਸ਼ੇ ਵਾਲੇ ਨਰਮੇ ਦਾ ਸਰਕਾਰੀ ਭਾਅ 5825 ਰੁਪਏ ਤੇ ਦਰਮਿਆਨੇ ਰੇਸ਼ੇ ਵਾਲੇ ਨਰਮੇ ਦਾ ਸਰਕਾਰੀ ਭਾਅ 5515 ਰੁਪਏ ਹੈ। ਬੇਸ਼ੱਕ ਕੇਂਦਰ ਸਰਕਾਰ ਨੇ ਐਤਕੀਂ ਨਰਮੇ ਦੇ ਭਾਅ ਵਿੱਚ 260 ਤੋਂ 275 ਰੁਪਏ ਦਾ ਪ੍ਰਤੀ ਕੁਇੰਟਲ ਵਾਧਾ ਕੀਤਾ ਹੈ ਪਰ ਕਿਸਾਨਾਂ ਦੇ ਪੱਲੇ ਕੁਝ ਨਹੀਂ ਪੈ ਰਿਹਾ।ਮੀਡੀਆ ਰਿਪੋਰਟਾਂ ਮੁਤਾਬਕ ਪੰਜਾਬ ਦੀ ਨਰਮਾ ਪੱਟੀ 'ਚ ਤਕਰੀਬਨ 7000 ਕੁਇੰਟਲ ਨਰਮਾ ਵਪਾਰੀਆਂ ਨੇ ਮਿੱਟੀ ਦੇ ਭਾਅ ਖਰੀਦਿਆ ਹੈ। ਕਿਸਾਨਾਂ ਨੂੰ ਨਰਮੇ ਦਾ ਘੱਟੋ ਘੱਟ ਸਮਰਥਨ ਭਾਅ ਨਹੀਂ ਮਿਲ ਰਿਹਾ। ਪੰਜਾਬ ਮੰਡੀ ਬੋਰਡ ਦੇ ਅੰਕੜਿਆਂ ਮੁਤਾਬਕ ਪੰਜਾਬ ਦੀਆਂ ਨਰਮਾ ਮੰਡੀਆਂ ਵਿੱਚ 6859 ਕੁਇੰਟਲ ਨਰਮਾ ਵਿਕਿਆ ਜੋ ਘੱਟੋ-ਘੱਟ ਸਮਰਥਨ ਮੁੱਲ ਦੇ ਯੋਗ ਨਹੀਂ ਸਮਝਿਆ ਗਿਆ। ਪੰਜਾਬ ਦੇ ਦੁਆਬਾ ਖੇਤਰ ਵਿੱਚ ਮੱਕੀ ਦੀ ਕਾਫੀ ਕਾਸ਼ਤ ਹੁੰਦੀ ਹੈ। ਇਸ ਵਾਰ ਕਿਸਾਨਾਂ ਦੀ ਮੱਕੀ 650 ਤੋਂ ਲੈ ਕੇ 950 ਰੁਪਏ ਪ੍ਰਤੀ ਕੁਇੰਟਲ ਤੱਕ ਹੀ ਵਿਕ ਰਹੀ ਹੈ ਜਦੋਂਕਿ ਮੱਕੀ ਦਾ ਘੱਟੋ ਘੱਟ ਸਮਰਥਨ ਮੁੱਲ 1850 ਰੁਪਏ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਸਰਕਾਰੀ ਖ਼ਰੀਦ ਨਾ ਹੋਣ ਕਰਕੇ ਖ਼ਰੀਦਦਾਰ ਮਰਜ਼ੀ ਦੇ ਭਾਅ ਫ਼ਸਲ ਚੁੱਕ ਰਹੇ ਹਨ। ਇਸ ਕਰਕੇ ਕਈ ਲਾਗਤ ਵੀ ਨਹੀਂ ਨਿਕਲ ਰਹੀ। ਪਿਛਲੇ ਸਾਲ ਦੋ-ਢਾਈ ਹਜ਼ਾਰ ਰੁਪਏ ਪ੍ਰਤੀ ਕੁਇੰਟਲ ਤੱਕ ਮੱਕੀ ਵੇਚਣ ਵਾਲੇ ਕਿਸਾਨ ਪ੍ਰਤੀ ਕੁਇੰਟਲ ਇੱਕ ਹਜ਼ਾਰ ਰੁਪਏ ਵੀ ਨਹੀਂ ਵੱਟ ਰਹੇ। ਘੱਟ ਦਾ ਭਾਅ ਦਾ ਕਾਰਨ ਫਸਲ ਵਿੱਚ ਨਮੀ ਦੀ ਵੱਧ ਮਾਤਰਾ ਦੱਸਿਆ ਜਾ ਰਿਹਾ ਹੈ। ਕਿਸਾਨਾਂ ਮੁਤਾਬਕ ਉਨਾਂ ਕੋਲ ਮੱਕੀ ਸੁਕਾਉਣ ਜਾਂ ਸਟੋਰ ਕਰਨ ਦੇ ਸਾਧਨ ਨਹੀਂ। ਪੈਸੇ ਦੀ ਤੁਰੰਤ ਲੋੜ ਹੋਣ ਕਾਰਨ ਉਨਾਂ ਨੂੰ ਫ਼ਸਲ ਕਿਸੇ ਵੀ ਭਾਅ ਵੇਚਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਇਸ ਬਾਰੇ ਆੜਤੀਆਂ ਦਾ ਤਰਕ ਹੈ ਕਿ ਕੌਮੀ ਤੇ ਕੌਮਾਂਤਰੀ ਬਾਜ਼ਾਰ ਵਿੱਚ ਮੱਕੀ ਦੀ ਮੰਗ ਕਰੋਨਾ ਕਰਕੇ ਘੱਟ ਹੋਣ ਕਾਰਨ ਭਾਅ ਡਿੱਗ ਪਏ ਹਨ। ਉਨਾਂ ਦੱਸਿਆ ਕਿ ਸਟਾਰਚ, ਗੁਲੂਕੋਜ਼, ਬੀਅਰ ਤੇ ਹੋਰ ਕੈਮੀਕਲ ਫ਼ੈਕਟਰੀਆਂ ਬੰਦ ਹੋਣ ਕਾਰਨ ਵੀ ਮੱਕੀ ਦੀ ਲਾਗਤ ਘਟ ਗਈ ਹੈ।ਖੇਤੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਕਾਨੂੰਨ ਕਾਰਪੋਰੇਟ ਘਰਾਣਿਆਂ ਨੂੰ ਪੂਰੀ ਖੁੱਲ ਦੇ ਦੇਣਗੇ। ਦੇਸ਼ ਦੇ 80 ਫੀਸਦੀ ਕਿਸਾਨ ਵੱਡੀਆਂ ਕੰਪਨੀਆਂ ਨਾਲ ਕਰਾਰ ਕਰਨ ਦੀ ਸਮਰੱਥਾ ਨਹੀਂ ਰੱਖਦੇ। ਇਸ ਲਈ ਕਿਸਾਨਾਂ ਦਾ ਡਰ ਜਾਇਜ਼ ਹੈ ਕਿਉਂਕਿ ਜੇ ਕਾਨੂੰਨ ਲਾਗੂ ਹੋਣ ਤੋਂ ਪਹਿਲਾਂ ਕਿਸਾਨਾਂ ਦੀ ਲੁੱਟ ਹੋਰ ਰਹੀ ਹੈ ਤਾਂ ਜਦੋਂ ਕਾਨੂੰਨ ਵਪਾਰੀਆਂ ਦੇ ਪੱਖ ਵਿੱਚ ਹੋਏਗਾ, ਉਸ ਵੇਲੇ ਦੇ ਹਾਲਾਤ ਕੀ ਹੋਣਗੇ।

**ਸੁਪਰੀਮ ਕੋਰਟ 'ਚ ਚੁਣੌਤੀ ਲਈ ਕਾਨੂੰਨੀ ਸਲਾਹ ਮਸ਼ਵਰਾ ਸ਼ੁਰੂ**

ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਜਿਉਂ ਹੀ ਖੇਤੀ ਕਾਨੂੰਨ ਹੋਂਦ ਵਿੱਚ ਆਉਣਗੇ, ਉਦੋਂ ਹੀ ਉਨਾਂ ਨੂੰ ਸੁਪਰੀਮ ਵਿੱਚ ਚੁਣੌਤੀ ਦਿਆਂਗੇ, ਜਿਸ ਬਾਰੇ ਕਾਨੂੰਨੀ ਸਲਾਹ ਮਸ਼ਵਰੇ ਲਏ ਜਾ ਰਹੇ ਹਨ। ਉਨਾਂ ਦੱਸਿਆ ਕਿ ਉਹ ਇਸ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕਰਨਗੇ ਅਤੇ ਰਣਨੀਤੀ ਤਿਆਰ ਕੀਤੀ ਜਾਵੇਗੀ। ਉਨਾਂ ਦੱਸਿਆ ਕਿ ਪਹਿਲੀ ਤਰਜੀਹ ਇਨਾਂ ਕਾਨੂੰਨਾਂ ਬਾਰੇ ਸੁਪਰੀਮ ਕੋਰਟ ਵਿਚ ਚਾਰਾਜੋਈ ਕਰਨ ਦੀ ਹੋਵੇਗੀ। ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਟਵੀਟ ਕਰਕੇ ਕੇਂਦਰ ਸਰਕਾਰ ਅੱਗੇ ਸੁਆਲ ਖੜੇ ਕੀਤੇ ਹਨ ਕਿ ਕੇਂਦਰ ਬਿਨਾਂ ਕਿਸੇ ਕਾਨੂੰਨ ਤੋਂ ਕਾਰਪੋਰੇਟ ਕੋਲੋਂ ਕਿਸਾਨਾਂ ਨੂੰ ਜਿਣਸਾਂ ਦੇ ਸਰਕਾਰੀ ਭਾਅ ਦਿਵਾਉਣਾ ਕਿਵੇਂ ਯਕੀਨੀ ਬਣਾਏਗੀ। ਉਨਾਂ ਕਿਹਾ ਕਿ ਘੱਟੋ ਘੱਟ ਸਮਰਥਨ ਮੁੱਲ ਨੂੰ ਕਾਨੂੰਨੀ ਅਧਿਕਾਰ ਬਣਾਓ ਤਾਂ ਹੀ ਕਿਸਾਨੀ ਹਿੱਤ ਸੁਰੱਖਿਅਤ ਹੋ ਸਕਦੇ ਹਨ। ਉਨਾਂ ਆਖਿਆ ਕਿ ਇਨਾਂ ਖੇਤੀ ਬਿੱਲਾਂ ਵਿੱਚ ਕਿਸਾਨੀ ਹਿੱਤਾਂ ਦੀ ਸੁਰੱਖਿਆ ਦੀ ਵਿਵਸਥਾ ਨਹੀਂ ਹੈ।



## ਸਾਮਰਾਜ, ਪੂੰਜੀਵਾਦ ਅਤੇ...

ਇਹੀ ਬਿਮਾਰ ਮਨ ਅਜੋਕੇ ਮਨੁਖੀ ਸਮਾਜ ਨੂੰ ਚੰਬੜੀਆਂ ਹੋਈਆਂ ਸਾਰੀਆਂ ਖਤਰਨਾਕ ਅਲਾਮਤਾਂ ਦਾ ਜਨਕ ਹੈ। ਤਰਕਸੰਗਤ ਮਨੁਖੀ ਲੋੜਾਂ ਉਤੇ ਆਧਾਰਿਤ ਇਕ ਮਾਨਵਵਾਦੀ ਸਮਾਜ ਦੀ ਧਾਰਾ ਅਤੇ ਨਿਰੋਲ ਮਾਨਸਿਕ ਕਲਪਨਾ ਉਤੇ ਆਧਾਰਿਤ ਸਾਮਰਾਜੀ ਖਪਤਕਾਰੀ ਦੀ ਹਵਸ ਦੇ ਮਾਰੇ ਮਨੋਰੋਗੀ ਸਮਾਜ ਦੀ ਧਾਰਾ ਵਿਚਕਾਰ ਅਜ ਇਕ ਜ਼ਬਰਦਸਤ ਟੱਕਰ ਚਲ ਰਹੀ ਹੈ। ਖਤਰਾ ਇਸ ਗੱਲ ਦਾ ਹੈ ਕਿ ਜੇ ਕੁਦਰਤ ਭਾਵ ਮਾਨਵਤਾਵਾਦੀ ਸਮਾਜ ਦੀ ਧਾਰਾ ਭਾਰੂ ਨਾ ਹੋਈ ਤਾਂ ਨਿਰੋਲ ਮਾਨਸਿਕ ਕਲਪਨਾ ਉਤੇ ਆਧਾਰਿਤ ਸਾਮਰਾਜੀ ਰਾਜਪ੍ਰਬੰਧ ਸਗਲ ਸੰਸਾਰ ਨੂੰ ਤੀਜੀ ਸਾਮਰਾਜੀ ਜੰਗ ਵੱਲ ਧਕ ਦੇਵੇਗਾ, ਜਿਹੜੀ ਲਾਜ਼ਮੀ ਹੀ ਪ੍ਰਮਾਣੂ ਜੰਗ ਹੋਵੇਗੀ ਅਤੇ ਸਮੁਚੇ ਜਗਤ ਦੀ ਤਬਾਹੀ ਦਾ ਕਾਰਨ ਬਣੇਗੀ।

ਅਜੋਕੀ ਮਨੁਖੀ ਮਾਨਸਿਕਤਾ ਕਿੰਨੀ ਕੁ ਬਿਮਾਰ ਹੈ, ਇਸ ਦਾ ਇਕ ਮੋਟਾ ਜਿਹਾ ਅੰਦਾਜਾ ਸਿਰਫ ਇਸ ਇਕ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਅੱਜ ਮਨੁਖੀ ਜਾਣਕਾਰੀ ਦੇ ਆਏ ਹੜ ਦੇ ਪ੍ਰਚਾਰੇ ਜਾਂਦੇ ਸੋਮੇ ਇੰਟਰਨੈਟ ਦੀ ਸਕਰੀਨ ਉਤੇ ਚਾਰ ਕਰੋੜ ਕਾਮ-ਭੜਕਾਊ ਵੈਬਸਾਈਟਾਂ ਮੌਜੂਦ ਹਨ। ਇਹ ਜਾਣਕਾਰੀ ਭਾਰਤ ਸਰਕਾਰ ਨੇ ਦੇਸ ਦੀ ਸਰਬਉਚ ਅਦਾਲਤ ਸੁਪਰੀਮ ਕੋਰਟ ਨੂੰ ਦਿਤੀ ਹੈ। ਇਸ ਮਨੋਰੋਗ ਦਾ ਇਕ ਹੋਰ ਸਬੂਤ ਅੰਗਰੇਜ਼ੀ ਦੇ ਸਭ ਤੋਂ ਵਡੇ ਅਖਬਾਰ 'ਟਾਈਮਜ਼ ਆਫ ਇੰਡੀਆ' ਦਾ ਆਪਣੇ ਮੁਖ ਲੇਖਾਂ ਵਿਚ ਸਮਲਿੰਗਕਤਾ ਦੀ ਵਕਾਲਤ ਕਰਨਾ ਅਤੇ ਇਸ ਨੂੰ ਜਾਇਜ਼ ਠਹਿਰਾਉਣਾ ਹੈ।

ਮਨੁਖੀ ਮਾਨਸਿਕਤਾ ਨੂੰ ਚੰਬੜੇ ਇਸ ਭਿਆਨਕ ਸਾਮਰਾਜੀ ਮਨੋਰੋਗ ਦਾ ਇਲਾਜ ਸਿਰਫ ਆਤਮਿਕ ਗਿਆਨ ਨਾਲ ਹੀ ਹੋ ਸਕਦਾ ਹੈ। ਕਿਉਂਕਿ ਆਤਮਿਕ ਗਿਆਨ ਹੀ ਮਨੁਖ ਦੀ ਆਪਣੀ ਆਤਮਾ (ਬੁਧਿ) ਬਣ ਕੇ ਉਸ ਦੇ ਅਪਣੇ ਮਨ ਨੂੰ ਆਪਣੀ ਨਾਸਵੰਤ ਹੋਂਦ ਪ੍ਰਤੀ ਚੇਤੰਨ ਕਰਦਾ ਹੈ ਅਤੇ ਉਸ ਨੂੰ ਆਪਣੀਆਂ ਤਰਕਸੰਗਤ ਸਰੀਰੀ ਲੋੜਾਂ ਦੀ ਸੁਚੇਤ ਪਛਾਣ ਕਰਨ ਦੀ ਸੋਝੀ ਦੇਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰਮਤਿ ਦੀ ਦਿਤੀ ਗਈ ਸਾਰੀ ਜਾਣਕਾਰੀ ਹੁਣ ਤਕ ਦੀ ਸਮੁਚੀ ਮਨੁਖ ਜਾਤੀ ਦੀ ਪ੍ਰਗਟ ਹੋਈ ਆਤਮਿਕ-ਚੇਤਨਾ ਹੈ, ਜਿਹੜੀ ਸਮਾਜੀ ਚੇਤਨਾ ਤੇ ਮਨੁਖੀ ਸਦਾਚਾਰ ਦੇ ਰੂਪ ਵਿਚ ਵਿਕਸਿਤ ਹੋਈ ਹੈ। ਇਹ ਆਤਮਿਕ ਗਿਆਨ ਹੁਣ ਤਕ ਦੀ ਇਕੱਠੀ ਹੋਈ ਸਗਲ ਮਨੁਖੀ ਸਿਆਣਪ ਦਾ ਤਤ ਹੈ। ਇਸ ਸਿਆਣਪ ਨੂੰ ਆਪਣੇ ਮਨ ਦੇ ਅਨੁਭਵੀ ਸੰਸਾਰ ਦਾ ਅੰਗ ਬਣਾ ਕੇ ਭਾਵ ਜ਼ਿੰਦਗੀ ਵਿਚ ਅਪਣਾ ਕੇ ਹੀ ਇਸ ਧਰਤੀ ਉਤੇ ਸੁਖੀ ਅਤੇ ਸਹਿਜ ਜੀਵਨ ਜੀਵਿਆ ਜਾ ਸਕਦਾ ਹੈ। ਇਹੀ ਆਤਮਿਕ ਗਿਆਨ ਮਨੁਖ ਦੀ ਸਮਾਜੀ ਚੇਤਨਾ ਨੂੰ ਵਿਕਸਿਤ ਕਰਦਾ ਹੈ ਅਤੇ ਉਸ ਨੂੰ ਅਨੰਦ ਭਰਪੂਰ ਸਦਾਚਾਰੀ ਜ਼ਿੰਦਗੀ ਜਿਉਣ ਦੀ ਜੁਗਤ ਦਸਦਾ ਹੈ। ਉਸ ਨੂੰ ਅਹਿਸਾਸ ਹੁੰਦਾ ਹੈ ਕਿ ਉਸ ਦੀ ਚੜਦੀ ਕਲਾ ਦਾ ਭੇਦ ਸਰਬਤ ਦੇ ਭਲੇ ਵਿਚ ਨਿਹਿਤ ਹੈ। ਮਨੁਖ ਆਪਣੀਆਂ ਤਰਕਸੰਗਤ ਮਨੁਖੀ ਲੋੜਾਂ ਦੀ ਸੁਚੇਤ ਪਛਾਣ ਕਰਕੇ ਉਨਾਂ ਦੀ ਪੂਰਤੀ ਕਰਦਿਆਂ ਹੋਇਆਂ ਹੀ ਸਰਬਸਾਂਝੀਵਾਲਤਾ ਦੀ ਭਾਵਨਾ ਅਤੇ ਸਰਬਤ ਦੇ ਭਲੇ ਦੇ ਸਦਾਚਾਰ ਦਾ ਪੈਰੋਕਾਰ ਬਣਦਾ ਹੈ, ਜਿਸ ਦਾ ਆਧਾਰ ਗੁਰਮਤਿ ਦਾ ਇਹ ਆਤਮਿਕ ਗਿਆਨ ਹੈ —

**ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ ॥**
**ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ ॥੧॥**
(ਪੰਨਾ 278)

ਭਾਵ ਸਿਰਫ ਉਹ ਲੋਕ ਹੀ ਸੁਖੀ ਵਸਦੇ ਹਨ, ਜਿਹੜੇ ਆਪਣੇ ਆਪ ਨੂੰ ਨਿਮਰਤਾ ਦੇ ਲੜ ਲਾਉਂਦੇ ਹਨ, ਆਪਣੇ-ਆਪ ਨੂੰ ਨੀਵਿਆਂ ਤੋਂ ਵੀ ਨੀਵਾਂ ਸਮਝਦੇ ਹਨ। ਵਡੇ-ਵਡੇ ਹੰਕਾਰੀ ਲੋਕ ਆਪਣੇ ਹੰਕਾਰ ਵਿਚ ਹੀ ਗਲ ਸੜ ਕੇ ਮਰ ਜਾਂਦੇ ਹਨ। ਉਨਾਂ ਦੇ ਆਪਣੇ ਮਨ ਅੰਦਰਲਾ ਹੰਕਾਰ ਹੀ ਉਨਾਂ ਦੇ ਦੁਖ ਦਾ ਵਡਾ ਕਾਰਨ ਬਣ ਜਾਂਦਾ ਹੈ।

ਗੁਰਮਤਿ ਅਨੁਸਾਰ ਹਰੇਕ ਸਿਖ ਮਾਈ-ਭਾਈ ਦਾ ਮੁਢਲਾ ਫਰਜ ਹੈ ਕਿ ਉਹ ਸਾਮੂਹਿਕ ਰੂਪ ਵਿਚ ਅਜਿਹੇ ਰਾਜ ਦੀ ਸਥਾਪਨਾ ਲਈ ਯਤਨ ਕਰੇ, ਜਿਥੇ ਹਰੇਕ ਜਨਸਮੂਹ ਇਸ ਬੇਅੰਤ-ਅਸੀਮ ਕੁਦਰਤ ਨਾਲ ਇਕਸੁਰਤਾ ਵਿਚ ਰਹਿਣ ਦੇ ਯਤਨ ਕਰਦਿਆਂ ਅਤੇ ਇਸ ਦੇ ਗੁਣ ਗਾਉਂਦਿਆਂ ਹੋਇਆਂ ਜਾਣੇ ਹੋਏ ਕੁਦਰਤੀ ਨੇਮਾਂ (ਹੁਕਮੁ) ਵਿਚ ਰਹਿ ਕੇ ਸਵੈ-ਸੰਜਮੀ (ਸਦਾਚਾਰੀ) ਜ਼ਿੰਦਗੀ ਜੀਵੇ ਅਤੇ ਹੱਥੀਂ ਕਿਰਤ ਕਰਦਿਆਂ ਹੋਇਆਂ — ਸਮੂਹ ਭਾਈਚਾਰੇ ਨਾਲ ਰਲਮਿਲ ਕੇ — ਵੰਡ ਛਕਣ ਦੇ ਨੇਮ ਅਨੁਸਾਰ ਆਪਣੀਆਂ ਤਰਕਸੰਗਤ ਲੋੜਾਂ ਦੀ ਪੂਰਤੀ ਕਰੇ। ਸਰਬਸਾਂਝੀਵਾਲਤਾ ਦੀ ਭਾਵਨਾ ਨੂੰ ਲਗਾਤਾਰ ਫੈਲਾਉਣਾ ਅਤੇ ਸਰਬਤ ਦੇ ਭਲੇ ਦੇ ਸਮਾਜ ਦੀ ਸਿਰਜਣਾ ਲਈ ਨਿਰੰਤਰ ਯਤਨਸ਼ੀਲ ਰਹਿਣਾ ਹੀ ਸਿਖੀ ਹੈ। ਗੁਰਮਤਿ ਅਨੁਸਾਰ ਇਹੀ ਇਕ ਸਿਖ ਦੀ ਆਤਮਿਕ ਜ਼ਿੰਦਗੀ ਦਾ ਮੰਤਵ ਹੈ। ਇਹੀ ਇਕ ਸਿਖ ਦੀ ਨਿਜੀ ਅਤੇ ਸਮਾਜੀ ਮੁਕਤੀ ਦਾ ਰਾਹ ਹੈ।

**ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥**
**ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥**
(ਪੰਨਾ 295)

## ਆਓ ਵਿਚਾਰੀਏ ਕਿ...

ਜਦੋਂ ਗੁਰੂ ਗ੍ਰੰਥ ਸਾਹਿਬ ਅੱਗੇ ਝੁਕਦੇ ਹਾਂ, ਜਦੋਂ ਪੀਰਾਂ ਦੀਆਂ ਸਮਾਧਾਂ 'ਤੇ ਮੱਥੇ ਟੇਕਦੇ ਹਾਂ, ਤਾਂ ਪਰਮਾਤਮਾ ਦੇ ਕਿਸੇ ਪ੍ਰਤੀਕੀ ਰੂਪ ਨੂੰ ਮੱਥਾ ਟੇਕਦੇ ਹਾਂ। ਇਸ ਨੂੰ ਮੈਂ ਇੱਕ ਸਰੀਰਕ ਅਭਿਆਸ ਕਹਾਂਗੀ। ਪਰ ਕੀ ਅਸੀਂ ਆਪਣੀ ਹਉਮੈਂ ਉੱਥੇ ਛੱਡ ਆਉਂਦੇ ਹਾਂ? ਭਾਵੇਂ ਮੰਦਰ ਜਾਵੋ ਜਾ ਗੁਰਦਵਾਰੇ, ਕੋਈ ਫ਼ਰਕ ਨਹੀਂ ਪੈਂਦਾ। ਬੇਸ਼ਕ ਕਿਸੇ ਬੂਟੇ ਨੂੰ ਜਾਂ ਕਿਸੇ ਦਰਖ਼ਤ ਨੂੰ ਮੱਥਾ ਟੇਕ ਦਿਓ, ਪੂਰੇ ਅਹੁਭਾਵ ਨਾਲ, ਸੰਪੂਰਨ ਸਮਰਪਣ ਨਾਲ। ਇਸ ਭਾਵ ਨਾਲ ਕਿ 'ਤੂੰ' ਹੀ ਹੈਂ 'ਮੈਂ' ਨਹੀਂ ਹਾਂ। ਸੰਪੂਰਨ ਸਮਰਪਣ ਦਾ ਅਰਥ ਹੀ ਹੈ ਕਿ 'ਤੂੰ' ਹੀ ਹੈਂ 'ਮੈਂ' ਨਹੀਂ ਹਾਂ।

ਝੁਕਣਾ ਸੌਖਾ ਕੰਮ ਨਹੀਂ ਹੈ। ਸਰੀਰਕ ਝੁਕਣਾ ਤਾਂ ਬਹੁਤ ਸੌਖਾ ਹੈ। ਜਿਵੇਂ ਪਰੇਡ ਕਰ ਰਹੇ ਹੋਈਏ। ਪਰ ਸਰੀਰਕ ਝੁਕਣ ਨਾਲ ਕੁਝ ਖ਼ਾਸ ਨਹੀਂ ਵਾਪਰਦਾ। ਤਾਹੀਂ ਤਾਂ ਸੈਂਕੜੇ, ਹਜ਼ਾਰਾਂ ਲੋਕ ਮੰਦਰਾਂ, ਮਸੀਤਾਂ, ਗੁਰਦਵਾਰਿਆਂ ਤੇ ਗਿਰਜਿਆਂ ਵਿੱਚ ਹਰ ਰੋਜ਼ ਝੁਕਦੇ ਹਨ ਪਰ ਪਰਮਾਤਮਾ ਦੇ ਇੱਕ ਇੰਚ ਵੀ ਨੇੜੇ ਨਹੀਂ ਜਾ ਸਕਦੇ। ਝੁਕਣਾ ਤਾਂ ਅੰਦਰੋਂ ਪਵੇਗਾ। ਸਰੀਰਕ ਝੁਕਣਾ ਤਾਂ ਪਹਿਲੀ ਦੂਜੀ ਜਮਾਤ ਦੀ ਪੜਾਈ ਹੈ। ਇਸ ਨਾਲ ਕਾਲਜ ਦੀ ਡਿਗਰੀ ਨਹੀਂ ਮਿਲਦੀ। ਡਿਗਰੀ ਲੈਣ ਲਈ ਹੋਰ ਮਿਹਨਤ ਕਰਨੀ ਪਵੇਗੀ। ਹੋਰ ਜਮਾਤਾਂ ਪੜਨੀਆਂ ਪੈਣਗੀਆਂ।

ਅੰਦਰੋਂ ਝੁਕਣ ਦਾ ਰਸਤਾ ਹੈ ਪ੍ਰੇਮ। ਅੱਖਾਂ ਵਿੱਚ ਹੰਝੂ ਹੁੰਦੇ ਹਨ, ਦਿਲ ਵਿੱਚ ਉਸ ਪ੍ਰਭੂ ਨਾਲ ਮਿਲਣ ਦੀ ਪੀੜ ਹੁੰਦੀ ਹੈ ਤੇ ਝੁਕਣਾ ਹੋ ਜਾਂਦਾ ਹੈ। ਇਨਸਾਨ ਕਿਸੇ ਇਨਸਾਨ ਦੇ ਪ੍ਰੇਮ ਵਿੱਚ ਪੈ ਕੇ ਵੀ ਉਹੀ ਪੀੜ ਤੇ ਹੇਰਵਾ ਮਹਿਸੂਸ ਕਰਦਾ ਹੈ। ਪਰ ਜਦੋਂ ਉਹੀ ਪ੍ਰੇਮ, ਕਿਸੇ ਇਨਸਾਨ ਦੀ ਥਾਂ, ਸੱਚੇ ਪਿਤਾ ਪਰਮੇਸ਼ਵਰ ਵਲ ਰੁੱਖ ਕਰਦਾ ਹੈ, ਤਾਂ ਉਹ ਪ੍ਰਭੂ ਮਿਲ਼ਨ ਵਿੱਚ ਤਬਦੀਲ ਹੋ ਜਾਂਦਾ ਹੈ। ਜਾਂ ਇੰਜ ਕਹਿ ਲਵੇ ਕਿ ਜਦੋਂ ਇਸ਼ਕ ਮਿਜਾਜ਼ੀ, ਇਸ਼ਕ ਹਕੀਕੀ ਵਿੱਚ ਤਬਦੀਲ ਹੋ ਜਾਂਦਾ ਹੈ, ਤਾਂ ਉਸ ਅਸੀਮ ਮਹਿਬੂਬ ਨਾਲ ਮਿਲਾਪ ਹੋ ਜਾਂਦਾ ਹੈ, ਜਿਸਨੂੰ ਗੁਰੂ ਨਾਨਕ ਨੇ 'ਖ਼ਸਮ' ਆਖਿਆ ਹੈ। ਅਸਲ ਵਿੱਚ ਇੱਕ ਇਨਸਾਨ ਦਾ ਇਨਸਾਨੀ ਪ੍ਰੇਮ ਵਿੱਚ ਪੈਣਾ, ਉਸਦੀ ਨਾਸਮਝੀ ਹੈ। ਉਸ ਕੋਲ ਪ੍ਰੇਮ ਦੀ ਤੜਪ ਤਾਂ ਹੈ ਪਰ ਐਨੀ ਸਮਝ ਨਹੀਂ ਕਿ ਉਸਦੇ ਪ੍ਰੇਮ ਦੀ ਤ੍ਰਿਪਤੀ ਤੇ ਸੰਪੂਰਨਤਾ, ਪ੍ਰਭੂ ਮਿਲਾਪ ਨਾਲ ਹੋਣੀ ਹੈ। ਤਾਹੀ ਤਾਂ ਹੁਣ ਤਕ ਕੋਈ ਵੀ ਆਪਣੇ ਪ੍ਰੇਮੀ ਤੋਂ ਪੂਰੀ ਤਰਾਂ ਸੰਤੁਸ਼ਟ ਨਹੀਂ ਹੋ ਸਕਿਆ। ਤਾਂਹੀ ਤਾਂ ਤਕਰੀਬਨ ਹਰ ਇਨਸਾਨ, ਇੱਕ ਤੋਂ ਬਾਅਦ ਇੱਕ ਹੋਰ ਸਾਥੀ ਦੀ ਤਲਾਸ਼ ਵਿੱਚ ਲੱਗਾ ਹੈ।

ਦੂਸਰਾ ਰਸਤਾ ਸੰਕਲਪ ਦਾ ਹੈ। ਸੰਕਲਪ ਕਰਨ ਵਾਲੇ ਆਪਣੀ ਸਾਰੀ ਜੀਵਨ ਊਰਜਾ ਪਰਮਾਤਮਾ ਨੂੰ ਪਾਉਣ ਵਿੱਚ ਲਗਾ ਦਿੰਦੇ ਹਨ। ਆਪਣੀ ਸਾਰੀ ਸ਼ਕਤੀ ਨੂੰ ਯਤਨ ਬਣਾ ਦਿੰਦੇ ਹਨ। ਮਹਾਵੀਰ, ਬੁੱਧ, ਪਤੰਜਲੀ ਵਰਗੇ ਸਾਧਨਾ ਕਰਨ ਵਾਲਿਆਂ ਨੇ ਸੰਕਲਪ ਨਾਲ ਪਰਮਾਤਮਾ ਨੂੰ ਪਾਇਆ ਹੈ। ਪਰ ਉਹ ਸਿਰਫ਼ ਸੰਕਲਪ ਨਾਲ ਨਹੀਂ ਮਿਲਦਾ। ਕਿਉਂਕਿ ਸੰਕਲਪ ਕਰਨ ਵਾਲਾ ਕਹੇਗਾ ਕਿ ਉਸਨੇ ਆਪਣੀ ਜਾਤਨਾ ਤੇ ਆਪਣੀ ਘਾਲਣਾ ਨਾਲ ਪਰਮਾਤਮਾ ਪਾਇਆ ਹੈ। ਹਾਲੇ ਵੀ ਉਸਦੇ ਅੰਦਰ ਕਰਤੇ ਦਾ ਭਾਵ ਬਣਿਆ ਰਹੇਗਾ। ਕਿਸੇ ਇੱਕ ਤਰੀਕੇ ਜਾਂ ਫਾਰਮੂਲੇ ਨਾਲ ਪਰਮਾਤਮਾ ਨੂੰ ਪਾਉਣਾ, ਪਰਮਾਤਮਾ ਦਾ ਮੁੱਲ ਹੋ ਜਾਵੇਗਾ। ਕੋਈ ਹਿਸਾਬ ਹੋ ਜਾਵੇਗਾ, ਕੋਈ ਸੌਦਾ ਹੋ ਜਾਵੇਗਾ। ਫੇਰ ਤਾਂ ਪਰਮਾਤਮਾ ਇਨਸਾਨ ਤੋਂ ਵੀ ਛੋਟਾ ਹੋ ਜਾਵੇਗਾ, ਕਿਉਂਕਿ ਇਨਸਾਨ 'ਉਸਦੀ' ਕੋਈ ਕੀਮਤ ਨਿਸ਼ਚਤ ਕਰ ਲਵੇਗਾ। ਜਦੋਂ ਸਾਧਕ ਜਾਂ ਯੋਗੀ ਸੰਕਲਪ ਨਾਲ, ਘਾਲਣਾ ਕਰ-ਕਰ ਕੇ ਥੱਕ ਜਾਂਦਾ ਹੈ, ਤਾਂ ਇੱਕ ਇਹੋ ਜਿਹਾ ਸਮਾਂ ਆਉਂਦਾ ਹੈ ਜਦੋਂ ਉਹ ਹਾਰ ਜਾਂਦਾ ਹੈ। ਉਸਦਾ ਹਾਰਨਾ ਅਸਲ ਵਿੱਚ ਉਸਦੇ ਹਉਮੈਂ ਦੀ ਹਾਰ ਹੈ। ਉਸਦੇ ਮਨ ਦੀ ਹਾਰ ਹੈ। ਸੰਕਲਪ ਦਾ ਰਾਹ ਇੱਕ ਥਾਂ 'ਤੇ ਜਾ ਕੇ ਮੁੱਕ ਜਾਂਦਾ ਹੈ ਤੇ ਸਮਰਪਣ ਦੇ ਰਸਤੇ ਵਿੱਚ ਮਿਲ ਜਾਂਦਾ ਹੈ। ਜਦੋਂ ਸੰਕਲਪ ਕਰਨ ਵਾਲਾ ਆਪਣੇ ਆਪ ਨੂੰ, ਪੂਰੇ ਦਾ ਪੂਰਾ ਦਾਅ 'ਤੇ ਲਾ ਦਿੰਦਾ ਹੈ, ਅੰਦਰੋਂ ਝੁਕ ਕੇ ਉਸ ਦੀ ਰਜ਼ਾ ਵਿੱਚ ਆ ਜਾਂਦਾ ਹੈ, ਤਾਂ ਪਰਮਾਤਮਾ ਪਰਗਟ ਹੋ ਜਾਂਦਾ ਹੈ।

ਆਪਣੀ 'ਮੈਂ' ਤਾਂ ਦੋਹਾਂ ਰਸਤਿਆਂ 'ਤੇ ਤੁਰਨ ਵਾਲੇ ਨੂੰ ਛੱਡਣੀ ਪੈਂਦੀ ਹੈ। ਸੰਕਲਪ ਕਰਨ ਵਾਲਾ ਆਪਣੀ 'ਮੈਂ' ਅਖੀਰ ਵਿੱਚ ਛੱਡਦਾ ਹੈ, ਪਰ ਸਮਰਪਣ ਕਰਨ ਵਾਲਾ ਆਪਣੀ 'ਮੈਂ' ਛੱਡ ਕੇ ਹੀ ਆਪਣਾ ਰਸਤਾ ਸ਼ੁਰੂ ਕਰਦਾ ਹੈ। ਸੰਕਲਪ (ਜਾਨੀ ਸਾਧਨਾ) ਦਾ ਰਸਤਾ ਔਖਾ ਹੈ। ਸਾਧਕ ਜਾਂ ਯੋਗੀ ਗੁਫ਼ਾਵਾਂ ਵਿੱਚ ਬੈਠਦਾ ਹੈ, ਰਾਤ ਦੇ ਚੌਥੇ ਪਹਿਰ ਉੱਠ ਕੇ ਸਾਧਨਾ ਕਰਦਾ ਹੈ, ਇੱਕ ਲੱਤ 'ਤੇ ਖੜਾ ਹੁੰਦਾ ਹੈ, ਪਿੰਡੇ 'ਤੇ ਸਵਾਹ ਮਲ਼ਦਾ ਹੈ, ਬ੍ਰਹਮਚਾਰੀਆ ਸਾਧਦਾ ਹੈ, ਭਖਦੇ ਕੋਲਿਆਂ 'ਤੇ ਚਲਦਾ ਹੈ, ਵਰਤ ਰੱਖਦਾ ਹੈ, ਲੋਹੇ ਦੀਆਂ ਛੁਰੀਆਂ ਨਾਲ ਸਰੀਰ ਛਿੱਲਦਾ ਹੈ ਆਦਿ। ਇਹ ਵੀ ਇਨਸਾਨ ਦੀ ਇੱਕ ਧਾਰਨਾ ਹੈ ਕਿ ਸਰੀਰ ਨੂੰ ਕਸ਼ਟ ਪਹੁੰਚਾਉਣ ਨਾਲ ਪਰਮਾਤਮਾ ਮਿਲੇਗਾ। ਸਰੀਰ ਦਾ ਕੀ ਕਸੂਰ ਹੈ? ਉਸ ਨੂੰ ਕਿਉਂ ਸਤਾਉਣਾ? ਕਿਉਂ ਤੰਗ ਕਰਨਾ? ਉਹੀ ਤਾਂ ਸਾਧਨ ਹੈ। ਮਹਾਤਮਾ ਬੁੱਧ ਨੇ ਵੀ ਕਈ ਤਰਾਂ ਦੀ ਸਾਧਨਾ ਕੀਤੀ। ਇੱਕ ਵਾਰ ਕਿਸੇ ਨੇ ਉਹਨਾਂ ਨੂੰ ਦੱਸਿਆ ਕਿ ਸਾਰੇ ਦਿਨ ਵਿੱਚ ਸਿਰਫ਼ ਇੱਕ ਦਾਣਾ ਚਾਵਲ ਹੀ ਧਾਰਨ ਕਰਨਾ ਹੈ। ਇਸ ਤਰਾਂ ਕਰਨ ਨਾਲ ਕੁਝ ਮਹੀਨਿਆਂ ਬਾਅਦ ਉਹ ਐਨੇ ਕਮਜ਼ੋਰ ਹੋ ਗਏ ਕਿ ਇੱਕ ਵਾਰ ਨਿਰੰਜਨਾ ਨਦੀ ਪਾਰ ਨਾ ਕਰ ਸਕੇ। ਇਸ ਤੋਂ ਬਾਅਦ ਉਹਨਾਂ ਇਹ ਸਮਝ ਲਿਆ ਕਿ ਸਰੀਰ ਨੂੰ ਕਸ਼ਟ ਦੇਣ ਨਾਲ ਮੰਜ਼ਲ ਨਹੀਂ ਮਿਲਣ ਲੱਗੀ। ਉਹਨਾਂ ਆਪਣੀਆਂ ਸਾਰੀਆਂ ਜਾਤਨਾਵਾਂ ਛੱਡ ਦਿੱਤੀਆਂ। ਉਸੇ ਰਾਤ ਉਹਨਾਂ ਨੂੰ ਪਰਮਾਤਮਾ ਦੇ ਦਰਸ਼ਨ ਹੋਏ ਅਤੇ ਉਹ ਪਰਮ ਨਿਰਵਾਣ ਨੂੰ ਪ੍ਰਾਪਤ ਹੋਏ। ਪਰਮਾਤਮਾ ਸੰਘਰਸ਼ ਨਾਲ ਨਹੀਂ ਮਿਲਦਾ। ਸੰਪੂਰਣ ਸ਼ਰਧਾ ਤੇ ਵਿਸ਼ਵਾਸ ਨਾਲ ਮਿਲਦਾ ਹੈ। ਜਿਵੇਂ ਪਾਣੀ ਵਿੱਚ ਤੈਰਨਾ ਹੋਵੇ ਤਾਂ ਆਪਣਾ ਆਪ ਢਿੱਲਾ ਛਡਣਾ ਪੈਂਦਾ ਹੈ। ਆਪਣੇ ਆਪ ਨੂੰ ਪਾਣੀ ਦੇ ਹਵਾਲੇ ਕਰਨਾ ਪੈਂਦਾ ਹੈ। ਜਿਹੜਾ ਮੌਤ ਤੋਂ ਡਰ ਕੇ ਸੰਘਰਸ਼ ਕਰਦਾ ਹੈ, ਉਹ ਡੁੱਬ ਹੀ ਜਾਂਦਾ ਹੈ।

ਸੰਕਲਪ ਦੇ ਰਸਤੇ ਦਾ ਅੰਤ ਵੀ ਸਮਰਪਣ ਹੈ। ਯਤਨ ਕਰ-ਕਰ ਕੇ ਇਨਸਾਨ ਅੰਤ ਵਿੱਚ ਹਾਰ ਜਾਂਦਾ ਹੈ। ਜਦੋਂ ਸੰਕਲਪ, ਸਮਰਪਣ ਵਿੱਚ ਬਦਲ ਜਾਂਦਾ ਹੈ, ਤਾਂ ਪਰਮਾਤਮਾ ਪਰਗਟ ਹੋ ਜਾਂਦਾ ਹੈ। ਇਹ ਕਹਿਣਾ ਵੀ ਗ਼ਲਤ ਹੈ ਕਿ ਪਰਮਾਤਮਾ ਪਰਗਟ ਹੋ ਜਾਂਦਾ ਹੈ। 'ਉਸ' ਨੂੰ ਪਾਇਆ ਜਾ ਲੱਭਿਆ ਨਹੀਂ ਜਾ ਸਕਦਾ। 'ਉਹ' ਕੋਈ ਲੁਕਿਆ ਨਹੀਂ ਹੈ। 'ਉਹ' ਤਾਂ ਪਰਗਟ ਹੀ ਹੈ। 'ਉਹ' ਤਾਂ ਹੈ ਹੀ। ਜਦੋਂ ਕਿਸੇ ਇਨਸਾਨ ਦੀਆਂ ਅੱਖਾਂ ਖੁੱਲ ਜਾਂਦੀਆਂ ਹਨ, ਜਦੋਂ ਉਸਦੀ ਪਰਮਾਤਮਾ ਪ੍ਰਤੀ ਪਿਆਸ ਉਜਾਗਰ ਹੋ ਜਾਂਦੀ ਹੈ, ਜਦੋਂ ਉਸ ਨੂੰ ਪਰਮਾਤਮਾ ਦੀ ਯਾਦ ਆ ਜਾਂਦੀ ਹੈ, ਉਦੋਂ 'ਉਸਦੀ' ਹੋਂਦ ਦੀ ਸਮਝ ਲੱਗ ਜਾਂਦੀ ਹੈ। ਉਦੋਂ 'ਉਹ' ਦਿਸ ਜਾਂਦਾ ਹੈ। 'ਉਸਨੇ' ਕਿਤੋਂ ਆਉਣਾ ਨਹੀਂ ਹੈ।

ਸਾਨੂੰ ਪਰਮਾਤਮਾ ਦੇ ਕਈ ਰੂਪਾਂ ਨਾਲ ਰੂਬਰੂ ਕਰਵਾਇਆ ਗਿਆ ਹੈ। ਇਸ ਕਰਕੇ ਮਨ ਉਹਨਾਂ ਰੂਪਾਂ ਵਿੱਚ ਹੀ ਪਰਮਾਤਮਾ ਨੂੰ ਉਡੀਕਦਾ ਹੈ। ਅਸੀਂ ਜਦੋਂ ਤਕ 'ਉਸਦੀ' ਇਹਨਾਂ ਰੂਪਾਂ ਵਿੱਚ ਆਉਣ ਦੀ ਉਡੀਕ ਕਰਦੇ ਹਾਂ, 'ਉਹ' ਉਦੋਂ ਤਕ ਨਹੀਂ ਆਉਂਦਾ। ਕਿਉਂਕਿ ਉਹ ਤਾਂ ਅਰੂਪ ਹੈ। ਪਰ ਮਜ਼ੇ ਦੀ ਗੱਲ ਹੈ ਕਿ ਪਰਮਾਤਮਾ ਤਾਂ ਉਦੋਂ ਦਿਸਦਾ ਹੈ ਜਦੋਂ ਮਨ ਵਿਸਰਜਿਤ ਹੋ ਚੁੱਕਾ ਹੁੰਦਾ ਹੈ। ਜਦੋਂ ਮਨ ਹੀ ਵਿਦਾ ਹੋ ਜਾਂਦਾ ਹੀ ਤਾਂ ਉਸ ਵੱਲੋਂ ਵੇਖੀਆਂ ਪਰਮਾਤਮਾ ਦੀਆਂ ਸਾਰੀਆਂ ਤਸਵੀਰਾਂ ਵੀ ਉਸਦੇ ਨਾਲ ਹੀ ਮੁੱਕ ਜਾਂਦੀਆਂ ਹਨ। ਫੇਰ ਪਰਮਾਤਮਾ ਇੱਕ ਬੜੇ ਵੱਖਰੇ ਢੰਗ ਨਾਲ ਮਹਿਸੂਸ ਹੁੰਦਾ ਹੈ। ਇੱਕ ਸ਼ਕਤੀ, ਇੱਕ ਉਰਜਾ ਦੀ ਤਰਾਂ ਮਿਲਦਾ ਹੈ। ਕਿਸੇ ਨੂੰ ਸਤਿਅਮ ਦੇ ਰੂਪ ਵਿੱਚ, ਕਿਸੇ ਨੂੰ ਸ਼ਿਵਮ ਤੇ ਕਿਸੇ ਨੂੰ ਸੁੰਦਰਮ ਦੇ ਰੂਪ ਵਿੱਚ!

## * ਕਵਿਤਾਵਾਂ *

### ਸੱਜਣਾ

ਜ਼ਿੰਦਗੀ ਦੇ ਕਈ ਰੰਗ ਸੱਜਣਾਂ,
ਕਦੀ ਖੁਸ਼ੀ ਬੜੀ ਕਦੀ ਤੰਗ ਸੱਜਣਾ,
ਜੇ ਭਾਰੀ ਜੇਬ ਤੇਰੀ ਨਾ ਸਕੂ ਤੇਰੇ ਅੱਗੇ ਕੋਈ ਖੰਗ ਸੱਜਣਾ,
ਜਦੋਂ ਘੁੰਮਜੇ ਗੇਮ,
ਲੋਕਾਂ ਤੋਂ ਮੰਗਦੀਆ ਆਉਣੀ ਤੈਨੂੰ ਸੰਗ ਸੱਜਣਾ,
ਦੁਨਿਆ ਤੈਨੂੰ ਕੁਝ ਨਹੀਂ ਦੇਣਾ,
ਓਸ ਰੱਬ ਤੋਂ ਨੀਵਾਂ ਹੋ ਕੇ ਮੰਗ ਸੱਜਣਾ।

ਓਸ ਦੇ ਭਗਤੀ ਵਿਚ ਲੀਨ ਰਹੀ,
ਮਿਲੂ ਹਰ ਖੁਸ਼ੀ ਹਰ ਜੰਗ ਜਾਵੇਗਾ ਜਿੱਤ ਸੱਜਣਾ,
ਆਪ ਤੂੰ ਰਹਿਨੈਂ ਵੇਲਾ,
ਗਵਾਂਢੀ ਦੀ ਚੜਦੀ
ਗੁੱਡੀ ਦੇਖ ਕੇ ਨਾ ਤੂੰ ਖਿੱਝ ਸੱਜਣਾ,
ਅੱਜ ਤੂੰ ਵੀ ਕਰਲਾ ਮਿਹਨਤਾਂ ਰੱਜ ਕੇ,
ਇੱਕ ਦਿਨ ਜਾਵੇਗਾ ਰਹਿਮਤਾ ਨਾਲ ਭਿੱਜ ਸੱਜਣਾ।

ਜੋ ਗਰੀਬ ਸਹਿੰਦੇ ਦਰਦ ਤੂੰ ਵੀ ਉਹ ਦਰਦ ਸਹੀ,
ਨਾ ਪੈਸੇ ਸਾਰਾ ਉਡਾ ਦੀ ਆਪਣੇ ਤੇ,
ਦਸਵੰਧ ਕੱਢਕੇ ਗਰੀਬਾਂ ਦੀ ਮਦਦ ਕਰੀ,
ਨਾ ਅਮੀਰ ਦੇ ਤੂੰ ਤਲਵੇਂ ਚੱਟੀ ਅੱਤ ਨੇਵਿਆ ਤੂੰ ਵੀ ਨੇਵਿਆਂ ਦੀ ਤੂੰ ਕਦਰ ਕਰੀ,
ਹੁੰਦਾ ਜੇ ਧੱਕਾ ਤੇਰੇ ਨਾਲ,
ਰੱਬ ਦਵੂ ਜਵਾਬ ਥੋੜਾ ਸਬਰ ਕਰੀ,
ਲੱਚਰ ਗੀਤਾਂ ਨੂੰ ਛੱਡ ਕੇ,
ਉਸ ਰੱਬ ਦੀ ਉਸਤਤ ਵਿੱਚ ਗੁਰਚਾਂਦ ਸਿਆ ਚੱਕ ਕਲਮ ਲਈ,
ਗੁਰੂ ਨਾਨਕ ਦੇਵ ਜੀ ਦੇ ਤਿੰਨ ਉਪਦੇਸ਼ਾਂ ਬਿਨਾ ਜ਼ਿੰਦਗੀ ਨਹੀਂ ਚੱਲਦੀ,
ਤੂੰ ਲੱਖ ਹਰੇਕ ਜਗਾ ਭਟਕ ਲਈ।

**ਨਾਮ- ਗੁਰਚਾਂਦਪ੍ਰੀਤ ਸਿੰਘ**

### 'ਆਫ਼ਤ'

ਹੱਥੀਂ ਕੰਮ ਕਰਨ ਦੀ,
ਲੋੜ ਹੈ ਆਦੀ।
ਮਜ਼ਦੂਰ ਚਲੇ ਘਰਾਂ ਨੂੰ
ਸਾਂਭੋ ਆਪਣੀ ਵਾਹੀ,
ਘਰ ਘਰ ਚੌਧਰੀ,
ਬਣਦੇ ਆਹੀ।
ਫਜ਼ੂਲ ਖਰਚੀ ਦੀ,
ਹੱਦ ਮਕਾਈ,
ਹੁਣ ਜ਼ਿੰਮੇਵਾਰੀ ਆਈ।
ਫਸਲਾਂ ਨੂੰ ਸਾਂਭੋਂ ਭਾਈ।
ਐਸ਼ ਬਥੇਰੀ ਆਹੀ।
ਬਣ ਮਜ਼ਦੂਰ ਹੁਣ,
ਕਰੋ ਕਮਾਈ।
ਅੱਗੇ ਖੱਡਾ,
ਪਿੱਛੇ ਖਾਈ।
ਜਾਨ ਲਬਾਂ ਤੇ ਆਈ।
ਹੱਥੀਂ ਕੰਮ,
ਕਰੋ ਵੇ ਭਾਈ।
ਜੇ ਨਾ ਸੰਭਲੇ ਭਾਈ
ਹੋਵੇਗੇ ਕਰਜ਼ਾਈ।
ਗਲ਼ ਵਿਚ ਪੈਣੀ ਫਾਹੀ
ਜਾਗੋ ਭਾਈ
ਆਫਤ ਜਗਾਵਣ ਆਈ।
ਨਾਉਂ ਕੋਵਿਡ-19
ਹੈ ਭਾਈ।

**ਪ੍ਰਮਿੰਦਰ ਸਿੰਘ ਪ੍ਰਵਾਨਾ**
510-415-9377




## ਪਾਠਕਾਂ ਦਾ ਨਜ਼ਰੀਆ

# ਰੰਗਲੇ ਪੰਜਾਬ ਦੇ ਹਾਲਾਤ ਤੇ ਰਾਜਨੇਤਾ

ਰੰਗਲੇ ਪੰਜਾਬ ਦੇ ਹਾਲਾਤ ਕੀ ਤੋਂ ਕੀ ਬਣ ਗਏ, ਸਭ ਲਈ ਸੋਚਣ ਦਾ ਵਿਸ਼ਾ ਹੈ। ਹਰ ਪਾਸੇ ਹਰ ਵੇਲੇ ਖੁਸ਼ਹਾਲੀਆਂ ਦੀ ਬਾਤ ਪਾਉਣ ਵਾਲਾ ਪੰਜਾਬ ਹੁਣ ਆਪਣਾ ਪੁਰਾਣਾ ਸਮਾਂ ਚੇਤਾ ਕਰਕੇ ਹੰਝੂ ਕੇਰਦਾ ਹੋਇਆ ਆਪਣੀ ਭੂਮੀ 'ਤੇ ਰਾਜ ਕਰਨ ਵਾਲੇ ਲੀਡਰਾਂ ਨੂੰ ਕੋਸਦਾ ਰਹਿੰਦਾ ਹੈ। ਕਿੱਥੇ ਮਹਾਰਾਜਾ ਰਣਜੀਤ ਸਿੰਘ ਵਾਲਾ ਪੰਜਾਬ ਤੇ ਕਿੱਥੇ ਅੱਜ ਵਾਲਾ ਪੰਜਾਬ। ਆਮਦਨ ਪੱਖੋਂ ਅਮੀਰ ਪੰਜਾਬ ਅੱਜ ਕਰਜ਼ਾਈ ਬਣਾ ਕੇ ਇਸ ਦਾ ਵਾਲ-ਵਾਲ ਕਰਜ਼ੇ 'ਚ ਵਿੰਨ ਦਿੱਤਾ ਹੈ। ਬੜੇ ਸੰਵੇਦਨਸ਼ੀਲ ਹਾਲਾਤ 'ਚੋਂ ਗੁਜ਼ਰਦੇ ਪੰਜਾਬ ਦੇ ਹਾਕਮਾਂ ਨੂੰ ਇਸ ਦੀ ਜ਼ਰਾ ਕੁ ਵੀ ਚਿੰਤਾ ਨਹੀਂ ਸਤਾ ਰਹੀ। ਜਦ ਕਿ ਸਮਾਜ ਚਿੰਤਕ, ਬੁੱਧੀਜੀਵੀ ਵਰਗ ਤੇ ਪੁਰਾਣੇ ਬਜ਼ੁਰਗ ਨਿਘਾਰ ਵੱਲ ਵਧਦੇ ਪੰਜਾਬ ਨੂੰ ਦੇਖ ਕੇ ਜ਼ਰੂਰ ਝੂਰ ਰਹੇ ਹਨ। ਪਰ ਇਸ ਦੇ ਉਲਟ ਪੰਜਾਬ ਦੇ ਰਖਵਾਲੇ ਕਹਾਉਣ ਵਾਲੇ ਇਸ ਦੇ ਹਾਕਮੀ ਸਪੁੱਤਰ ਖ਼ੁਦ ਅਮੀਰ ਬਣ ਕੇ ਇਸ ਨੂੰ ਗ਼ਰੀਬ ਬਣਾ ਗਏ। ਹੁਣ ਜਦੋਂ ਹਾਲਾਤ ਅਤਿ ਨਾਜ਼ੁਕ ਹੋ ਗਏ ਤਾਂ ਇੱਥੇ ਰਾਜ ਕਰਨ ਵਾਲੇ ਹਾਕਮੀ ਪੁੱਤਰ ਪੰਜਾਬ ਨੂੰ ਬਚਾਉਣ ਨਾਂਅ 'ਤੇ ਆਪਣੀਆਂ ਸਿਆਸੀ ਪਾਰੀਆਂ ਖੇਡ ਰਹੇ ਹਨ। ਵਿਚਾਰਨਯੋਗ ਗੱਲ ਇਹ ਹੈ ਕਿ ਕੀ ਇਨਾਂ ਲੋਕਾਂ ਨੂੰ ਪੰਜਾਬ ਦੀ ਚਿੰਤਾ ਸਿਰਫ਼ ਸਰਕਾਰ ਤੋਂ ਬਾਹਰ ਹੋ ਕੇ ਵਿਰੋਧੀ ਧਿਰ 'ਚ ਹੀ ਆ ਕੇ ਕਿਉਂ ਹੁੰਦੀ ਹੈ? ਸੂਬੇ ਦਾ ਬੇੜਾ ਕਰਕੇ ਇਹ ਸਿਆਸਤਦਾਨ ਹੁਣ 'ਪੰਜਾਬ ਬਚਾਓ' ਮੁਹਿੰਮਾਂ ਸ਼ੁਰੂ ਕਰਕੇ ਮਗਰਮੱਛ ਵਾਲੇ ਹੰਝੂ ਵਹਾ ਰਹੇ ਹਨ। ਪੰਜਾਬ ਦੀ ਜਵਾਨੀ ਜਿਹੜੀ ਭਰਵੇਂ ਜੁੱਸਿਆਂ ਕਰਕੇ ਪ੍ਰਸਿੱਧ ਸੀ, ਉਹ ਕੋਝੀਆਂ ਚਾਲਾਂ ਤਹਿਤ ਨਸ਼ਿਆਂ ਦੇ ਆਦੀ ਬਣਾ ਕੇ ਪੰਜਾਬ ਦਾ ਭਵਿੱਖ ਬਰਬਾਦ ਕਰਨ ਦੇ ਰਾਹ ਅਖ਼ਤਿਆਰ ਕਰ ਦਿੱਤੇ ਹਨ। ਇਸ ਤੋਂ ਇਲਾਵਾ ਜਿਹੜੇ ਨੌਜਵਾਨ ਇਸ ਭੈੜੀ ਅਲਾਮਤ ਤੋਂ ਬਚ ਗਏ, ਉਨਾਂ 'ਚੋਂ ਵਧੇਰੇ ਗਿਣਤੀ ਵਿਦੇਸ਼ਾਂ ਵੱਲ ਵਹੀਰਾਂ ਘੱਤ ਗਏ। ਜਿਸ ਕਰਕੇ ਸਾਡਾ ਭਵਿੱਖ ਬਹੁਤਾ ਚੰਗਾ ਨਹੀਂ ਇਸ ਬਾਰੇ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਬਾਕੀ ਜਿਹੜੇ ਇੱਥੇ ਬਚੇ ਹਨ, ਉਹ ਲੱਖਾਂ ਦੀ ਗਿਣਤੀ 'ਚ ਬੇਰੁਜ਼ਗਾਰੀ ਦਾ ਸ਼ਿਕਾਰ ਹੋ ਕੇ ਉਦਾਸੀ ਦੇ ਆਲਮ 'ਚੋਂ ਲੰਘ ਰਹੇ ਹਨ। ਅੰਨ ਭੰਡਾਰ ਵਿਚ 70 ਫ਼ੀਸਦੀ ਯੋਗਦਾਨ ਪਾਉਣ ਵਾਲਾ ਪੰਜਾਬ ਦਾ ਅੰਨਦਾਤਾ ਅੱਜ ਭੁੱਖਾ ਮਰ ਰਿਹਾ ਹੈ। ਆਪਣੇ ਸਿਰ ਚੜੇ ਕਰਜ਼ੇ ਤੋਂ ਖਹਿੜਾ ਛੁਡਵਾਉਣ ਵਾਸਤੇ ਕਿਸਾਨ ਖ਼ੁਦਕੁਸ਼ੀਆਂ ਕਰ ਰਿਹਾ ਹੈ। ਸਰਕਾਰਾਂ ਇਸ ਦਾ ਹੱਲ ਕਰਨ ਦੀ ਬਜਾਏ ਨਵੇਂ-ਨਵੇਂ ਧੱਕੇਸ਼ਾਹੀ ਵਾਲੇ ਫ਼ਰਮਾਨ ਜਾਰੀ ਕਰਕੇ ਕਿਸਾਨਾਂ ਦਾ ਗਲਾ ਘੁੱਟਣ ਵਿਚ ਮਸਰੂਫ਼ ਹਨ। ਏਨੀ ਸਮਤਲ ਉਪਜਾਊ ਧਰਤੀ ਦਾ ਮਾਲਕ ਕਿਸਾਨ ਖ਼ੁਦਕੁਸ਼ੀਆਂ ਕਰੇ ਇਸ ਤੋਂ ਵੱਡੀ ਤਰਾਸਦੀ ਕੀ ਹੋ ਸਕਦੀ ਹੈ?

ਅਸਲ ਵਿਚ ਹੁਣ ਲੋਕ ਸਮੱਸਿਆਵਾਂ ਚੋਣ ਏਜੰਡੇ ਬਣਾ ਕੇ ਰੱਖ ਦਿੱਤੀਆਂ ਹਨ। ਜਦੋਂ ਚੋਣਾਂ ਨਜ਼ਦੀਕ ਆਉਣ ਵਾਲੀਆਂ ਹਨ, ਉਦੋਂ ਲੋਕਾਂ ਦੀਆਂ ਮੁਸ਼ਕਲਾਂ ਨੂੰ ਚੇਤੇ ਕਰਕੇ ਉਨਾਂ ਨੂੰ ਚੋਣ ਮੁੱਦਾ ਬਣਾ ਲਿਆ ਜਾਂਦਾ ਹੈ। ਜਦ ਚੋਣਾਂ ਦਾ ਸਮਾਂ ਗੁਜ਼ਰ ਜਾਂਦਾ ਹੈ ਤਾਂ ਲੋਕਾਂ ਦੀਆਂ ਸਮੱਸਿਆਵਾਂ ਜਿਉਂ ਦੀਆਂ ਤਿਉਂ ਰਹਿੰਦੀਆਂ ਹਨ। ਪਿਛਲੇ ਸਮੇਂ ਦੌਰਾਨ ਦੇਖਣ ਨੂੰ ਮਿਲਿਆ ਹੈ ਕਿ ਕਈ ਲੀਡਰਾਂ ਨੇ ਆਪਣੀਆਂ ਨਵੀਆਂ ਪਾਰਟੀਆਂ ਬਣਾਈਆਂ ਅਤੇ ਪੰਜਾਬ ਬਚਾਉਣ ਦਾ ਨਾਅਰਾ ਲੈ ਕੇ ਅੱਗੇ ਤੁਰੇ। ਇਹ ਸਾਰਾ ਵਰਤਾਰਾ ਦੇਖ ਕੇ ਇੰਜ ਮਹਿਸੂਸ ਹੁੰਦਾ ਹੈ ਕਿ ਜੇਕਰ ਪੰਜਾਬ ਬਚਾਉਣ ਵਾਸਤੇ ਇਹ ਨੇਤਾ ਲੋਕ ਏਨੇ ਸੁਹਿਰਦ ਹਨ ਤਾਂ ਪੰਜਾਬ ਦਿਨੋ-ਦਿਨ ਏਨਾ ਨਿਘਾਰ ਵੱਲ ਕਿਉਂ ਵਧ ਰਿਹਾ ਹੈ? ਹਮੇਸ਼ਾ ਇਹੀ ਦੇਖਣ ਵਿਚ ਆਉਂਦਾ ਹੈ ਕਿ ਜਦੋਂ ਇਹ ਸਿਆਸਤਦਾਨ ਵਿਰੋਧੀ ਧਿਰ ਵਿਚ ਹੁੰਦੇ ਹਨ, ਉਦੋਂ ਤਾਂ ਲੋਕ ਮੁੱਦਿਆਂ ਦੀ ਗੱਲ ਕਰਦੇ ਹਨ, ਜਦੋਂ ਸੱਤਾ ਵਿਚ ਆ ਜਾਂਦੇ ਹਨ ਤਾਂ ਸਭ ਲੋਕ ਮੁੱਦਿਆਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਜਦੋਂ ਤੋਂ ਸਰਕਾਰਾਂ ਚੁਣੀਆਂ ਜਾਣ ਲੱਗੀਆਂ ਹਨ, ਉਦੋਂ ਤੋਂ ਪੰਜਾਬ ਕਰਜ਼ਾਈ ਹੋਣਾ ਸ਼ੁਰੂ ਹੋਇਆ ਹੈ, ਹਾਲਾਤ ਅੱਜ ਇਹ ਬਣ ਗਏ ਕਿ 2 ਲੱਖ 48 ਹਜ਼ਾਰ ਕਰੋੜ ਰੁਪਏ ਦੇ ਲਗਪਗ ਸੂਬਾ ਕਰਜ਼ੇ ਹੇਠ ਹੈ। ਕਰੋੜਾਂ ਰੁਪਏ ਸਾਲਾਨਾ ਵਿਆਜ ਉਤਾਰਨ 'ਤੇ ਲੱਗ ਜਾਂਦੇ ਹਨ। ਸਰਕਾਰ ਨੂੰ ਕਰਜ਼ਾ ਉਤਾਰਨ ਵਾਸਤੇ ਸਰਕਾਰੀ ਜਾਇਦਾਦਾਂ ਵੇਚਣੀਆਂ ਪੈ ਰਹੀਆਂ ਹਨ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਸੂਬੇ ਦੇ ਲੀਡਰਾਂ ਦੀ ਨਿੱਜੀ ਆਮਦਨ 'ਚ ਦਿਨੋ-ਦਿਨ ਵਾਧਾ ਹੋ ਰਿਹਾ ਹੈ। ਸੂਬੇ ਦੀ ਵਿੱਤੀ ਹਾਲਤ ਨੂੰ ਅੱਖੋਂ-ਪਰੋਖੇ ਕਰਕੇ ਸਿਆਸੀ ਪਾਰਟੀਆਂ ਆਪਣੀ ਸਰਕਾਰ ਬਣਾਉਣ ਲਈ ਲੰਬੇ-ਚੌੜੇ ਵਾਅਦੇ ਕਰਕੇ ਬਾਅਦ ਦੇ ਵਿਚ ਖ਼ਜ਼ਾਨਾ ਖ਼ਾਲੀ ਹੋਣ ਦਾ ਢੰਡੋਰਾ ਪਿੱਟ ਕੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਤੋਂ ਟਾਲਾ ਵੱਟ ਲਿਆ ਜਾਂਦਾ ਹੈ। ਜੇਕਰ ਇਹ ਨੇਤਾ ਲੋਕ ਸੱਚਮੁੱਚ ਹੀ ਪੰਜਾਬ ਨੂੰ ਬਚਾਉਣਾ ਚਾਹੁੰਦੇ ਹਨ ਤਾਂ ਫਿਰ ਬੇਲੋੜੇ ਖ਼ਰਚਿਆਂ ਨੂੰ ਰੋਕ ਕੇ ਖ਼ਜ਼ਾਨੇ ਨੂੰ ਬਚਾਉਣ ਲਈ ਅੱਗੇ ਆਉਣਾ ਚਾਹੀਦਾ ਹੈ।

ਸੁਖਰਾਜ ਸਿੰਘ

# ਪਰਵਾਸ ਦਾ ਸਿਲਸਿਲਾ ਪੰਜਾਬੀ ਜੀਵਨ ਦਾ ਅਟੁੱਟ ਅੰਗ

ਪਰਵਾਸ ਦਾ ਸਿਲਸਿਲਾ ਪੰਜਾਬੀ ਜੀਵਨ ਦਾ ਅਟੁੱਟ ਅੰਗ ਬਣਿਆ ਹੋਇਆ ਹੈ। ਵਿਸ਼ਵ ਦੇ ਸੱਤ ਮਹਾਂਦੀਪਾਂ ਵਿਚੋਂ ਜਿੱਥੇ ਵੀ ਆਬਾਦੀ ਸੰਭਵ ਹੈ ਉੱਥੇ ਪੰਜਾਬੀਆਂ ਦੀ ਹੋਂਦ ਉਕਤ ਧਾਰਨਾ ਨੂੰ ਦ੍ਰਿੜਤਾ ਨਾਲ ਪ੍ਰਦਾਨ ਕਰਦੀ ਹੈ। ਉੱਨੀਵੀਂ ਸਦੀ ਦੇ ਅੰਤ ਵਿਚ ਬਰਤਾਨੀਆ ਸਰਕਾਰ ਵੱਲੋਂ ਨਵੇਂ ਸੁਧਾਰਾਂ ਦੀ ਆੜ ਵਿਚ ਪੰਜਾਬੀ ਕਿਸਾਨਾਂ ਉੱਤੇ ਠੋਸੇ ਨਵੇਂ ਮਾਮਲਿਆਂ ਤੇ ਕਰਜ਼ਿਆਂ ਨੇ ਤਿੰਨ ਲਾਇਲਾਜ ਬਿਮਾਰੀਆਂ ਦਿੱਤੀਆਂ, ਕਾਲ, ਪਲੇਗ ਤੇ ਗ਼ਰੀਬੀ। ਨੌਜਵਾਨਾਂ ਸਾਹਮਣੇ ਇਨਾਂ ਤਿੰਨਾਂ ਤੋਂ ਛੁਟਕਾਰੇ ਦੇ ਰਾਹ ਵੀ ਤਿੰਨ ਸਨ, ਫ਼ੌਜ ਦੀ ਨੌਕਰੀ, ਬੇਰੁਜ਼ਗਾਰੀ ਤੇ ਪਰਦੇਸ। ਬੇਰੁਜ਼ਗਾਰੀ ਦੀ ਸਮੱਸਿਆ ਤੋਂ ਰਾਹਤ ਪ੍ਰਾਪਤ ਕਰਨ ਲਈ ਨੌਜਵਾਨਾਂ ਨੇ ਪਰਦੇਸ ਪਹਿਲ ਦੇ ਆਧਾਰ 'ਤੇ ਚੁਣਿਆ। ਇਸ ਉਪਰੰਤ ਦੂਸਰੇ ਵਿਸ਼ਵ ਯੁੱਧ ਦੌਰਾਨ ਪੱਛਮੀ ਦੇਸ਼ਾਂ ਦੇ ਹੋਏ ਜਾਨੀ ਮਾਲੀ ਨੁਕਸਾਨ ਦੀ ਪੂਰਤੀ ਹਿਤ ਹੋਰਨਾਂ ਏਸ਼ੀਆਈ ਮੁਲਕਾਂ ਦੇ ਲੋਕਾਂ ਵਾਂਗ ਪੰਜਾਬੀਆਂ ਨੇ ਵੀ ਪੱਛਮੀ ਦੇਸ਼ਾਂ ਨੂੰ ਪਰਵਾਸ ਧਾਰਿਆ ਪਰ ਪਰਵਾਸੀਆਂ ਦੀ ਵਧਦੀ ਗਿਣਤੀ ਨੂੰ ਰੋਕਣ ਲਈ ਭਿੰਨ ਭਿੰਨ ਦੇਸ਼ਾਂ ਦੀਆਂ ਸਰਕਾਰਾ ਨੇ ਕੁਝ ਪਾਬੰਦੀਆਂ ਆਇਦ ਕਰ ਦਿੱਤੀਆਂ। ਮੁੱਢਲੇ ਦੌਰ ਦੇ ਸਮੁੱਚੇ ਪਰਵਾਸੀ ਭਾਰਤੀਆਂ ਵਿਚੋਂ ਵਧੇਰੇ ਗਿਣਤੀ ਪੰਜਾਬੀ ਭਾਈਚਾਰੇ ਨਾਲ ਸਬੰਧਿਤ ਸੀ। ਭਾਰਤ ਦੀ ਆਜ਼ਾਦੀ ਉਪਰੰਤ ਪਰਵਾਸ ਵਿਚ ਵਸੇਬਾ ਕਰਕੇ ਕਮਾਈ ਕਰਨਾ ਪੰਜਾਬੀਆਂ ਲਈ ਵੱਡ ਉਪਰੰਤ ਅਜਿਹਾ ਕਿੱਤਾ ਹੋ ਨਿੱਬੜਿਆ ਹੈ ਜੋ ਉਨਾਂ ਨੂੰ ਰਵਾਇਤੀ ਤੇ ਨਵ-ਵਿਕਸਿਤ ਦੋਵੇਂ ਪ੍ਰਕਾਰ ਦੇ ਕਿੱਤਿਆਂ ਨਾਲੋਂ ਵਧੇਰੇ ਲੁਭਾਉਂਦਾ ਹੈ।

ਪ੍ਰੋ.ਬਿਕਰਮਜੀਤ ਸਿੰਘ
-ਐੱਸ ਐੱਸ ਡੀ ਕਾਲਜ, ਬਰਨਾਲਾ।

# ਨਸ਼ਈ ਵਿਅਕਤੀ ਜ਼ਿੰਦਗੀ ਦਾ ਖਲਨਾਇਕ ਨਹੀਂ, ਪੀੜਤ ਹੈ

ਨਸ਼ਈ ਵਿਅਕਤੀ ਜ਼ਿੰਦਗੀ ਦਾ ਖਲਨਾਇਕ ਨਹੀਂ, ਪੀੜਤ ਹੈ। ਜੇਕਰ ਉਹਨੂੰ ਇੱਕ ਪੀੜਤ ਵਿਅਕਤੀ ਸਮਝਦਿਆਂ ਉਹਦੇ ਨਸ਼ੇ ਦੀ ਦਲਦਲ ਵਿੱਚ ਧਸਣ ਦੇ ਕਾਰਨ ਲੱਭੇ ਜਾਣ ਅਤੇ ਉਸ ਨੂੰ ਦਵਾਈ ਦੇ ਨਾਲ ਨਾਲ ਧਰਮ, ਸਾਹਿਤ ਅਤੇ ਕਿਰਤ ਦੇ ਸੰਕਲਪ ਨਾਲ ਜੋੜਿਆ ਜਾਵੇ ਤਾਂ ਉਹ ਮੁੱਖ ਧਾਰਾ ਵਿੱਚ ਆ ਕੇ ਚੰਗਾ ਨਾਗਰਿਕ ਵੀ ਬਣ ਸਕਦਾ ਹੈ। ਸੰਗਰੂਰ ਦੇ ਲਾਗਲੇ ਪਿੰਡ ਦੇ ਇੱਕ ਨਸ਼ਈ ਨੌਜਵਾਨ ਨਾਲ ਮੇਰਾ ਵਾਹ ਪਿਆ। ਜ਼ਿਮੀਂਦਾਰ ਪਰਿਵਾਰ ਨਾਲ ਸਬੰਧਿਤ ਉਸ ਨੌਜਵਾਨ ਨੇ ਨਸ਼ਿਆਂ ਦੀ ਦਲਦਲ ਵਿੱਚ ਧਸ ਕੇ ਜ਼ਮੀਨ ਦੇ ਦੋ ਕਿੱਲਿਆਂ ਵਿੱਚੋਂ ਇੱਕ ਕਿੱਲਾ ਨਸ਼ਿਆਂ ਦੇ ਲੇਖੇ ਲਾ ਦਿੱਤਾ। ਘਰ ਦਾ ਸਾਰਾ ਸਮਾਨ ਵੀ ਕੌਡੀਆਂ ਦੇ ਭਾਅ ਵੇਚ ਦਿੱਤਾ। ਬਾਪ ਦੀ ਜ਼ਿਮੀਂਦਾਰੀ ਰੁਲ ਗਈ ਅਤੇ ਉਹ ਮਜ਼ਦੂਰੀ ਕਰਨ ਲੱਗ ਪਿਆ। ਮਾਂ ਵੀ ਲੋਕਾਂ ਦੇ ਘਰਾਂ ਵਿੱਚ ਕੰਮ ਕਰਕੇ ਚੁੱਲਾ ਬਾਲਣ ਦੀ ਹਰ ਸੰਭਵ ਕੋਸ਼ਿਸ਼ ਕਰਦੀ ਰਹੀ। ਨਸ਼ੇ ਦੀ ਤੋੜ ਵਿੱਚ ਜਦੋਂ ਨਸ਼ਾ ਪ੍ਰਾਪਤੀ ਦਾ ਕੋਈ ਜੁਗਾੜ ਨਾ ਬਣਿਆ ਤਾਂ ਉਹਦੀ ਨਜ਼ਰ ਘਰ ਦੇ ਫ਼ਰਿਜ 'ਤੇ ਪਈ। ਫ਼ਰਿਜ ਨੂੰ ਰੋੜ ਕੇ ਜਦੋਂ ਉਹ ਵੇਚਣ ਲਈ ਲੈ ਕੇ ਜਾਣ ਲੱਗਿਆ ਤਾਂ ਮਾਂ ਨੇ ਉਸ ਨੂੰ ਰੋਕਿਆ। ਨਸ਼ੇ ਦੀ ਤੋਟ ਵੇਲੇ ਨਸ਼ਈ ਵਿਅਕਤੀ ਕਿਸੇ ਦੀ ਟੋਕਾ ਟਾਕੀ ਪਸੰਦ ਨਹੀਂ ਕਰਦਾ ਅਤੇ ਉਹ ਹਿੰਸਕ ਹੋ ਜਾਂਦਾ ਹੈ। ਹਿੰਸਕ ਸਥਿਤੀ ਵਿੱਚ ਹੀ ਉਸਨੇ ਮਾਂ ਨੂੰ ਬੁਰੀ ਤਰਾਂ ਕੁੱਟ ਦਿੱਤਾ ਅਤੇ ਉਹ ਖ਼ੂਨ ਦੇ ਅੱਥਰੂ ਕੇਰਦੀ ਹੋਈ ਆਪਣੀ ਜਾਨ ਬਚਾਉਣ ਲਈ ਉੱਥੋਂ ਵੀਹ ਕਿੱਲੋਮੀਟਰ ਦੂਰ ਆਪਣੀ ਭੈਣ ਕੋਲ ਚਲੀ ਗਈ। ਪਰ ਨਸ਼ਈ ਨੂੰ ਕੋਈ ਪ੍ਰਵਾਹ ਨਹੀਂ ਸੀ। ਉਹ ਜਦੋਂ ਫ਼ਰਿਜ ਵੇਚਣ ਲਈ ਕਬਾੜੀਏ ਕੋਲ ਗਿਆ ਤਾਂ ਉਹਦਾ ਜਵਾਬ ਸੀ, ਅਸੀਂ ਤਾਂ ਕਬਾੜ ਦਾ ਮਾਲ ਖ਼ਰੀਦਦੇ ਹਾਂ। ਇਹ ਤਾਂ ਨਵਾਂ ਫ਼ਰਿਜ ਹੈ। ਇਹ ਨਹੀਂ ਅਸੀਂ ਲੈਂਦੇ।" ਦਰਅਸਲ ਕਬਾੜੀਏ ਨੂੰ ਇਹ ਵੀ ਡਰ ਸੀ ਕਿ ਕਿਤੇ ਇਹ ਅਮਲੀ ਫ਼ਰਿਜ ਚੋਰੀ ਕਰਕੇ ਨਾ ਲਿਆਇਆ ਹੋਵੇ। ਨਸ਼ਈ ਉਸ ਫ਼ਰਿਜ ਨੂੰ ਫਿਰ ਘਰ ਰੋੜ ਕੇ ਲਿਆਇਆ। ਉਸ ਨੂੰ ਚੰਗੀ ਤਰਾਂ ਭੰਨ ਕੇ ਚਿੱਬਾ ਕਰਨ ਉਪਰੰਤ ਫਿਰ ਕਬਾੜੀਏ ਕੋਲ ਲੈ ਗਿਆ ਅਤੇ ਉਸਨੇ ਪੰਦਰਾਂ ਹਜ਼ਾਰ ਦਾ ਫ਼ਰਿਜ ਚਾਰ ਸੌ ਰੁਪਏ ਵਿੱਚ ਖ਼ਰੀਦ ਲਿਆ। ਨਸ਼ਈ ਉਸ ਚਾਰ ਸੌ ਰੁਪਏ ਦਾ ਨਸ਼ਾ ਖ਼ਰੀਦ ਕੇ ਘਰ ਪਰਤ ਆਇਆ। ਉਸ ਪਿੰਡ ਦਾ ਹੀ ਵਿਅਕਤੀ ਨਸ਼ਾ ਛੁਡਾਊ ਕੇਂਦਰ ਵਿਖੇ ਸੇਵਾ ਕਰਦਾ ਹੈ, ਉਸ ਰਾਹੀਂ ਮੈਨੂੰ ਸਾਰੀ ਸਥਿਤੀ ਦਾ ਪਤਾ ਲੱਗਿਆ।

ਫਿਰ ਇੱਕ ਦਿਨ ਅਸੀਂ ਉਸ ਨਸ਼ਈ ਦੇ ਘਰ ਜਾਣ ਦਾ ਹੀ ਨਿਰਨਾ ਕਰ ਲਿਆ। ਆਪਣੇ ਨਾਲ ਦੋ ਸਾਥੀਆਂ ਨੂੰ ਵੀ ਲੈ ਗਿਆ। ਦਰਵਾਜ਼ਿਆਂ ਤੋਂ ਸੱਖਣੇ ਘਰ ਵਿੱਚ ਜਦੋਂ ਦਾਖ਼ਲ ਹੋਏ ਤਾਂ ਪਿੰਡ ਦੇ ਇੱਕ ਵਿਅਕਤੀ ਨੇ ਘਰ ਦੀਆਂ ਉੱਖੜੀਆਂ ਇੱਟਾਂ, ਗ੍ਰਿੱਲਾਂ, ਖੁਰਲੀ ਦੇ ਸੰਗਲ, ਘਰ ਵਿੱਚ ਲੱਗੀ ਮੋਟਰ ਦੇ ਗਾਇਬ ਹੋਣ ਦੀ ਗਾਥਾ ਸੰਖੇਪ ਵਿੱਚ ਦੱਸ ਦਿੱਤੀ। ਜਦੋਂ ਅਗਾਂਹ ਕਦਮ ਪੁੱਟੇ ਤਾਂ ਮੁੰਡਾ ਮੰਜੇ 'ਤੇ ਪਿਆ ਮਿਲ ਗਿਆ। ਸਾਡੀਆਂ ਆਵਾਜ਼ਾਂ ਸੁਣਕੇ ਉਹ ਉੱਠ ਖੜੋਤਾ। ਬਾਕੀ ਸਾਥੀਆਂ ਨੂੰ ਪਹਿਲਾਂ ਹੀ ਸਮਝਾ ਦਿੱਤਾ ਸੀ ਕਿ ਉਸ ਨਾਲ ਸਹਿਜ ਭਾਅ ਗੱਲਾਂ ਕਰਨੀਆਂ ਨੇ, ਗੁੱਸੇ ਦੇ ਰੂਪ ਵਿੱਚ ਪੇਸ਼ ਨਹੀਂ ਆਉਣਾ। ਆਲੇ-ਦੁਆਲੇ ਨਿਗਾ ਮਾਰੀ ਤਾਂ ਇੱਕ ਟੁੱਟੀ ਜਿਹੀ ਮੰਜੀ ਨਜ਼ਰ ਆਈ। ਮੁੰਡੇ ਨੇ ਉਹ ਮੰਜੀ ਡਾਹ ਦਿੱਤੀ। ਹੋਰ ਕੁਝ ਬੈਠਣ ਲਈ ਨਹੀਂ ਸੀ। ਮੁੰਡਾ ਅੰਦਰੋਂ ਆਪਣੇ ਵਾਲੀ ਮੰਜੀ ਲੈ ਆਇਆ ਅਤੇ ਸਾਡੇ ਸਾਹਮਣੇ ਬੈਠ ਗਿਆ। ਨਾਂ, ਉਮਰ, ਵਿੱਦਿਅਕ ਯੋਗਤਾ ਉਹ ਠਰੰਮੇ ਨਾਲ ਦੱਸਦਾ ਰਿਹਾ। ਫਿਰ ਉਹਨੇ ਮੇਰੇ ਵੱਲ ਮੂੰਹ ਕਰਕੇ ਕਿਹਾ, ਸਰ, ਪਾਣੀ ਲੈ ਕੇ ਆਵਾਂ?" ਉਹਦੇ ਬੋਲਣ ਦੇ ਢੰਗ ਤੋਂ ਇੰਨਾ ਕੁ ਅੰਦਾਜ਼ਾ ਲਾ ਲਿਆ ਕਿ ਮੁੰਡੇ ਨੂੰ ਸਹੀ ਰਾਹ 'ਤੇ ਲਿਆਉਣ ਲਈ ਕੀਤੀ ਕੋਸ਼ਿਸ਼ ਰੰਗ ਲਿਆ ਸਕਦੀ ਹੈ। ਉਹਦੇ ਪਾਣੀ ਲਿਆਉਣ ਵਾਲੀ ਗੱਲ ਤੇ ਮੇਰਾ ਜਵਾਬ ਸੀ, ਹਾਂ, ਲਿਆ ਪਾਣੀ, ਪੀ ਲਵਾਂਗੇ।" ਮੇਰੇ ਜਵਾਬ ਦੇ ਪ੍ਰਤੀਕਰਮ ਵਜੋਂ ਉਹ ਰਸੋਈ ਵਿੱਚ ਗਿਆ ਅਤੇ ਫਿਰ ਉਦਾਸ ਹੋ ਕੇ ਪਰਤ ਆਇਆ। ਆਉਂਦਿਆਂ ਹੀ ਬੇਵਸੀ ਜਿਹੀ ਹਾਲਤ ਵਿੱਚ ਬੋਲਿਆ, ਘਰ ਪਾਣੀ ਪਿਆਉਣ ਲਈ ਕੋਈ ਭਾਂਡਾ ਨਹੀਂ ਹੈ ਜੀ।" ਕੋਈ ਗੱਲ ਨਹੀਂ।" ਕਹਿੰਦਿਆਂ ਅਸੀਂ ਗੰਭੀਰ ਹੋ ਗਏ। ਇੱਕ ਪ੍ਰਸ਼ਨ ਵਾਰ-ਵਾਰ ਜ਼ਿਹਨ ਵਿੱਚ ਘੁੰਮ ਰਿਹਾ ਸੀ, ਅੰਨ ਦਾਤੇ ਦਾ ਘਰ ਹੈ ਅਤੇ ਰਸੋਈ ਭਾਂਡਿਆਂ ਤੋਂ ਸੱਖਣੀ ਹੈ। ਖ਼ੁਦਕੁਸ਼ੀਆਂ ਦੀ ਫ਼ਸਲ ਅਜਿਹੇ ਹਾਲਤਾਂ ਵਿੱਚ ਹੀ ਉੱਗਦੀ ਹੈ। ਸ਼ੈਰ, ਉਹਦੇ ਨਾਲ ਹੋਰ ਨਿੱਕੀਆਂ ਨਿੱਕੀਆਂ ਗੱਲਾਂ ਕਰਕੇ ਵਾਪਸ ਆ ਗਏ। ਮੇਰੇ ਵਾਂਗ ਮੇਰੇ ਸਾਥੀਆਂ ਦੇ ਚਿਹਰਿਆਂ ਤੇ ਘਰ ਦੀ ਹਾਲਤ ਵੇਖਕੇ ਘੋਰ ਉਦਾਸੀ ਛਾਈ ਹੋਈ ਸੀ।

ਮੇਰੇ ਸਾਥੀਆਂ ਨੇ ਦੋ ਦਿਨ ਲਗਾਤਾਰ ਉਸ ਮੁੰਡੇ ਨਾਲ ਸੰਪਰਕ ਰੱਖਿਆ। ਉਸ ਨੂੰ ਨਸ਼ਾ ਰਹਿਤ ਹੋਣ ਦੀ ਪ੍ਰੇਰਨਾ ਦਿੱਤੀ ਅਤੇ ਆਖ਼ਰ ਉਹਨੂੰ ਇਲਾਜ ਲਈ ਰਜ਼ਾਮੰਦ ਕਰਨ ਉਪਰੰਤ ਨਸ਼ਾ ਛੁਡਾਊ ਕੇਂਦਰ ਵਿੱਚ ਦਾਖ਼ਲ ਕਰ ਲਿਆ। ਹਫ਼ਤੇ ਕੁ ਦੀ ਮਿਹਨਤ ਉਪਰੰਤ ਸਾਰਥਿਕ ਨਤੀਜੇ ਵੀ ਸਾਹਮਣੇ ਆਉਣ ਲੱਗ ਪਏ। ਦਸ ਜਮਾਤਾਂ ਪਾਸ ਹੋਣ ਕਰਕੇ ਉਹ ਕਿਤਾਬਾਂ ਵੀ ਚੰਗੀ ਤਰਾਂ ਪੜ ਲੈਂਦਾ ਸੀ। ਸੇਧ ਮਈ ਪੁਸਤਕਾਂ ਵੀ ਉਹਨੂੰ ਸਮੇਂ ਸਮੇਂ ਸਿਰ ਪੜਨ ਲਈ ਦਿੱਤੀਆਂ ਜਾਂਦੀਆਂ ਰਹੀਆਂ। ਨੈਤਿਕ ਕਦਰਾਂ ਕੀਮਤਾਂ ਦਾ ਪਾਠ ਪੜਾਉਣ ਦੇ ਨਾਲ ਨਾਲ ਉਹਨੂੰ ਅਤੇ ਦਾਖ਼ਲ ਹੋਰ ਮਰੀਜ਼ਾਂ ਨੂੰ ਨਸ਼ਿਆਂ ਦੇ ਸਰੀਰਕ, ਆਰਥਿਕ, ਮਾਨਸਿਕ ਅਤੇ ਬੌਧਿਕ ਨੁਕਸਾਨਾਂ ਤੋਂ ਜਦੋਂ ਜਾਣੂ ਕਰਵਾਉਂਦੇ ਸਾਂ ਤਾਂ ਕਈ ਵਾਰ ਉਹਦੀਆਂ ਅੱਖਾਂ ਵਿੱਚ ਤੈਰਦੇ ਹੰਝੂ ਉਹਦੇ ਅਤੀਤ ਦੀ ਜ਼ਿੰਦਗੀ ਤੇ ਪਛਤਾਵੇ ਦੀ ਸ਼ਾਹਦੀ ਭਰਦੇ ਸਨ। ਡੇਢ ਕੁ ਮਹੀਨੇ ਦੇ ਇਲਾਜ ਉਪਰੰਤ ਉਹਦੀ ਜ਼ਿੰਦਗੀ ਨਿਰਛਲ ਪਾਣੀ ਵਰਗੀ ਸੀ। ਜਦੋਂ ਉਹਨੂੰ ਘਰ ਭੇਜਣ ਦੀ ਗੱਲ ਛਿੜਦੀ ਤਾਂ ਉਹ ਗੰਭੀਰ ਅਤੇ ਉਦਾਸ ਹੋ ਜਾਂਦਾ। ਜਦੋਂ ਉਹ ਤੋਂ ਕਾਰਨ ਜਾਨਣਾ ਚਾਹਿਆ ਤਾਂ ਉਹਨੇ ਗੱਚ ਭਰ ਕੇ ਕਿਹਾ, ਸਰ, ਮੈਨੂੰ ਤੁਹਾਡੇ ਰਾਹੀਂ ਨਵਾਂ ਜਨਮ ਮਿਲਿਆ ਹੈ। ਪਰ ਮੈਂ ਹੁਣ ਉਸ ਮਾਹੌਲ ਵਿੱਚ ਜਾਣਾ ਨਹੀਂ ਚਾਹੁੰਦਾ। ਅੱਗੇ ਵੀ ਮੈਨੂੰ ਬੁਰੀ ਸੰਗਤ ਨੇ ਹੀ ਡੋਬਿਆ ਸੀ। ਕਿਤੇ ਫਿਰ ...।" ਮੁੰਡੇ ਨੇ ਤਰਲੇ ਨਾਲ ਜਵਾਬ ਦਿੱਤਾ।

ਉਸ ਮੁੰਡੇ ਦੇ ਮਾਂ-ਬਾਪ ਨੂੰ ਬੁਲਾ ਕੇ ਉਨਾਂ ਨਾਲ ਸਲਾਹ ਕੀਤੀ। ਉਨਾਂ ਦਾ ਵੀ ਇਹੀ ਜਵਾਬ ਸੀ, ਅਸੀਂ ਤਾਂ ਆਪਣਾ ਪੁੱਤ ਸੋਨੂੰ ਸੌਂਪਤਾ ਜੀ। ਹਾੜਾ ਜੀ! ਇਹਨੂੰ ਆਪਣੀ ਨਿਗਾ ਵਿੱਚ ਹੀ ਰੱਖ ਲਓ। ਅਸੀਂ ਇਹਨੂੰ ਇੱਥੇ ਹੀ ਮਿਲ ਜਾਇਆ ਕਰਾਂਗੇ।" ਸਟਾਫ਼ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਉਸ ਨੂੰ ਬਿਰਧ ਆਸ਼ਰਮ ਵਿੱਚ ਆਸ਼ਰਿਤ ਬਜ਼ੁਰਗਾਂ ਦੀ ਸੇਵਾ ਲਈ ਰੱਖ ਲਿਆ। ਬਿਰਧ ਆਸ਼ਰਮ ਦਾ ਪ੍ਰਧਾਨ ਹੋਣ ਕਾਰਨ ਉੱਥੇ ਰੱਖਣ ਵਿੱਚ ਕੋਈ ਦਿੱਕਤ ਵੀ ਨਹੀਂ ਆਈ। ਦੋ ਸਾਲਾਂ ਤੋਂ ਉਹ ਉੱਥੇ ਬਿਰਧਾਂ ਦੀ ਦੇਖ-ਭਾਲ ਕਰ ਰਿਹਾ ਹੈ। ਕਦੇ ਕਦਾਈਂ ਮੇਰੇ ਕੋਲ ਮਿਲਣ ਵੀ ਆ ਜਾਂਦਾ ਹੈ। ਉਹਦੀ ਮਹੀਨੇ ਦੀ ਬੱਝਵੀਂ ਤਨਖ਼ਾਹ ਉਹਦੀ ਮਾਂ ਨੂੰ ਦੇ ਦਿੱਤੀ ਜਾਂਦੀ ਹੈ।

ਸੰਗਰੂਰ ਦੀ ਅਗਾਂਹ ਵਧੂ ਸ਼ਖ਼ਸੀਅਤ ਨੇ ਆਪਣੇ ਮਾਤਾ ਪਿਤਾ ਦੀ ਯਾਦ ਵਿੱਚ ਹਰ ਸਾਲ ਉਸ ਨੌਜਵਾਨ ਨੂੰ 2100 ਰੁਪਏ ਦਾ ਕੈਸ਼ ਐਵਾਰਡ ਦੇਣ ਦਾ ਐਲਾਨ ਕੀਤਾ ਹੋਇਆ ਹੈ, ਜਿਹੜਾ ਨਸ਼ਾ ਮੁਕਤ ਹੋਣ ਉਪਰੰਤ ਹੋਰਾਂ ਲਈ ਪ੍ਰੇਰਨਾ ਬਣਿਆ ਹੋਵੇ। ਇਸ ਵਰੇ ਦਾ ਇਹ ਇਨਾਮ ਕਮਲ ਨਾਂ ਦੇ ਉਸ ਨੌਜਵਾਨ ਨੂੰ ਦੇਣ ਦਾ ਐਲਾਨ ਕੀਤਾ ਗਿਆ।ਹਫ਼ਤਾ ਕੁ ਪਹਿਲਾਂ ਜਦੋਂ ਕਮਲ ਨੂੰ ਇਹ ਕੈਸ਼ ਐਵਾਰਡ ਦਿੱਤਾ ਗਿਆ ਤਾਂ ਐਵਾਰਡ ਲੈਣ ਉਪਰੰਤ ਉਹ ਝੁਕ ਕੇ ਮੇਰੇ ਪੈਰ ਛੂਹਣ ਲੱਗਿਆ ਤਾਂ ਮੈਂ ਉਹਦੇ ਦੋਨੋਂ ਹੱਥ ਘੁੱਟ ਕੇ ਫੜ ਲਏ। ਉਹਦੇ ਨੈਣਾਂ ਵਿੱਚ ਛਲਕਦੇ ਖ਼ੁਸ਼ੀ ਦੇ ਅੱਥਰੂ ਬਹੁਤ ਕੁਝ ਕਹਿ ਰਹੇ ਸਨ ਅਤੇ ਮੈਂ ਉਸ ਖਲਨਾਇਕ ਨੂੰ ਨਾਇਕ ਦੇ ਰੂਪ ਵਿੱਚ ਵੇਖ ਕੇ ਜੇਤੂ ਨਜ਼ਰਾਂ ਨਾਲ ਮੁਸਕਰਾ ਰਿਹਾ ਸਾਂ।

ਮੋਹਨ ਸ਼ਰਮਾ

# ਟੈਲੀਵਿਜ਼ਨ ਬਹਿਸਬਾਜ਼ੀ ਦਾ ਮਾਰੂ ਪੱਖ

ਬੀਤੀ 12 ਅਗਸਤ ਨੂੰ ਇਕ ਟੈਲੀਵਿਜ਼ਨ ਬਹਿਸ ਤੋਂ ਬਾਅਦ ਇਕ ਰਾਜਨੀਤਕ ਨੇਤਾ ਦੀ ਦਿਲ ਦਾ ਦੌਰਾ ਪੈਣ ਕਰਕੇ ਮੌਤ ਹੋ ਗਈ। ਭਾਵੇਂ ਮੌਤ ਦੇ ਕਾਰਨਾਂ ਬਾਰੇ ਵੱਖ ਵੱਖ ਮੱਤ ਹਨ ਪਰ ਏਸ ਨੇ ਟੀਵੀ ਬਹਿਸਾਂ ਦੇ ਮਜ਼ਬੂਨਾਂ, ਵਿਚਾਰ ਵਟਾਂਦਰੇ ਦੇ ਢੰਗਾਂ, ਬੋਲੀ ਜਾਂਦੀ ਉਤੇਜਕ ਤੇ ਜ਼ਹਿਰੀਲੀ ਸ਼ਬਦਾਵਲੀ, ਸਰੀਰਕ ਹਾਵ-ਭਾਵ, ਬਹਿਸ ਕਰਾਉਣ ਵਾਲੇ ਐਂਕਰਾਂ ਵੱਲੋਂ ਪੁੱਛੇ ਜਾਣ ਵਾਲੇ ਸਵਾਲਾਂ ਤੇ ਖ਼ਾਸ ਧਿਰਾਂ ਵੱਲ ਉਲਾਰੂ ਰੁਖ਼ ਅਪਣਾਉਣ, ਮੁੱਦਿਆਂ ਤੋਂ ਹਟ ਕੇ ਨਿੱਜੀ ਮਿਹਣੇ ਮਾਰ ਇਕ ਦੂਜੇ ਨੂੰ ਨੀਵਾਂ ਦਿਖਾਉਣ ਦੇ ਢੰਗ-ਤਰੀਕਿਆਂ ਨੇ ਹਰੇਕ ਸੰਵੇਦਨਸ਼ੀਲ ਵਿਅਕਤੀ ਨੂੰ ਸੋਚਣ ਲਈ ਮਜਬੂਰ ਕੀਤਾ ਹੈ। ਦੱਸਿਆ ਜਾਂਦਾ ਹੈ ਕਿ ਮਰਨ ਵਾਲੇ ਨੂੰ ਅਜਿਹੇ ਸ਼ਬਦ ਬੋਲੇ ਗਏ ਜੋ ਸ਼ਾਇਦ ਉਹ ਦਿਲ ਨੂੰ ਲਗਾ ਬੈਠਾ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਬਹਿਸਾਂ ਅਜਿਹਾ ਰੂਪ ਕਿਉਂ ਧਾਰ ਗਈਆਂ ਹਨ? ਕੀ ਅਜਿਹਾ ਵਰਤਾਰਾ ਸਮਾਜ ਲਈ ਠੀਕ ਹੈ ਜਾਂ ਹਾਨੀਕਾਰਕ ਹੈ? ਕੀ ਸਹਿਜਕ, ਹਲੀਮੀ ਤੇ ਤਹੱਮਲ ਭਰਪੂਰ ਸਾਰਥਿਕ ਬਹਿਸਾਂ ਦਾ ਜ਼ਮਾਨਾ ਲੱਦ ਗਿਆ ਹੈ? ਕੀ ਲੋਕਾਂ ਨੂੰ ਅਜਿਹੀਆਂ ਬਹਿਸਾਂ ਦੇਖਣੀਆਂ ਚਾਹੀਦੀਆਂ ਹਨ ਜਾਂ ਨਹੀਂ?

ਪ੍ਰਾਈਵੇਟ ਚੈਨਲਾਂ ਦਾ ਮੂਲ ਉਦੇਸ਼ ਮੁਨਾਫ਼ੇ ਹਿਤ ਕਿਸੇ ਖ਼ਾਸ ਧਿਰ, ਵਧੇਰੇ ਕਰਕੇ ਸੱਤਾਧਾਰੀ ਦੀ ਵਿਚਾਰਧਾਰਾ ਦੀ ਪੂਰਤੀ ਕਰਦੇ ਹਨ, ਭਾਵੇਂ ਕਿ ਉੱਪਰੋਂ ਨਿਰਪੱਖਤਾ ਦਾ ਦਿਖਾਵਾ ਕਰਦੇ ਹਨ। ਅਜਿਹੇ ਚੈਨਲਾਂ ਵੱਲੋਂ ਕਾਰਵਾਈਆਂ ਜਾਂਦੀਆਂ ਬਹਿਸਾਂ ਨੇ ਸਾਡੇ ਸਮਾਜ ਵਿਚ ਸਾਰਥਿਕ ਵਿਚਾਰ-ਵਟਾਂਦਰੇ ਦਾ ਦੌਰ ਲਗਭਗ ਖ਼ਤਮ ਕਰ ਦਿੱਤਾ ਹੈ ਅਤੇ ਚਾਪਲੂਸੀ ਘਰ ਕਰ ਰਹੀ ਹੈ। ਅਜੋਕੇ ਟੀਵੀ ਦੌਰ ਦਾ ਸਭ ਤੋਂ ਮਾੜਾ ਪੱਖ ਇਹ ਹੈ ਕਿ ਹੁਣ ਬਹਿਸਾਂ ਐਂਕਰ ਅਧਾਰਿਤ ਹਨ, ਨਾ ਕਿ ਗੰਭੀਰ ਪੱਤਰਕਾਰੀ ਤੇ ਫ਼ੀਲਡ ਰਿਪੋਰਟਿੰਗ 'ਤੇ ਅਧਾਰਿਤ। ਸਟੂਡੀਓਵਾਦੀ ਗਿਆਨ ਵਿਹੂਣੇ ਐਂਕਰ ਬਹਿਸਾਂ ਦੌਰਾਨ ਟੇਬਲਾਂ 'ਤੇ ਏਸ ਤਰਾਂ ਹੱਥ ਮਾਰ ਮਾਰ ਕੇ ਸਵਾਲਾਂ ਦੇ ਜਵਾਬ ਮੰਗਦੇ ਹਨ ਕਿ ਜਿਵੇਂ ਦੁਨੀਆ ਦਾ ਗਿਆਨ ਇਨਾਂ ਕੋਲ ਹੀ ਹੈ ਅਤੇ ਬਾਕੀ ਸਭ ਮੂਰਖ ਹਨ। ਕਰੋਧਿਤ ਭੜਕਾਊ, ਸਰੀਰਕ ਇਸ਼ਾਰੇ, ਉਤੇਜਨਾ ਭਰਪੂਰ ਗੈਰਮਿਆਰੀ ਤੇ ਉਜੱਡ ਭਾਸ਼ਾ ਤੇ ਬਹਿਸ ਅਧੀਨ ਗੈਰ-ਲੋਕਪੱਖੀ ਮਜ਼ਬੂਨਾਂ ਕਰਕੇ ਅੱਜ ਸਮਾਜ ਵਿਚ ਜ਼ਹਿਰ ਫੈਲ ਰਿਹਾ ਹੈ, ਜਿਸ ਦੇ ਨਤੀਜੇ ਅਜੋਕੇ ਸਮੇਂ ਤੋਂ ਛੁੱਟ ਆਉਣ ਵਾਲੀਆਂ ਨਸਲ ਵੀ ਭੁਗਤਣਗੀਆਂ। ਕਈ ਵਾਰ ਤਾਂ ਬਹਿਸ ਕਰਤਾ ਗਾਲ੍ਹੀ-ਗਲੋਚ ਕਰਦੇ ਤੇ ਘਸੁੰਨ-ਮੁੱਕੀ ਵੀ ਹੋ ਜਾਂਦੇ ਹਨ। ਅਖੌਤੀ ਰਾਸ਼ਟਰਵਾਦ, ਧਰਮ ਤੇ ਵਰਗ ਅਧਾਰਿਤ ਬਹਿਸਾਂ ਅੱਜ ਸਮਾਜ ਨੂੰ ਖੇਰੂੰ ਖੇਰੂੰ ਕਰ ਰਹੀਆਂ ਹਨ। ਸਮਾਜਿਕ ਰਿਸ਼ਤੇ ਟੁੱਟ ਰਹੇ ਹਨ। ਏਸੇ ਕਰਕੇ ਹੀ ਸ਼ਾਇਦ ਬਹੁਤ ਸਾਰੇ ਲੋਕਾਂ ਤਾਂ ਅਜਿਹੀਆਂ ਬਹਿਸਾਂ ਦੇਖਣੀਆਂ ਹੀ ਛੱਡ ਗਏ ਹਨ।

ਅਜੋਕੀ ਬਹਿਸਬਾਜ਼ੀ ਦਾ ਇਕ ਹੋਰ ਮਾਰੂ ਪੱਖ ਹੈ ਅਸਲੀਅਤ ਤੋਂ ਦੂਰੀ ਤੇ ਬੇਲੋੜੇ ਜ਼ਹਿਰੀਲੇ ਮਸਾਲੇ ਨਾਲ ਲੋਕਾਂ ਦੇ ਦਿਮਾਗ਼ ਨੂੰ ਭੈ-ਭੀਤ ਕਰਨਾ। ਸਾਡੇ ਦੇਸ਼ ਵਿਚ ਫੈਲੀ ਭਿਅੰਕਰ ਬੇਰੁਜ਼ਗਾਰੀ, ਪਰਵਾਸ ਕਰ ਰਹੀ ਜਵਾਨੀ, ਸਿੱਖਿਆ ਸਹੂਲਤਾਂ ਵਿਚ ਗਿਰਾਵਟ, ਉਦਯੋਗਿਕ ਮੰਦਹਾਲੀ, ਮਹਿੰਗਾਈ, ਰਿਸ਼ਵਤਖ਼ੋਰੀ, ਛੋਟੇ ਕਿਸਾਨਾਂ, ਮਜ਼ਦੂਰਾਂ, ਔਰਤਾਂ, ਹੋਰ ਆਮ ਇਨਸਾਨਾਂ ਦੀਆਂ ਅਸਹਿ ਤੇ ਅਕਹਿ ਪੀੜਾ ਵਾਲੀਆਂ ਸਮੱਸਿਆਵਾਂ ਤੋਂ ਪਰੇ ਕਿਸੇ ਇਕ ਕਲਾਕਾਰ ਦੀ ਖ਼ੁਦਕੁਸ਼ੀ ਉੱਪਰ ਹੀ ਲੰਬਾ ਸਮਾਂ ਕੇਂਦਰਿਤ ਰਹਿਣਾ, ਏਸ ਤੱਥ ਦਾ ਸਬੂਤ ਹੈ। ਇਨਾਂ ਟੀਵੀ ਬਹਿਸਾਂ ਦਾ ਹੋਰ ਨਾਂਹਪੱਖੀ ਪੱਖ ਹੈ ਦਰਸ਼ਕਾਂ ਨੂੰ ਇਤਿਹਾਸਕ, ਮਿਥਿਹਾਸਿਕ, ਗੈਰ-ਵਿਗਿਆਨਕ ਤੇ ਤਰਕ ਵਿਹੂਣੇ ਵਿਸ਼ਿਆਂ ਉੱਤੇ ਉਲਝਾਈ ਰੱਖਣਾਲੋੜ ਹੈ ਕਿ ਤਰਕਹੀਣ ਬਹਿਸਾਂ ਦੀ ਬਜਾਏ ਸਮਾਜ ਦੀਆਂ ਅਸਲੀ ਸਮੱਸਿਆਵਾਂ ਬਾਰੇ, ਸਰਕਾਰਾਂ ਤੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ ਤਾਂ ਜੋ ਸਮਾਜ ਸੁਯੋਗ ਢੰਗ ਨਾਲ ਅੱਗੇ ਵਧੇ ਅਤੇ ਸਾਰਥਿਕ ਬਹਿਸਾਂ ਵਿਚ ਲੋਕਾਂ ਦਾ ਵਿਸ਼ਵਾਸ ਬਣਿਆ ਰਹੇ। ਨੈਸ਼ਨਲ ਬਰਾਡਕਾਸਟਿੰਗ ਸਟੈਂਡਰਡ ਅਥਾਰਿਟੀ ਨੂੰ ਬਹਿਸਾਂ ਵਿਚ ਮਰਿਆਦਾ ਤੇ ਸ਼ਰਾਫ਼ਤ ਵਾਲੇ ਢੰਗ-ਤਰੀਕੇ ਬਣਾਈ ਰੱਖਣ ਲਈ ਆਪਣੀ ਯੋਗ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਡਾ. ਸੁਖਦੇਵ ਸਿੰਘ
*ਸਾਬਕਾ ਪ੍ਰੋਫੈਸਰ ਸਮਾਜ ਵਿਗਿਆਨ, ਪੀ.ਏ.ਯੂ., ਲੁਧਿਆਣਾ।


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com




cost plus
30 to 80
cents discount

at
TA Petro fuel station




TA TravelCenters of America

PETRO Stopping Centers

We also offer Line of Credit for Fuel Card

Additional Services with our Fuel Card

✓ National Tire Program ✓ PM & Light Mechanical

✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
SHER BESAN SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com